ਲਲਕਾਰ

ਤਬਦੀਲੀ ਪਸੰਦ ਨੌਜਵਾਨਾਂ-ਵਿਦਿਆਰਥੀਆਂ ਦੀ ਮੈਗਜ਼ੀਨ

● ਤਿਮਾਹੀ ● ਅਪ੍ਰੈਲ-ਜੂਨ 2009 ● 10 ਰੁਪਏ



'ਲਲਕਾਰ' ਬਾਰੇ ਕੁੱਝ ਮਹੱਤਵਪੂਰਨ ਨੁਕਤੇ

➤ ਭਾਰਤੀ ਇਨਕਲਾਬ ਦਾ ਰਾਹ ਕਿਰਤੀਆਂ ਦੀ ਅਗਵਾਈ 'ਚ ਸਾਮਰਾਜਵਾਦ-ਪੂੰਜੀਵਾਦ ਵਿਰੋਧੀ ਇਨਕਲਾਬ ਦਾ ਰਾਹ ਹੈ। ਇਹ ਨਵੇਂ ਸਮਾਜਵਾਦੀ ਇਨਕਲਾਬ ਦਾ ਰਾਹ ਹੈ। ਇਹ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਰਾਹ ਹੈ। ਇਨਕਲਾਬ ਬੇਆਸਿਆਂ ਦੀ ਆਸ ਹੈ। ਹਨੇਰੇ ਵਿੱਚ ਜੀਣ ਵਾਲਿਆਂ ਲਈ ਰੋਸ਼ਨੀ ਦੀ ਕਿਰਨ ਹੈ। ਮੌਤ ਦੇ ਅਵਸਾਦ ਨੂੰ ਤੋੜਨ ਵਾਲ਼ੇ ਉਤਸਵ ਦਾ ਅਹਿਲਾਦ ਹੈ। "ਲਲਕਾਰ" ਇਸ ਤੂਫਾਨ ਨੂੰ ਮੁਕਤ ਕੰਠ ਨਾਲ ਸੱਦਾ ਦਿੰਦਾ ਹੈ। "ਲਲਕਾਰ" ਇਸ ਤੂਫ਼ਾਨ ਦਾ ਅਨੰਦ ਲੈਣ ਲਈ ਸਾਰੇ ਨੌਜਵਾਨ ਤੂਫ਼ਾਨੀ ਪੰਤਰੇਲਾਂ ਨੂੰ ਨਿਉਂਦਾ ਦਿੰਦਾ ਹੈ।

➤ ਪੂਰਾ ਭਾਰਤੀ ਸਮਾਜ ਅੱਜ ਇੱਕ ਜਵਾਲਾ ਮੁਖੀ ਦੇ ਮੁੱਖ 'ਤੇ ਬੈਠਾ ਹੈ। ਹੁਣ ਇਹ ਸੱਚ ਪੂਰੀ ਤਰਾਂ ਉਜਾਗਰ ਹੋ ਚੁੱਕਾ ਹੈ ਕਿ ਰੋਗੀ-ਅਪੰਗ, ਬੁੱਢਾ-ਬੌਣਾ ਭਾਰਤੀ ਪੂੰਜੀਵਾਦ ਆਮ ਲੋਕਾਂ ਨੂੰ ਕੁੱਝ ਵੀ ਸਕਾਰਾਤਮਕ ਨਹੀਂ ਦੇ ਸਕਦਾ। ਕਿਰਤੀਆਂ ਦੀ ਜ਼ਿੰਦਗੀ ਨੂੰ ਇਸਨੇ ਲੁੱਟ-ਜਬਰ ਦੇ ਅਸਹਿ ਦੁੱਖਾਂ ਦੇ ਹਨ੍ਹੇਰੇ ਵਿੱਚ ਧੱਕ ਦਿੱਤਾ ਹੈ। ਅਥਾਹ ਦੁੱਖਾਂ ਦੇ ਸਾਗਰ ਵਿਚੋਂ ਅੱਯਾਸ਼ੀ ਦੇ ਟਾਪੂ ਅਤੇ ਵਿਲਾਸਤਾ ਦੀਆਂ ਮੀਨਾਰਾਂ, ਸੰਸਦ ਵਿੱਚ ਸਰਮਾਏਦਾਰਾਂ ਦੀਆਂ ਝੋਲੀ-ਚੱਕ ਵੋਟ-ਬਟੋਰੂ ਸਿਆਸੀ ਪਾਰਟੀਆਂ ਦਾ ਜਾਬਾਂ ਦਾ ਭੇੜ, ਵਿਦੇਸ਼ੀ ਲੁਟੇਰਿਆਂ ਨੂੰ ਲੁੱਟ ਦੀ ਖੁੱਲ੍ਹੀ ਛੁੱਟੀ, ਭ੍ਰਿਸ਼ਟਾਚਾਰ ਦੇ ਨਿੱਤ ਟੁੱਟਦੇ ਰਿਕਾਰਡ, ਸੰਵੇਦਨਾਵਾਂ ਨੂੰ ਖੁੰਢਾ ਕਰ ਰਹੇ ਵਿਗੜੇ-ਬਿਮਾਰ ਸਾਮਰਾਜਵਾਦੀ-ਪੂੰਜੀਵਾਦੀ ਸੱਭਿਆਚਾਰ ਦਾ ਧੀਮਾ ਜ਼ਹਿਰ, ਸੰਚਾਰ-ਮਾਧਿਅਮਾਂ ਉੱਪਰ ਪੂੰਜੀ ਦੀ ਸਰਬਵਿਆਪੀ ਜਕੜ, ਵਿਕਦਾ ਨਿਆਂ, ਬੇਤਹਾਸ਼ਾ ਮਹਿੰਗੀ ਹੁੰਦੀ ਜਾ ਰਹੀ ਨਿਰਾਰਥਕ-ਅਵਿਗਿਆਨਕ ਸਿੱਖਿਆ, ਮਾਮੂਲੀ ਇਲਾਜ ਦੀ ਕਮੀ ਨਾਲ ਮਰਦੇ ਲੋਕ - ਇਹੋ ਅੱਜ ਦਾ ਉਹ ਨਰਕੀ ਸੱਚ ਹੈ, ਜਿਸਨੂੰ ਫਿਲਹਾਲ, ਹਾਰੀ ਹੋਈ ਮਾਨਸਿਕਤਾ ਦੇ ਸ਼ਿਕਾਰ ਲੋਕਾਂ ਨੇ ਆਪਣੀ ਹੋਣੀ ਮੰਨ ਲਿਆ ਹੈ। ਇਸ ਨੂੰ ਬਦਲਣ ਦਾ ਰਾਹ ਇਨਕਲਾਬ ਦਾ ਰਾਹ ਹੈ। ਇਨਕਲਾਬ ਮੁਸ਼ਕਿਲ ਹੈ, ਇਨਕਲਾਬ ਦਾ ਰਾਹ ਲੰਬਾ ਹੈ, ਤਬਾਹਕੁਨ ਹੈ, ਪਰ ਇਸ ਤੋਂ ਬਿਨਾਂ ਨਵੇਂ ਦੀ ਉਸਾਰੀ ਅਸੰਭਵ ਹੈ। ਇਹੋ ਅੱਜ ਦਾ ਠੰਢਾ ਸੱਚ ਹੈ, ਨੰਗਾ ਸੱਚ ਹੈ - ਪਰ ਇਹੋ ਮੁਕਤੀਦਾਈ ਸੱਚ ਹੈ। ਇਹੋ 'ਲਲਕਾਰ' ਦਾ ਬੇਖੌਫ਼ ਐਲਾਨ ਹੈ।

ਇਸ ਅੰਕ ਵਿੱਚ

ਲਲਕਾਰ

ਤਿਮਾਹੀ

ਤਬਦੀਲੀ ਪਸੰਦ ਨੌਜਵਾਨਾਂ ਵਿਦਿਆਰਥੀਆਂ ਦਾ ਮੈਗਜ਼ੀਨ

ਸਾਲ 3, ਪੁਸਤਕ 8,
ਅਪ੍ਰੈਲ-ਜੂਨ 2009

ਸੰਪਾਦਕ ਮੰਡਲ

ਰਾਜਵਿੰਦਰ

ਨਵਕਾਸ਼ਦੀਪ

ਲਖਵਿੰਦਰ

ਇੱਕ ਕਾਪੀ ਦੀ ਕੀਮਤ

ਦਸ ਰੁਪਏ

ਸਾਲਾਨਾ

ਚਾਲੀ ਰੁਪਏ (ਡਾਕ ਖਰਚ ਸਹਿਤ ਪੰਜਾਹ ਰੁਪਏ)

ਚਿੱਠੀ-ਪੱਤਰ, ਰਚਨਾਵਾਂ ਅਤੇ ਚੰਦੇ ਭੇਜਣ ਦਾ ਪਤਾ

ਨਵਕਾਸ਼ਦੀਪ, ਗਲੀ ਨੰ. - 6 (R), ਡੋਗਰ ਬਸਤੀ, ਫਰੀਦਕੋਟ। ☎ 09780826755

e-mail-lalkaar08@rediffmail.com

ਆਪਣੀ ਗੱਲ

ਚੋਣਾਂ ਦਾ ਮੌਸਮ

'ਲਲਕਾਰ' ਦਾ ਇਹ ਅੰਕ ਤੁਹਾਡੇ ਹੱਥਾਂ 'ਚ ਪਹੁੰਚਣ ਤੱਕ ਦੇਸ਼ ਦੇ ਕਈ ਹਿੱਸਿਆ ਵਿੱਚ ਚੋਣ ਅਖਾੜਾ ਭਖ ਚੁੱਕਾ ਹੋਵੇਗਾ। 15ਵੀਂ ਲੋਕ ਸਭਾ ਲਈ ਅਪ੍ਰੈਲ ਅਤੇ ਮਈ 2009 ਦੀਆਂ ਚੋਣਾਂ ਦੇ ਦੋ ਪੜਾਵਾਂ 'ਚ ਭਾਰਤ ਦੇ ਲੋਕ ਇਸ ਗੱਲ ਦਾ ਫੈਸਲਾ ਕਰਨਗੇ ਕਿ ਦੁਨੀਆਂ ਦੇ ਸਭ ਤੋਂ ਵੱਡੇ 'ਲੋਕਤੰਤਰ' ਵਿੱਚ ਆਉਣ ਵਾਲ਼ੇ ਪੰਜ ਸਾਲ ਕਿਹੜੀ ਸਿਆਸੀ ਪਾਰਟੀ ਜਾਂ ਪਾਰਟੀਆਂ ਦਾ ਗੱਠਜੋੜ ਉਹਨਾਂ 'ਤੇ ਹਕੂਮਤ ਕਰੇਗਾ। ਹਾਂ ਇਹ ਗੱਲ ਵੱਖਰੀ ਹੈ ਕਿ ਪਿਛਲੇ ਤਜ਼ਰਬੇ ਨੂੰ ਦੇਖਦੇ ਹੋਏ 15ਵੀਂ ਲੋਕ ਸਭਾ ਦਾ ਕਾਰਜ ਕਾਲ਼ 5 ਸਾਲ ਤੋਂ ਛੋਟਾ ਵੀ ਹੋ ਸਕਦਾ ਹੈ। ਹੋ ਸਕਦਾ ਹੈ ਆਉਣ ਵਾਲ਼ੇ ਪੰਜ ਸਾਲਾਂ ਦੌਰਾਨ ਇੱਕ ਤੋਂ ਵੱਧ ਵਾਰ ਭਾਰਤੀ ਲੋਕਾਂ ਨੂੰ ਆਪਣੇ ਹਾਕਮ ਚੁਣਨ ਦਾ 'ਸੁਭਾਗ' ਪ੍ਰਾਪਤ ਹੋਵੇ।

ਚੋਣਾਵੀ ਜੋੜ-ਤੋੜ ਸ਼ੁਰੂ ਹੋ ਚੁੱਕੇ ਹਨ। ਉਹ ਲੀਡਰ ਜੋ ਕੱਲ੍ਹ ਤੱਕ ਇੱਕ ਦੂਜੇ ਨੂੰ ਪਾਣੀ ਪੀ-ਪੀ ਕੇ ਕੋਸਦੇ ਸਨ, ਇੱਕ ਦੂਜੇ ਦੀ ਭੰਡੀ ਕਰਨ ਵਿੱਚ ਕੋਈ ਕਸਰ ਨਹੀਂ ਛੱਡਦੇ ਸਨ ਅੱਜ ਗਲ਼ੇ ਮਿਲ ਰਹੇ ਹਨ। ਦੇਸ਼ ਅੰਦਰ ਤਰ੍ਹਾਂ-ਤਰ੍ਹਾਂ ਦੇ ਮੌਕਾਪ੍ਰਸਤ ਗੱਠਜੋੜ ਬਣ-ਟੁੱਟ ਰਹੇ ਹਨ। ਤ੍ਰਿਪੁਰਾ ਵਿੱਚ ਤਾਂ ਹੱਦ ਹੋ ਗਈ। ਇੱਥੇ ਪਿਛਲੇ ਦਿਨੀਂ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਮੌਕਾਪ੍ਰਸਤ ਸੀ.ਪੀ.ਆਈ (ਐਮ), ਕਾਂਗਰਸ ਅਤੇ ਬੀ.ਜੇ.ਪੀ. ਨੇ ਵੋਟ ਗੱਠਜੋੜ ਬਣਾਇਆ। ਇਹਨਾਂ ਵੋਟ ਮਦਾਰੀਆਂ ਦੀਆਂ ਡੱਡੂ ਟਪੂਸੀਆਂ ਸਾਹਮਣੇ ਤਾਂ ਮੌਕਾਪ੍ਰਸਤੀ ਸ਼ਬਦ ਵੀ ਛੋਟਾ ਪੈ ਗਿਆ ਹੈ।

ਸਾਡੇ ਦੇਸ਼ ਦੇ ਹਾਕਮ ਹੁੱਬ ਕੇ ਪ੍ਰਚਾਰਦੇ ਹਨ ਕਿ ਭਾਰਤ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਹੈ। ਕਿਸੇ ਸਮੇਂ ਅਮਰੀਕਾ ਦੇ ਰਾਸ਼ਟਰਪਤੀ ਰਹੇ ਇਬਰਾਹਿਮ ਲਿੰਕਨ ਨੇ ਕਿਹਾ ਸੀ ਕਿ 'ਲੋਕਤੰਤਰ, ਲੋਕਾਂ ਦਾ, ਲੋਕਾਂ ਲਈ ਅਤੇ ਲੋਕਾਂ ਦੁਆਰਾ ਰਾਜ ਹੈ'। ਇਬਰਾਹਿਮ ਲਿੰਕਨ ਦੁਆਰਾ ਦਿੱਤੀ ਹੋਈ ਲੋਕਤੰਤਰ ਦੀ ਪ੍ਰੀਭਾਸ਼ਾ ਜ਼ਬਰਦਸਤੀ ਸਾਡੇ ਸੰਘ ਹੇਠ ਉਤਾਰੀ ਜਾਂਦੀ ਹੈ। ਜਦ ਕਿ ਇਸ ਵਿੱਚ ਰੱਤੀ ਭਰ ਵੀ ਸੱਚ ਨਹੀਂ ਹੈ। ਆਓ ਇਸਦੀ ਪੜਤਾਲ ਕਰੀਏ।

ਹਾਕਮ ਪ੍ਰਚਾਰਦੇ ਹਨ ਕਿ ਲੋਕਤੰਤਰ ਲੋਕਾਂ ਦਾ ਰਾਜ ਹੈ। ਸਾਡੇ ਦੇਸ਼ ਦੇ 80 ਫ਼ੀਸਦੀ ਤੋਂ ਵਧੇਰੇ ਲੋਕ ਕਿਰਤੀ ਹਨ। ਇਹ ਮਜ਼ਦੂਰ, ਗਰੀਬ ਕਿਸਾਨ ਅਤੇ ਨਿੱਕੇ ਮੋਟੇ ਕਾਰੋਬਾਰਾਂ-ਨੌਕਰੀਆਂ 'ਤੇ ਲੱਗੇ ਨਿਮਨ-ਮੱਧਵਰਗ ਦੇ ਲੋਕ ਹਨ। ਸਾਡੇ ਦੇਸ਼ ਦੇ ਕਿਰਤੀ ਲੋਕ ਪੀੜ੍ਹੀ ਦਰ ਪੀੜ੍ਹੀ ਗਰੀਬੀ, ਮਹਿੰਗਾਈ, ਬੇਰੁਜ਼ਗਾਰੀ ਦੀ ਚੱਕੀ ਵਿੱਚ ਪਿਸਦੇ ਆ ਰਹੇ ਹਨ। ਜੇ ਲੋਕਤੰਤਰ ਲੋਕਾਂ ਦਾ ਹੈ ਤਾਂ ਕੀ ਵਸੋਂ ਦੀ ਇਸ ਵੱਡੀ ਬਹੁਗਿਣਤੀ ਨੂੰ ਚੁਣੇ ਜਾਣ ਦਾ ਹੱਕ ਹੈ? ਹਾਂ ਹੈ, ਸਿਰਫ਼ ਸੰਵਿਧਾਨ ਦੀ ਕਿਤਾਬ ਵਿੱਚ। ਪਰ ਹਕੀਕਤ ਵਿੱਚ ਦੇਸ਼ ਦੇ ਕਰੋੜਾਂ ਕਿਰਤੀਆਂ ਲਈ ਚੁਣੇ ਜਾਣ ਦੇ ਇਸ ਹੱਕ ਦਾ ਕੋਈ ਮਤਲਬ ਨਹੀਂ ਹੈ। ਕਿਉਂ ਕਿ ਜਿਨ੍ਹਾਂ ਚੋਣਾਂ ਵਿੱਚ ਅਰਬਾਂ ਰੁਪਇਆ ਪਾਣੀ ਵਾਂਗ ਵਹਾਇਆ ਜਾਂਦਾ ਹੈ ਉੱਥੇ ਆਮ ਇਨਸਾਨ ਇਹ ਚੋਣ ਖੇਡ ਖੇਡਣ ਦਾ ਸੁਪਨਾ ਵੀ ਨਹੀਂ ਲੈ ਸਕਦਾ।

ਇੱਕ ਨਿੱਜੀ ਏਜੰਸੀ ਦੇ ਅੰਦਾਜ਼ੇ ਮੁਤਾਬਕ ਇਸ ਵਾਰ ਹੋ ਰਹੀਆਂ ਲੋਕ ਸਭਾ ਚੋਣਾਂ ਵਿੱਚ ਲਗਭਗ 10 ਹਜ਼ਾਰ ਕਰੋੜ ਰੁਪਏ ਦਾ ਖਰਚਾ ਹੋਵੇਗਾ। ਇਹ ਖਰਚਾ ਪਿਛਲੇ ਦਿਨੀਂ ਅਮਰੀਕਾਂ ਵਿੱਚ ਹੋਈਆਂ ਰਾਸ਼ਟਰਪਤੀ ਚੋਣਾਂ ਵਿੱਚ ਹੋਏ ਖਰਚ ਤੋਂ ਵੀ ਵਧੇਰੇ ਹੈ। ਇਸੇ ਏਜੰਸੀ ਅਨੁਸਾਰ ਚੋਣਾਂ ਵਿੱਚ ਹੋ ਰਹੇ ਉਪਰੋਕਤ ਖਰਚ ਵਿੱਚੋਂ ਲਗਭਗ 2500 ਕਰੋੜ ਰੁਪਏ ਸਿਰਫ਼ ਵੋਟਾਂ ਦੀ ਖਰੀਦੋ-ਫਰੋਖ਼ਤ ਉੱਪਰ ਹੀ ਖਰਚੇ ਜਾਣਗੇ। ਦੋ ਡੰਗ ਦੀ ਰੋਟੀ ਨੂੰ ਵੀ ਮੁਹਤਾਜ਼ ਸਾਡੇ ਦੇਸ਼ ਦੀ 80 ਫ਼ੀਸਦੀ ਵਸੋਂ ਲਈ ਚੁਣੇ ਜਾਣ ਦਾ ਹੱਕ ਉਸੇ ਤਰ੍ਹਾਂ ਹੈ ਜਿਵੇਂ ਕਿਸੇ ਨੰਗ ਵਿਅਕਤੀ ਨੂੰ ਜਹਾਜ਼ ਦੀ ਸਵਾਰੀ ਦਾ ਹੱਕ ਹੋਵੇ। ਦਰਅਸਲ ਇਹ ਲੋਕਤੰਤਰ ਨਹੀਂ ਧਨਤੰਤਰ ਹੈ।

ਤਾਂ ਫਿਰ ਕੀ ਇਹ ਲੋਕਾਂ ਲਈ ਰਾਜ ਹੈ? ਕੀ ਦੇਸ਼ ਦੇ ਲੋਕਾਂ ਦੁਆਰਾ ਪਾਰਲੀਮਾਨੀ ਅਦਾਰਿਆਂ ਲਈ 'ਚੁਣੇ' ਗਏ ਨੁਮਾਇੰਦੇ ਲੋਕਾਂ ਦੇ ਹਿੱਤ ਵਿੱਚ ਕੰਮ ਕਰਦੇ ਹਨ? ਅੱਜ ਦੇ ਸਮੇਂ ਵਿੱਚ ਅਜਿਹਾ ਹੋਣ ਦਾ ਭਰਮ ਪਾਲਣਾ ਸਿਰੇ ਦੀ ਮੂਰਖਤਾ ਦੀ ਨਿਸ਼ਾਨੀ ਹੈ। ਸਾਡੇ ਦੇਸ਼ ਦੇ ਲੋਕ ਪਿਛਲੇ 60 ਸਾਲਾਂ ਤੋਂ ਵੋਟਾਂ ਦਿੰਦੇ ਆਏ ਹਨ। ਕਦੇ ਪੰਚਾਇਤ ਚੋਣਾਂ, ਕਦੇ ਮਿਊਂਸੀਪਲ ਕਾਰਪੋਰੇਸ਼ਨਾਂ/ਕਮੇਟੀਆਂ ਦੀਆਂ ਚੋਣਾਂ, ਕਦੇ ਵਿਧਾਨ ਸਭਾ ਤੇ ਕਦੇ ਲੋਕ ਸਭਾ ਦੀਆਂ ਚੋਣਾਂ। ਗੱਲ ਕੀ ਚੋਣਾਂ ਦਾ ਇੱਕ ਅਟੁੱਟ, ਅਰੁੱਕ ਸਿਲਸਿਲਾ। ਇਹਨਾਂ 60 ਸਾਲਾਂ ਦੌਰਾਨ ਸਾਡੇ ਕਿਰਤੀ ਲੋਕਾਂ ਦੀ ਹਾਲਤ ਬਦ ਤੋਂ ਬਦਤਰ ਹੀ ਹੁੰਦੀ ਗਈ ਹੈ। ਦਰਅਸਲ ਇਹ ਲੋਕਾਂ ਲਈ ਨਹੀਂ ਜੋਕਾਂ ਲਈ ਰਾਜ ਹੈ।

ਤਾਂ ਫਿਰ ਕੀ ਇਹ ਲੋਕਾਂ ਦੁਆਰਾ ਰਾਜ ਹੈ। ਸਾਡੇ ਦੇਸ਼ ਵਿੱਚ ਕਦੇ ਦੋ, ਕਦੇ ਤਿੰਨ, ਕਦੇ ਪੰਜ ਸਾਲ ਬਾਅਦ ਕਦੇ ਕੋਈ ਤੇ ਕਦੇ ਕੋਈ ਚੋਣਾਂ ਹੁੰਦੀਆਂ ਹੀ ਰਹਿੰਦੀਆਂ ਹਨ। ਦੇਸ਼ ਦੀਆਂ ਮੁੱਖ ਧਾਰਾ ਦੀਆਂ ਲਗਭਗ ਸਭ ਪਾਰਟੀਆਂ ਨੇ ਹੀ, ਕਿਸੇ ਨੇ ਸੂਬੇ ਪੱਧਰ 'ਤੇ, ਅਤੇ ਕਿਸੇ ਨੇ ਕੇਂਦਰ ਦੇ ਪੱਧਰ 'ਤੇ ਰਾਜ ਕੀਤਾ ਹੈ। ਇਹਨਾਂ ਰੰਗ ਬਰੰਗੀਆਂ ਪਾਰਟੀਆਂ ਦੇ ਰਾਜ ਅਧੀਨ ਲੋਕਾਂ ਦੀ ਦੁਰਦਸ਼ਾ ਬਰਕਰਾਰ ਰਹੀ। ਇਹਨਾਂ ਪਾਰਟੀਆਂ ਦੇ ਲੀਡਰਾਂ ਨੇ ਰੱਜ ਕੇ ਭ੍ਰਿਸ਼ਟਾਚਾਰ ਕੀਤਾ। ਦੇਸ਼ ਦੇ ਧਨ ਨੂੰ ਦੋਹੀਂ ਹੱਥੀਂ ਲੁੱਟਿਆ। ਅਰਬਾਂ ਖਰਬਾਂ ਦੀਆਂ ਜਾਇਦਾਦਾਂ ਖੜੀਆਂ ਕੀਤੀਆਂ। ਇਹਨਾਂ ਲੀਡਰਾਂ ਨੇ ਸਵਿਸ ਬੈਂਕਾਂ ਨੂੰ ਭਾਰਤ ਦੇ ਲੋਕਾਂ ਦੀ ਲੁੱਟ ਦੇ ਧਨ ਨਾਲ਼ ਉੱਛਲਣ ਲਾ ਦਿੱਤਾ।

ਇਸ ਸਭ ਦਾ ਦੋਸ਼ ਵੀ ਲੋਕਾਂ ਨੂੰ ਹੀ ਦਿੱਤਾ ਜਾਂਦਾ ਹੈ। ਅਖੇ ਲੋਕ ਹੀ ਤਾਂ ਭ੍ਰਿਸ਼ਟ ਲੀਡਰਾਂ ਨੂੰ ਚੁਣਦੇ ਹਨ। ਜੇਕਰ ਉਹ ਚੰਗੇ ਅਤੇ ਇਮਾਨਦਾਰ ਲੀਡਰਾਂ ਨੂੰ ਚੁਣਨ ਤਾਂ ਹਾਲਾਤ ਬਦਲੇ ਜਾ ਸਕਦੇ ਹਨ। ਪਰ ਸਭ ਜਾਣਦੇ ਹਨ ਕਿ ਸਾਡੇ ਦੇਸ਼ ਵਿੱਚ ਵੋਟਾਂ ਕਿਸ ਤਰ੍ਹਾਂ ਹਾਸਿਲ ਕੀਤੀਆਂ ਜਾਂਦੀਆਂ ਹਨ। ਲੋਕਾਂ ਨੂੰ ਧਰਮ, ਜਾਤ, ਫਿਰਕੇ, ਕੌਮ ਦੇ ਅਧਾਰ 'ਤੇ ਵੰਡਿਆਂ ਜਾਂਦਾ ਹੈ। ਦੰਗੇ ਭੜਕਾਏ ਜਾਂਦੇ ਹਨ। ਮੰਦਰ ਮਸਜਿਦ ਦੇ ਝਗੜੇ ਪੈਦਾ ਕਰਕੇ ਲੋਕਾਂ 'ਚ ਜਨੂੰਨ ਭਰਿਆ ਜਾਂਦਾ ਹੈ। ਦੰਗੇ ਭੜਕਾ ਕੇ ਲਾਸ਼ਾ ਦੇ ਸੱਥਰ ਵਿਛਾਏ ਜਾਂਦੇ ਹਨ ਤੇ ਫਿਰ ਇਹਨਾਂ ਲਾਸ਼ਾਂ ਉੱਪਰ ਚੱਲ ਕੇ ਉਹ ਵੋਟ ਵਟੋਰੂ ਲੀਡਰ ਰਾਜ ਸਿੰਘਾਸਣ 'ਤੇ ਬਿਰਾਜਮਾਨ ਹੁੰਦੇ ਹਨ।

ਦਰਅਸਲ ਵੋਟ ਪਰਚੀ ਸਾਡੇ ਦੇਸ਼ ਦੇ ਕਿਰਤੀ ਲੋਕਾਂ

(ਬਾਕੀ ਸਫ਼ਾ 6 'ਤੇ)

ਲੋਕ ਸਭਾ ਚੋਣਾਂ 'ਤੇ ਵਿਸ਼ੇਸ਼

ਉੱਘੇ ਕਵੀਆਂ ਦੇ ਸ਼ਬਦਾਂ ਵਿੱਚ ਲੋਕਤੰਤਰ ਦੀ ਅਸਲੀਅਤ

ਅਵਤਾਰ ਪਾਸ਼

ਮੇਰਾ ਹੁਣ ਹੱਕ ਬਣਦਾ ਹੈ

ਮੈਂ ਟਿਕਟ ਖ਼ਰਚ ਕੇ
ਤੁਹਾਡਾ ਜਮਹੂਰੀਅਤ ਦਾ ਨਾਟ ਦੇਖਿਆ ਹੈ
ਹੁਣ ਤਾਂ ਮੇਰਾ ਨਾਟਕ ਹਾਲ 'ਚ ਬਹਿ ਕੇ
ਹਾਏ ਹਾਏ ਆਖਣ ਤੇ ਚੀਕਾਂ ਮਾਰਨ ਦਾ
ਹੱਕ ਬਣਦਾ ਹੈ
ਤੁਸਾਂ ਵੀ ਆਪਣੀ ਟਿਕਟ ਦੀ ਵਾਰੀ
ਟਕੇ ਦੀ ਛੋਟ ਨਹੀਂ ਕੀਤੀ
ਤੇ ਮੈਂ ਵੀ ਆਪਣੀ ਪਸੰਦ ਦੀ ਬਾਂਹ ਫੜ ਕੇ
ਗੱਦੇ ਪਾੜ ਸੁੱਟਾਂਗਾਂ
ਤੇ ਪਰਦੇ ਪਾੜ ਸੁੱਟਾਂਗਾਂ

ਬਾਡਰ

....
ਦਰਅਸਲ
ਏਥੇ ਹਰ ਥਾਂ 'ਤੇ ਇੱਕ ਬਾਡਰ ਹੈ
ਜਿੱਥੇ ਸਾਡੇ ਹੱਕ ਖ਼ਤਮ ਹੁੰਦੇ ਹਨ
ਪਤਵੰਤੇ ਲੋਕਾਂ ਦੇ ਸ਼ੁਰੂ ਹੁੰਦੇ ਹਨ
ਤੇ ਅਸੀਂ ਹਰ ਤਰ੍ਹਾਂ ਆਜ਼ਾਦ ਹਾਂ ਇਸ ਪਾਰ–
ਗਾਹਲਾਂ ਕੱਢਣ ਲਈ
ਮੁੱਕੇ ਲਹਿਰਾਉਣ ਲਈ
ਚੋਣਾਂ ਲੜਨ ਲਈ
ਸਤਵਰਗਾਂ ਦੀ ਮੁਸਕਾਨ ਚੁੰਮਣ 'ਤੇ
ਕੋਈ ਬੰਦਸ਼ ਨਹੀਂ ਇਸ ਪਾਰ–
ਤੇ ਇਸ ਤੋਂ ਅੱਗੇ ਹੈ–
ਕਸਬਿਆਂ 'ਚ ਉੱਡਦੀ ਹੋਈ ਧੂੜ, ਪਲ਼ੀਆਂ ਹੋਈਆਂ ਜੂੰਆਂ ਦੇ ਵਾਂਗ
ਰੀਂਘਦੇ ਟਰੱਕ ਬੀ.ਐੱਸ.ਐਫ਼.ਦੇ

ਸੁਰਜੀਤ ਪਾਤਰ

ਡੂੰਘੇ ਵੈਣਾਂ ਦਾ ਕੀ ਮਿਣਨਾ

ਡੂੰਘੇ ਵੈਣਾਂ ਦਾ ਕੀ ਮਿਣਨਾ
ਤਖ਼ਤ ਦੇ ਪਾਵੇ ਮਿਣੀਏ
ਜਦ ਤੱਕ ਉਹ ਲਾਸ਼ਾਂ ਗਿਣਦੇ ਨੇ
ਆਪਾਂ ਵੋਟਾਂ ਗਿਣੀਏ

ਚੋਣ-ਨਿਸ਼ਾਨ ਸਿਵਾ ਹੈ ਸਾਡਾ
ਇਸ ਨੂੰ ਬੁਝਣ ਨਾ ਦੇਈਏ
ਚੁੱਲ੍ਹਿਆਂ ਵਿੱਚੋਂ ਕੱਢ-ਕੱਢ ਲੱਕੜਾਂ
ਇਸ ਦੀ ਅੱਗ ਵਿੱਚ ਚਿਣੀਏ

ਜਿਸ ਦੀ ਡਾਲ ਟੁੱਟੇ ਉਹ ਰੋਂਦਾ
ਬਾਕੀ ਜੰਗਲ ਚੁੱਪ ਏ
ਰੋਈਂ ਨੀ ਇਸ ਜੰਗਲ ਨੂੰ
ਤੂੰ ਬਰਸੀ ਨੀਂ ਕਿਣਮਿਣੀਏ

ਸੰਤ ਰਾਮ ਉਦਾਸੀ

ਲਲਕਾਰ–ਮਜ਼ਦੂਰ ਦੇ ਨਾਂ !

ਲੋਕੋ ਬਾਜ ਆ ਜਾਓ! ਝੂਠੇ ਲੀਡਰਾਂ ਤੋਂ,
ਇਹਨਾਂ ਦੇਸ਼ ਨੂੰ ਬਿਲੇ ਲਗਾ ਛੱਡਣੈਂ।
ਇਹਨਾਂ ਦੇਸ਼ ਦਾ ਕੁਝ ਵੀ ਛੱਡਿਆ ਨੀ,
ਇਹਨਾਂ ਥੋਨੂੰ ਵੀ ਵੇਚ ਕੇ ਖਾ ਛੱਡਣੈਂ।

ਕਾਰਖ਼ਾਨਿਆਂ ਦੀਆਂ ਕਾਲ਼ੀਆਂ ਚਿਮਨੀਆਂ ਚੋਂ,
ਸਾਡੇ ਵਲਵਲੇ ਨਿਕਲਦੇ ਧੂੰ ਬਣ ਕੇ।
ਅਫ਼ਸਰਸ਼ਾਹੀ ਦੀ ਕਾਰ ਦੇ ਵੇਗ ਮੂਹਰੇ,
ਸਾਡੇ ਉੱਡਦੇ ਅਰਮਾਨ ਨੇ ਰੂੰ ਬਣ ਕੇ।

ਅਸੀਂ ਆਪਣਾ ਸਮਝ ਕੇ ਵੋਟ ਪਾਈ,
ਇਹਨਾਂ ਵੋਟ ਦਾ ਸਿਲਾ ਵੀ ਤਾਰਿਆ ਨਾ।
ਸਾਨੂੰ ਮਹਿੰਗ ਉਬਾਲਿਆ ਦੁੱਧ ਵਾਗੂੰ,
ਇਹਨਾਂ ਪਾਣੀ ਦਾ ਛੱਟਾ ਵੀ ਮਾਰਿਆ ਨਾ।

ਇਹ ਦੇਸ਼ ਦੀ ਪੂੰਜੀ ਨੂੰ ਨਾਗ ਬਣ ਕੇ,
ਆਪੂੰ ਸਾਂਭ ਲੈਂਦੇ ਆਪੂੰ ਖੱਟ ਜਾਂਦੇ।
ਵਾਅਦੇ ਕਰਦੇ ਕੱਚੇ ਮਹਿਬੂਬ ਵਾਂਗੂ,
ਆਪੇ ਥੁੱਕ ਜਾਂਦੇ ਆਪੇ ਚੱਟ ਜਾਂਦੇ।

ਸੀਨਾ ਜ਼ੋਰੀਆਂ ਨੇ ਹਿਰਦੇ ਸਾੜ ਸੁੱਟੇ,
ਸੜਿਆਂ ਹੋਇਆਂ ਦੀ ਆਓ ਸੰਭਾਲ ਕਰੀਏ।
ਜਿਹਨੂੰ ਰਾਠ ਉਧਾਲ ਕੇ ਲੈ ਗਏ ਨੇ,
ਆਪਣੀ ਕਿਸਮਤ ਦੀ ਆਓ ਪੜਤਾਲ ਕਰੀਏ।

ਕੁੱਤੇ ਜਿਹੀ ਇਨਸਾਨ ਦੀ ਕਦਰ ਹੈ ਨਾ,
ਅੱਗੋਂ ਮੰਗਦੇ ਨੇ ਸਾਥੋਂ ਵਫ਼ਾਦਾਰੀ।
ਜਾਂ ਤਾਂ ਅਸੀਂ ਹੀ ਰਹਾਂਗੇ ਦੇਸ਼ ਅੰਦਰ,
ਜਾਂ ਫਿਰ ਰਹੇਗੀ ਇੱਥੇ ਸਰਮਾਏਦਾਰੀ।

ਅਸੀਂ ਆਪਣਿਆਂ ਢਿੱਡਾਂ ਦੀ ਮੰਗ ਲੈ ਕੇ,
ਨਿੱਤਰ ਆਏ ਹਾਂ ਏਕੇ ਦੀ ਲਾਮ ਉੱਤੇ।
ਲਾਰੇ ਵੇਖ ਕੇ ਇਹਨਾਂ ਮੁਸਾਹਿਬਾਂ ਦੇ,
ਨੀਝ ਲੱਗੀ ਏ ਹੁਣ ਤਾਂ ਸੰਗਰਾਮ ਉੱਤੇ।

ਜੇਕਰ ਅੱਜ ਨਾ ਹੱਕਾਂ ਦੀ ਗੱਲ ਕੀਤੀ,
ਸਾਰੇ ਬੱਚਿਆਂ ਦੇ ਵਿਹਨੈਂ ਚੋਹਲ ਜਲਦੇ।
ਖੇਤਾਂ ਵਿੱਚ ਕਿਸਾਨ ਦੇ ਬੋਹਲ ਜਲਦੇ,
ਮੇਰੇ ਗੀਤ ਜਲਦੇ, ਮੇਰੇ ਘੋਲ ਜਲਦੇ।

ਪੂੰਜੀਵਾਦ ਦੇ ਗੁਪਤ ਰੋਗ ਮਾਹਿਰ

● **ਸ਼ਿਸ਼ਿਰ**

ਸੰਸਾਰ ਵਿਆਪੀ ਆਰਥਿਕ ਸੰਕਟ ਤੋਂ ਸ਼ਾਇਦ ਹੀ ਕੋਈ ਅਣਜਾਣ ਹੋਵੇ। ਹਰ ਰੋਜ਼ ਅਖਬਾਰਾਂ ਵਿੱਚ ਇਸ ਸੰਕਟ ਤੋਂ ਹੋਣ ਵਾਲ਼ੀ ਉਥਲ-ਪੁਥਲ ਬਾਰੇ ਛਪਦਾ ਰਹਿੰਦਾ ਹੈ। ਕਦੇ ਕਿਸੇ ਬੈਂਕ ਦੇ ਤਬਾਹ ਹੋਣ ਦੀ ਗੱਲ ਆਉਂਦੀ ਹੈ ਤੇ ਕਦੇ ਨਿਵੇਸ਼ਕਾਂ ਦੇ ਤਬਾਹ ਹੋਣ ਅਤੇ ਸਨਅਤੀ ਉਤਪਾਦਨ ਘੱਟਣ ਦੀ ਖ਼ਬਰ। ਬਿਨਾਂ ਸ਼ੱਕ, 2007 ਵਿੱਚ ਅਮਰੀਕਾ ਤੋਂ ਸ਼ੁਰੂ ਹੋਈ ਇਸ ਮੰਦੀ ਨੇ ਸਾਰੇ ਪੂੰਜੀਵਾਦੀ ਸੰਸਾਰ ਨੂੰ ਜੜ੍ਹ ਤੋਂ ਹਿਲਾ ਕੇ ਰੱਖ ਦਿੱਤਾ ਹੈ। ਇਸ ਮੰਦੀ ਦਾ ਕਾਰਨ ਪੂੰਜੀਵਾਦ ਦਾ ਉਹ ਘਿਰਣਾਯੋਗ ਨੀਚ ਰੱਹਸ ਹੈ ਜਿਸ ਵਜੋਂ ਉਹ ਇੱਕ ਪਾਸੇ ਅਬਾਦੀ ਦੀ ਬਹੁਗਿਣਤੀ ਹਿੱਸੇ ਨੂੰ ਵੱਧ ਤੋਂ ਵੱਧ ਉਤਪਾਦਨ ਕਰਨ ਅਤੇ ਮੁਨਾਫ਼ਾ ਕੁੱਟਣ ਦੀ ਲਾਲਸਾ ਵਿੱਚ ਖਰੀਦ ਸ਼ਕਤੀ ਤੋਂ ਵਾਂਝਾ ਰੱਖਦਾ ਹੈ। ਇਸਦਾ ਨਤੀਜਾ ਇਹ ਹੁੰਦਾ ਹੈ ਕਿ ਉਤਪਾਦਾਂ ਨੂੰ ਖਰੀਦਣ ਲਈ ਖਰੀਦਾਰ ਨਹੀਂ ਬੱਚਦੇ। ਕਿਉਂਕਿ ਅਬਾਦੀ ਕੋਲ ਜਿੰਨੀ ਕੁ ਖਰੀਦ ਸ਼ਕਤੀ ਹੁੰਦੀ ਹੈ ਉਹ ਪੂਰੇ ਉਤਪਾਦਨ ਨੂੰ ਸਮੋ ਸਕਣ ਵਿੱਚ ਨਾਕਾਫ਼ੀ ਹੁੰਦੀ ਹੈ। ਪਹਿਲਾਂ ਇਹ ਮੁਨਾਫ਼ਾ ਅਸਲ ਅਰਥਚਾਰੇ ਵਿੱਚੋਂ ਆਉਂਦਾ ਸੀ, ਭਾਵ ਕਿ ਅਸਲ ਵਸਤੂਆਂ ਦੇ ਉਤਪਾਦਨ ਦੇ ਅਰਥਚਾਰੇ ਵਿੱਚੋਂ। ਪਰ 19ਵੀਂ ਸਦੀ ਦੇ ਦੂਜੇ ਅੱਧ ਵਿੱਚ ਪੂੰਜੀਵਾਦ ਦੇ ਆਪਣੀ ਅੰਤਲੀ ਮੰਜਿਲ ਸਾਮਰਾਜਵਾਦ ਵਿੱਚ ਦਾਖਲ ਹੋ ਜਾਣ ਨਾਲ਼ ਵਿੱਤੀ ਪੂੰਜੀ ਨੇ ਪੂੰਜੀਵਾਦ ਦੇ ਇੰਜਣ ਦੀ ਚਾਲਕ ਸੀਟ ਹਾਸਿਲ ਕਰ ਲਈ ਅਤੇ ਪੂੰਜੀਵਾਦ ਦੀ ਕਿਸਮਤ ਦੀ ਸੰਚਾਲਕ ਬਣ ਗਈ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਵਾਲ਼ੇ ਸਮੇਂ ਵਿੱਚ ਵਿੱਤੀ ਪੂੰਜੀ ਦਾ ਗੈਰ-ਉਤਪਾਦਕ ਚਰਿੱਤਰ ਹੈਰਾਨ ਕਰ ਦੇਣ ਵਾਲ਼ੀ ਰਫ਼ਤਾਰ ਨਾਲ਼ ਵਧਿਆ। ਪੂੰਜੀ ਦਾ ਵੱਡੇ ਤੋਂ ਵੱਡਾ ਹਿੱਸਾ ਸ਼ੇਅਰ ਮਾਰਕਿਟ, ਵਿਗਿਆਪਨ ਜਗਤ ਅਤੇ ਸੱਟੇਬਾਜ਼ੀ ਵਿੱਚ ਲੱਗਣ ਲੱਗਿਆ। ਉਤਪਾਦਕ ਪੂੰਜੀ ਦਾ ਅਨੁਪਾਤ ਕੁੱਲ ਪੂੰਜੀ ਵਿੱਚ ਘੱਟਦੇ ਹੋਏ ਅੱਜ 10 ਤੋਂ 20 ਫੀਸਦੀ ਰਹਿ ਗਿਆ ਹੈ।

ਦੂਜੇ ਵਿਸ਼ਵ ਯੁੱਧ ਤੋਂ ਬਾਅਦ ਵਾਧੂ ਉਤਪਾਦਨ ਨੂੰ ਖਪਾਉਣ ਦਾ ਇੱਕ ਤਰੀਕਾ ਸਾਮਰਾਜਵਾਦ ਨੇ ਕੱਢਿਆ। ਇਹ ਸੀ ਉਪਭੋਗਤਾਵਾਂ ਨੂੰ ਕਰਜ਼ ਦੇ ਕੇ ਉਪਭੋਗ ਕਰਵਾਉਣਾ ਅਤੇ ਉਸ ਕਰਜ਼ ਦੇ ਵਿਆਜ ਤੋਂ ਮੁਨਾਫ਼ਾ ਕਮਾਉਣਾ। ਅਜਿਹੇ ਵਿੱਚ ਇੱਕ ਵਿੱਤੀ ਮੰਡੀ ਦਾ ਸਾਹਮਣੇ ਆਉਣਾ ਲਾਜ਼ਿਮੀ ਸੀ। ਹੁਣ ਵਿੱਤੀ ਪੂੰਜੀ ਉਤਪਾਦਨ ਨੂੰ ਹੀ ਸੰਚਾਲਿਤ ਨਹੀਂ ਕਰ ਰਹੀ ਸੀ। ਕਰਜ਼ ਵੀ ਇੱਕ ਜਿਣਸ ਬਣ ਗਿਆ ਅਤੇ ਉਸੇ ਤਰ੍ਹਾਂ ਵਿੱਤੀ ਮੰਡੀ ਵਿੱਚ ਵਿਕਣ ਲੱਗਿਆ ਜਿਵੇਂ ਜਿਣਸਾਂ ਦੀ ਮੰਡੀ ਵਿੱਚ ਜਿਣਸਾਂ ਵਿਕਦੀਆਂ ਹਨ। ਪਰ ਇਸ ਮੰਡੀ ਵਿੱਚ ਵੀ ਵੇਲ਼ੇ-ਕੁਵਲ਼ੇ ਉਹੀ ਸੰਕਟ ਆਉਣਾ ਸੀ ਜੋ ਜਿਣਸਾਂ ਦੀ ਮੰਡੀ ਵਿੱਚ ਪਹਿਲਾਂ ਹੀ ਆ ਚੁੱਕਾ ਸੀ। ਇਹ ਸੀ ਪੂੰਜੀ ਦੀ ਬਹੁਤਾਤ, ਜਿਸ ਨੂੰ ਜਿਣਸਾਂ ਦੀ ਮੰਡੀ ਦੇ ਮਾਮਲੇ ਵਿੱਚ ਅਸੀਂ ਅਤਿ-ਉਤਪਾਦਨ ਕਹਿੰਦੇ ਹਾਂ। ਮੌਜੂਦਾ ਸੰਕਟ ਵਿੱਤੀ ਪੂੰਜੀ ਵਿੱਚ ਪਹਿਲਾਂ ਤਾਂ ਪੂੰਜੀ ਦੀ ਬਹੁਤਾਤ ਦੇ ਸੰਕਟ ਦੇ ਰੂਪ ਵਿੱਚ ਸਾਹਮਣੇ ਆਇਆ ਅਤੇ ਹੁਣ ਹੋਰ ਭਿਅੰਕਰ ਰੂਪ ਵਿੱਚ ਮੁਦਰਾ ਦੀ ਕਮੀ ਦੇ ਰੂਪ ਵਿੱਚ ਸਾਹਮਣੇ ਆਇਆ। ਵਜ੍ਹਾ ਇਹ ਹੈ ਕਿ ਹੁਣ ਲੋਕਾਂ ਕੋਲ ਏਨੀ ਖਰੀਦ ਸ਼ਕਤੀ ਵੀ ਨਹੀਂ ਰਹਿ ਗਈ ਹੈ ਕਿ ਉਹ ਵਿੱਤੀ ਪੂੰਜੀ ਦੈਂਤਾ ਨੂੰ ਵਿਆਜ ਦੀ ਸ਼ਕਲ ਵਿੱਚ ਮੁਨਾਫ਼ਾ ਦੀ ਨਿਯਮਤ ਤੌਰ 'ਤੇ ਪੂਰਤੀ ਕਰ ਸਕਣ। ਨਤੀਜੇ ਵਜੋਂ ਲੋਕਾਂ ਨੇ ਕਰਜ਼ ਲੈ ਕੇ ਖਰੀਦਦਾਰੀ ਤਾਂ ਕੀਤੀ ਪਰ ਉਸ ਕਰਜ਼ ਨੂੰ ਵਾਪਸ ਨਾ ਕਰ ਸਕੇ। ਲਿਹਾਜਾ, ਸਾਰੀ ਪੂੰਜੀ ਵਸਤੂ-ਰੂਪ ਗ੍ਰਹਿਣ ਕਰਕੇ ਬੈਠ ਗਈ ਅਤੇ ਬੈਂਕਾਂ ਤੇ ਵਿੱਤੀ ਸੰਸਥਾਨਾਂ ਕੋਲ ਤਰਲਤਾ ਦਾ ਸੰਕਟ ਪੈਦਾ ਹੋ ਗਿਆ, ਜਿਸਦਾ ਅਰਥ ਹੈ ਮੁਦਰਾ ਪੂੰਜੀ ਦੀ ਕਮੀ। ਪਰ ਸਾਫ਼ ਤੌਰ 'ਤੇ ਦੇਖਿਆ ਜਾ ਸਕਦਾ ਹੈ ਕਿ ਇਹ ਮੂਲ ਤੌਰ 'ਤੇ ਪੂੰਜੀਵਾਦ ਦੇ ਉਸੇ ਗੁਪਤ ਰੋਗ ਵਜੋਂ ਪੈਦਾ ਹੋਇਆ ਹੈ ਜਿਸਦਾ ਇਲਾਜ ਪੂੰਜੀਵਾਦ ਦੇ ਪਹਿਲੇ ਵੱਡੇ ਗੁਪਤ ਰੋਗ ਮਾਹਿਰ ਕੀਨਜ ਨੇ ਕਰਨ ਦੀ ਅਸਫ਼ਲ ਕੋਸ਼ਿਸ਼ ਕੀਤੀ ਸੀ। ਦਰਅਸਲ, ਪੂੰਜੀਵਾਦ ਦੀ ਅੰਨੀ ਹਵਸ ਉਸਨੂੰ ਇਸ ਗੁਪਤ ਰੋਗ ਤੋਂ ਮੁਕਤ ਨਹੀਂ ਹੋਣ ਦਿੰਦੀ। ਇਹ ਪੂੰਜੀਵਾਦ ਦਾ ਸੁਭਾਅ ਹੈ। ਗੁਪਤ ਰੋਗ ਮਾਹਿਰ ਇਸ ਉੱਤੇ ਸਿਰਫ਼ ਸਬਰ ਦੀ ਰਾਏ ਦੇ ਸਕਦੇ ਹਨ। ਸਬਰ ਵਰਤਣਾ ਜਾਂ ਨਾ ਵਰਤਣਾ ਤਾਂ ਪੂੰਜੀਵਾਦ ਦੇ ਹੱਥਾਂ ਵਿੱਚ ਹੁੰਦਾ ਹੈ। ਇਤਿਹਾਸ ਦੱਸਦਾ ਹੈ ਕਿ ਥੋੜਾ ਬਹੁਤ ਸਬਰ ਵਰਤਣ ਤੋਂ ਬਾਅਦ ਹੀ ਫਿਰ ਉਸਦੇ ਸਬਰ ਦਾ ਬੰਨ ਟੁੱਟ ਜਾਂਦਾ ਹੈ ਅਤੇ ਫਿਰ ਉਹ ਆਪਣੀ ਹਵਸ ਵਿੱਚ ਅੰਨ੍ਹਾ ਹੋ ਕੇ ਉਸੇ ਕੰਮ ਵਿੱਚ ਲੱਗ ਜਾਂਦਾ ਹੈ ਜਿਸ ਵਜੋਂ ਉਸਨੂੰ ਗੁਪਤ ਰੋਗਾਂ ਦੀ ਮਾਰ ਝੱਲਣੀ ਪੈਂਦੀ ਹੈ।

ਅੱਜ ਦੇ ਗੁਪਤ ਰੋਗ ਮਾਹਿਰਾਂ ਦੀ ਨਵੀਂ ਪੀੜ੍ਹੀ ਵੀ ਇਹੋ ਕੰਮ ਕਰ ਰਹੀ ਹੈ। ਇਸ ਵਿੱਚ ਕਈ ਪ੍ਰਕਾਰ ਦੇ ਗੁਪਤ ਰੋਗ ਮਾਹਿਰ ਹਨ। ਕੁੱਝ ਸ਼ਾਹੀ ਸ਼ਫ਼ਾਖਾਨਾ ਖੋਲ੍ਹ ਕੇ ਬੈਠੇ ਹਨ ਅਤੇ ਇਲਾਜ ਦੀ ਗਰੰਟੀ ਦਾ ਦਾਅਵਾ ਕਰ ਰਹੇ ਹਨ। ਕੁੱਝ ਥੋੜ੍ਹੇ ਵੱਧ ਸਿੱਖਿਅਤ ਹਨ ਜੋ ਵੈਨਰਲ ਡਿਜੀਜ ਸੈਂਟਰ ਖੋਲ੍ਹ ਕੇ ਬੈਠੇ ਹਨ। ਪਰ ਸਭ ਦੀ ਸਲਾਹ ਇੱਕ ਹੀ ਹੈ-ਸਵੈ-ਸਬਰ। ਕਿਉਂਕਿ ਉਹ ਹੀ ਜਾਣਦੇ ਹਨ ਕਿ ਇਸ ਬਿਮਾਰੀ ਦਾ ਕੋਈ ਇਲਾਜ ਮੌਜੂਦ ਨਹੀਂ ਹੈ।

ਅਜਿਹੇ ਹੀ ਇੱਕ ਪ੍ਰਮੁੱਖ ਗੁਪਤ ਰੋਗ ਮਾਹਿਰ ਹਨ ਜੋਸਫ਼ ਸਟਿਗਲਿਟਜ, ਉਹ ਅੱਜ ਦੇ ਜਮਾਨੇ ਦੇ ਮਸ਼ਹੂਰ ਅਰਥਸ਼ਾਸਤਰੀ ਹਨ ਅਤੇ ਗੁਪਤ ਰੋਗਾਂ ਦੇ ਇਲਾਜ ਵਿੱਚ ਇਨ੍ਹਾਂ ਦੀਆਂ ਸੇਵਾਵਾਂ ਲਈ ਇਨ੍ਹਾਂ ਨੂੰ ਪੂੰਜੀਪਤੀਆਂ ਨੇ ਨੋਬਲ ਪੁਰਸਕਾਰ ਨਾਲ਼ ਨਿਵਾਜਿਆ ਹੈ। ਜੋਸਫ਼ ਸਟਿਗਲਿਟਸ ਮੰਦੀ ਸ਼ੁਰੂ ਹੋਣ ਤੋਂ ਪਹਿਲਾਂ ਭਾਰਤ ਆਏ ਸਨ। ਇੱਕ ਭਾਸ਼ਣ ਵਿੱਚ ਉਨ੍ਹਾਂ ਨੇ ਮੰਦੀ ਅਤੇ ਪੂੰਜੀਵਾਦ ਦੇ ਭਵਿੱਖ ਬਾਰੇ ਦੱਸਦੇ ਹੋਏ ਕਿਹਾ ਕਿ ਮੰਦੀ ਪੂੰਜੀਵਾਦ ਦਾ ਅੰਤ ਨਹੀਂ ਕਰੇਗੀ। ਪਰ ਇਸਦੇ ਲਈ ਪੂੰਜੀਵਾਦ ਨੂੰ ਚਾਹੀਦਾ ਹੈ ਕਿ ਥੋੜ੍ਹਾ ਸਬਰ ਵਰਤੇ। ਮੁਨਾਫ਼ਾ ਕਮਾਉਣ ਦੀ ਹਵਸ ਨੂੰ ਪੂਰੀ ਤਰ੍ਹਾਂ ਬੇਲਗਾਮ ਨਾ ਛੱਡੇ। ਸਟਿਗਲਿਟਸ ਸਾਹਿਬ ਨੇ ਦੱਸਿਆ ਕਿ ਜੇਕਰ ਪ੍ਰਬੰਧਕ ਏਜੰਸੀਆਂ ਨੂੰ ਠੀਕ ਠਾਕ ਕਰ ਦਿੱਤਾ ਜਾਵੇ ਅਤੇ ਸਰਕਾਰ ਕੁੱਝ ਖੇਤਰਾਂ ਨੂੰ ਮੰਡੀ ਦੀਆਂ ਅੰਨੀਆਂ ਤਾਕਤਾਂ ਦੇ ਰਹਿਮ ਉੱਤੇ ਨਾ ਛੱਡ ਦੇਵੇ ਤਾਂ ਪੂੰਜੀਵਾਦ ਟਿਕਿਆ ਰਹਿ ਸਕਦਾ

ਹੈ। ਯਾਦ ਹੋਵੇਗਾ ਕਿ ਇਹ ਸਾਹਬ ਵਿਸ਼ਵੀਕਰਨ ਦੇ ਮਨੁੱਖੀ ਚਹਿਰੇ ਦੀ ਗੱਲ ਕਰਦੇ ਹਨ ਅਤੇ ਦੁਨੀਆਂ ਭਰ ਦੀਆਂ ਸਰਕਾਰਾਂ ਅਤੇ ਵਿੱਤੀ ਏਜੰਸੀਆਂ ਨੂੰ ਵਿਸ਼ਵੀਕਰਨ ਨੂੰ ਕਾਰਗਰ ਬਣਾਉਣ ਦੇ ਨੁਸਖੇ ਦੱਸਦੇ ਹਨ। ਇਨ੍ਹਾਂ ਦੀ ਇੱਕ ਪੁਸਤਕ ਦਾ ਨਾਂ ਹੀ *ਮੇਕਿੰਗ ਗਲੋਬਲਾਈਜੇਸ਼ਨ ਵਰਕ* ਹੈ। ਇਹ ਪੂੰਜੀਵਾਦ ਲਈ ਇੱਕ ਚੰਗੇ ਗੁਪਤ ਰੋਗ ਮਾਹਿਰ ਸਾਬਿਤ ਹੋਏ ਹਨ।

ਇੱਕ ਹੋਰ ਪ੍ਰਮੁੱਖ ਗੁਪਤ ਰੋਗ ਮਾਹਿਰ ਬਾਰੇ ਅਸੀਂ ਮਾਣ ਨਾਲ਼ ਕਹਿ ਸਕਦੇ ਹਾਂ ਕਿ ਉਹ ਸਾਡੇ ਮਹਾਨ ਦੇਸ਼ ਨਾਲ਼ ਸਬੰਧ ਰੱਖਦੇ ਹਨ। ਇਨ੍ਹਾਂ ਨੂੰ ਵੀ ਇਹਨਾਂ ਦੀਆਂ ਇਲਾਜ ਸਬੰਧੀ ਸੇਵਾਵਾਂ ਲਈ ਨੋਬਲ ਪੁਰਸਕਾਰ ਨਾਲ਼ ਨਿਵਾਜਿਆ ਗਿਆ ਹੈ। ਜੀ ਹਾਂ, ਅਸੀਂ ਮਹਾਨ ਵੈਦ, ਮਾਫ਼ ਕਰਨਾ, ਅਰਥਸ਼ਾਸਤਰੀ ਅਮਰਤਯ ਸੇਨ ਦੀ ਗੱਲ ਕਰ ਰਹੇ ਹਾਂ। ਉਹ ਤਾਂ ਪੂੰਜੀਵਾਦ ਨੂੰ ਹੋਰ ਵੀ ਜ਼ਿਆਦਾ ਸੰਤ ਬਣ ਜਾਣ ਦੀ ਸਲਾਹ ਦਿੰਦੇ ਹਨ ਅਤੇ ਮੰਡੀ ਵਿੱਚ ਸਰਕਾਰੀ ਦਖ਼ਲਅੰਦਾਜ਼ੀ ਦੀ ਵਕਾਲਤ ਕਰਦੇ ਹਨ। ਅਮਰਤਯ ਸੇਨ ਕਲਾਸਿਕੀ ਗੁਪਤ ਰੋਗ ਵਿਗਿਆਨ ਨਾਲ਼ ਸਬੰਧ ਰੱਖਦੇ ਹਨ। ਉਨ੍ਹਾਂ ਨੇ ਪੂੰਜੀਵਾਦ ਦੇ ਦਾਇਰੇ ਵਿੱਚ ਰਹਿੰਦੇ ਹੋਏ ਗਰੀਬੀ ਅਤੇ ਬੇਰੁਜਗਾਰੀ ਜਿਹੇ ਰੋਗਾਂ ਉੱਤੇ ਕਾਬੂ ਪਾਉਣ ਲਈ ਹੈਰਾਨ ਕਰ ਦੇਣ ਵਾਲ਼ੀਆਂ ਕਿਤਾਬਾਂ ਲਿਖੀਆਂ ਹਨ। ਇਨ੍ਹਾਂ ਨੇ ਵੀ ਇਸ ਮੰਦੀ ਉੱਤੇ ਦਿੱਤੇ ਭਾਸ਼ਣ ਵਿੱਚ ਸਰਕਾਰ ਨੂੰ ਚੇਤਾਵਨੀ ਦਿੱਤੀ ਹੈ ਕਿ ਜੇਕਰ ਜਨਤਕ ਖੇਤਰਾਂ ਵਿੱਚ ਖਰਚ ਨਾ ਵਧਾਇਆ ਤਾਂ ਗੁਪਤ ਰੋਗ ਦੇ ਕੀ ਨਤੀਜੇ ਨਿਕੱਲ ਸਕਦੇ ਹਨ।

ਪਰ, ਪੂੰਜੀਵਾਦ ਦੇ ਗੁਪਤ ਰੋਗਾਂ ਦੇ ਇਲਾਜ ਲਈ ਰਿਸਰਚ ਐਂਡ ਡੈਵੇਲਪਮੈਂਟ (R&D) ਵਿੰਗ ਵਿੱਚ ਤਾਂ ਹੋਰ ਹੀ ਯੋਧੇ ਕੰਮ ਕਰ ਰਹੇ ਹਨ। ਇਹ ਹਨ ਨਕਲੀ ਖੱਬੇਪੱਖੀ ਅਰਥਸ਼ਾਸਤਰੀ, ਜਿਵੇਂ ਕਿ ਪ੍ਰਭਾਤ ਪਟਨਾਇਕ, ਉਤਸਾ ਪਟਨਾਇਕ, ਸੀ. ਪੀ. ਚੰਦਰਸ਼ੇਖਰ, ਜਯਤੀ ਘੋਸ਼ ਆਦਿ। ਇਨ੍ਹਾਂ ਲੋਕਾਂ ਨੇ ਜੋ ਜ਼ਬਰਦਸਤ ਸੇਵਾਵਾਂ ਪ੍ਰਦਾਨ ਕੀਤੀਆਂ ਹਨ ਹੁਣ ਤੱਕ ਉਨ੍ਹਾਂ ਨੂੰ ਉਹਨਾਂ ਵਾਸਤੇ ਨੋਬਲ ਪੁਰਸਕਾਰ ਨਹੀਂ ਦਿੱਤਾ ਗਿਆ ਹੈ। ਪਰ, ਉਮੀਦ ਕੀਤੀ ਜਾ ਸਕਦੀ ਹੈ ਕਿ ਬੁੱਢੇ ਹੁੰਦੇ ਹੁੰਦੇ ਉਨ੍ਹਾਂ ਨੂੰ ਵੀ ਮਿਲ ਜਾਵੇਗਾ। ਮਾਰਕਸਵਾਦੀ ਅਰਥਸ਼ਾਸਤਰ ਦੇ ਇਸ ਗਿਆਨ ਦਾ ਪੂੰਜੀਵਾਦੀ ਸੱਤ੍ਹਾ ਅੱਜਕਲ ਕਾਫ਼ੀ ਇਸਤੇਮਾਲ ਕਰ ਰਹੀ ਹੈ। ਯਾਦ ਹੋਵੇਗਾ ਕਿ ਆਰਥਿਕ ਸੰਕਟ ਨਾਲ਼ ਨਿਪਟਣ ਲਈ ਸੰਯੁਕਤ ਰਾਸ਼ਟਰ ਸੰਘ ਨੇ ਇੱਕ ਉੱਚ ਪੱਧਰੀ ਕਮੇਟੀ ਦਾ ਗਠਨ ਕੀਤਾ ਹੈ। ਇਸ ਵਿੱਚ ਚਾਰ ਮੈਂਬਰ ਹਨ ਜਿਨ੍ਹਾਂ ਵਿੱਚੋਂ ਇੱਕ ਪ੍ਰਭਾਤ ਪਟਨਾਇਕ ਹਨ। ਕੱਲ ਤੱਕ ਪੂੰਜੀਵਾਦ ਦੀ ਆਰਥਿਕ ਅਲ਼ੋਚਨਾ ਕਰਨ ਵਾਲ਼ੇ ਮਾਰਕਸਵਾਦੀ ਅਰਥਸ਼ਾਸਤਰੀ ਅੱਜ ਪੂੰਜੀਵਾਦ ਨੂੰ ਉਸਦੇ ਸੰਕਟ ਤੋਂ ਨਿਜਾਤ ਪਾਉਣ ਦੇ ਨੁਸਖੇ ਦੱਸਣਗੇ। ਧਿਆਨਦੇਣ ਯੋਗ ਹੈ ਕਿ ਇਸ ਕਮੇਟੀ ਦੇ ਪ੍ਰਧਾਨ ਜੋਸਫ਼ ਸਟਿਗਲਿਟਸ ਹਨ। ਇਹ ਹੈ ਸੋਧਵਾਦੀ ਮਾਰਕਸਵਾਦੀਆਂ ਦੀ ਅਸਲੀ ਨਸਲ। ਇਨ੍ਹਾਂ ਨੇ ਸੱਚਮੁੱਚ ਹੀ ਸਾਬਤ ਕਰ ਦਿੱਤਾ ਹੈ ਕਿ ਇਹ ਪੂੰਜੀਵਾਦ ਦੀ ਅੰਤਲੀ ਸੁਰੱਖਿਆ ਪੰਕਤੀ ਹਨ। ਇਸ ਤੋਂ ਜ਼ਿਆਦਾ ਕਿਸੇ ਸਬੂਤ ਦੀ ਜ਼ਰੂਰਤ ਨਹੀਂ ਹੋ ਸਕਦੀ ਹੈ। ਸੀ. ਪੀ. ਚੰਦਰਸ਼ੇਖਰ ਅਤੇ ਜਯਤੀ ਘੋਸ਼ ਜਿਹੇ ਗੁਪਤ ਰੋਗ ਮਾਹਿਰ ਵੱਖ-ਵੱਖ ਅਖ਼ਬਾਰਾਂ-ਮੈਗਜ਼ੀਨਾਂ ਵਿੱਚ

(**ਬਾਕੀ ਸਫ਼ਾ 19 'ਤੇ**)

ਆਰਥਿਕ ਸੰਕਟ ਦੇ ਝਲਕਾਰੇ

☛ ਵਿਸ਼ਵ ਬੈਂਕ ਅਨੁਸਾਰ ਮੌਜੂਦਾ ਆਰਥਿਕ ਸੰਕਟ 2009 'ਚ 5 ਕਰੋੜ 30 ਲੱਖ ਹੋਰ ਲੋਕਾਂ ਨੂੰ ਦੋ ਅਮਰੀਕੀ ਡਾਲਰ ਦੀ ਰੋਜ਼ਾਨਾ ਦੀ ਆਮਦਨ ਤੋਂ ਵੀ ਘੱਟ, ਭਾਵ ਗਰੀਬੀ 'ਚ ਧੱਕ ਦੇਵੇਗਾ। ਇਸ ਕਾਰਨ ਲੋਕਾਂ ਨੂੰ ਆਪਣੇ ਆਮਦਨੀ ਦੇ ਸਾਧਨ ਵੇਚਣੇ ਪੈ ਸਕਦੇ ਹਨ, ਆਪਣੇ ਬੱਚਿਆਂ ਦੀ ਸਿੱਖਿਆ ਵਿਚਾਲ਼ੇ ਛੁਡਾਣੀ ਪੈ ਸਕਦੀ ਹੈ ਅਤੇ ਉਹ ਕੁਪੋਸ਼ਣ ਦਾ ਸ਼ਿਕਾਰ ਹੋ ਸਕਦੇ ਹਨ।

☛ ਵਿੱਤੀ ਸੰਕਟ ਦਾ ਨਤੀਜਾ 2009 ਤੋਂ 2015 ਤੱਕ ਔਸਤਨ 2 ਲੱਖ ਤੋਂ ਲੈਕੇ 4 ਲੱਖ ਨਵ-ਜੰਮੇਂ ਬੱਚਿਆਂ ਦੀ ਵਾਧੂ ਮੌਤ ਦੇ ਰੂਪ 'ਚ ਸਾਹਮਣੇ ਆਉਣ ਦਾ ਅੰਦਾਜਾ ਹੈ। ਜੇਕਰ ਸੰਕਟ ਚਲਦਾ ਰਿਹਾ ਤਾਂ ਕੁੱਲ ਮਿਲਾਕੇ 14 ਲੱਖ ਤੋਂ ਲੈ ਕੇ 28 ਲੱਖ ਬੱਚਿਆਂ ਦੇ ਬੇਵਕਤ ਮਰਨ ਦਾ ਅੰਦਾਜਾ ਹੈ। ਕੁੱਲ ਘਰੇਲੂ ਉਤਪਾਦਨ 'ਚ ਇੱਕ ਇਕਾਈ ਦੀ ਕਮੀ ਹੋਣ ਦਾ ਨਤੀਜਾ ਕੁੜੀਆਂ ਲਈ 1000 'ਚੋਂ 7.4 ਫ਼ੀਸਦੀ ਔਸਤ ਮੌਤ ਦਰ, ਜਦੋਂ ਕਿ ਮੁੰਡਿਆਂ ਲਈ 1000 'ਚੋਂ 1.5 ਫੀਸਦੀ ਔਸਤ ਮੌਤ ਦਰ ਹੁੰਦੀ ਹੈ।

☛ ਵਿਸ਼ਵ ਅਨਾਜ ਪ੍ਰੋਗਰਾਮ ਅਨੁਸਾਰ ਸੰਸਾਰ ਦੇ ਕੁੱਲ ਭੁੱਖੇ ਲੋਕਾਂ 'ਚੋਂ ਅੱਧੇ ਭਾਰਤ ਵਿੱਚ ਹਨ। ਇਸੇ ਰਿਪੋਰਟ ਅਨੁਸਾਰ ਭਾਰਤ ਦੀ 35 ਫ਼ੀਸਦੀ ਆਬਾਦੀ ਜਾਂ ਲਗਭਗ 35 ਕਰੋੜ ਲੋਕ ਅਨਾਜ ਸੁਰੱਖਿਆ ਦੇ ਲਿਹਾਜ ਨਾਲ਼ ਅਸੁਰੱਖਿਅਤ ਹਨ, ਤੇ ਉਹਨਾਂ ਨੂੰ ਘੱਟੋ ਘੱਟ ਊਰਜਾ ਲੋੜਾਂ ਦਾ 80 ਫੀਸਦੀ ਤੋਂ ਵੀ ਘੱਟ ਮਿਲ਼ ਰਿਹਾ ਹੈ।

☛ ਇਕਨਾਮਿਕ ਪਾਲਿਸੀ ਇੰਸਟੀਚਿਊਟ ਅਨੁਸਾਰ ਅਮਰੀਕਾ 'ਚ ਫਰਵਰੀ 2009 'ਚ ਹਰ ਸੱਤ 'ਚੋਂ ਇੱਕ ਕਰਮਚਾਰੀ ਭਾਵ ਲਗਭਗ 2 ਕਰੋੜ 30 ਲੱਖ ਲੋਕ ਬੇਰੁਜ਼ਗਾਰ ਹਨ। ਬਾਰੁਜ਼ਗਾਰ ਅਬਾਦੀ ਦਾ ਪ੍ਰਤੀਸ਼ਤ ਵੀ ਦਸੰਬਰ 2006 ਦੇ 63.4 ਫੀਸਦੀ ਦੇ ਮੁਕਾਬਲੇ 60.3 ਫ਼ੀਸਦੀ 'ਤੇ ਆ ਗਿਆ ਹੈ।

☛ ਯੂ.ਐਸ. ਜਨਗਣਨਾ ਬਿਊਰੋ ਅਨੁਸਾਰ 3 ਕਰੋੜ 59 ਲੱਖ ਅਮਰੀਕੀ ਲੋਕ ਹਾਲ ਦੀ ਘੜੀ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ।

☛ ਵਰਲਡ ਸ਼ੋਸ਼ਲਿਸਟ ਵੈਬਸਾਈਟ ਅਨੁਸਾਰ ਘੱਟੋ-ਘੱਟ ਇੱਕ ਚੌਥਾਈ ਅਮਰੀਕੀ ਮਜ਼ਦੂਰ ਬੇਰੁਜ਼ਗਾਰ ਹਨ, ਜਦੋਂ ਕਿ ਸਰਕਾਰੀ ਅੰਕੜੇ ਸਿਰਫ਼ 7 ਫੀਸਦੀ ਦੱਸ ਰਹੇ ਹਨ।

☛ ਜਨਵਰੀ 2007 ਤੋਂ ਕਰਜ਼ 'ਤੇ ਖਰੀਦੇ ਘਰਾਂ ਨੂੰ ਜ਼ਬਤ ਕਰ ਲੈਣ ਤੋਂ ਬਾਅਦ 20 ਲੱਖ ਤੋਂ ਵੱਧ ਅਮਰੀਕੀ ਆਪਣੇ ਘਰ ਗੁਆ ਚੁੱਕੇ ਹਨ। ਰੋਜ਼ਾਨਾ 12,000 ਘਰਾਂ ਨੂੰ ਜ਼ਬਤ ਕੀਤਾ ਜਾ ਰਿਹਾ ਹੈ।

☛ ਬੈਂਕਾ ਵੱਲੋਂ ਕਰਜ਼ 'ਤੇ ਲਈਆਂ ਗਈਆਂ ਜਾਇਦਾਦਾਂ 'ਤੇ ਕਬਜ਼ੇ ਦੀ ਦਰ 2007 ਤੋਂ 2008 'ਚ 129 ਫ਼ੀਸਦੀ ਵੱਧ ਗਈ ਹੈ।

ਨੈਨੋ
ਲੋਕਾਂ ਦੀ ਕਾਰ, ਲੋਕਾਂ 'ਤੇ ਸਵਾਰ

● ਕਪਿਲ ਸਵਾਮੀ

ਟਾਟਾ ਦੀ ਮਸ਼ਹੂਰ ਅਤੇ ਬੇਸਬਰੀ ਨਾਲ਼ ਉਡੀਕੀ ਜਾਣ ਵਾਲ਼ੀ ਇੱਕ ਲੱਖ ਦੀ ਕਾਰ ਬਜ਼ਾਰ ਵਿੱਚ ਆ ਚੁੱਕੀ ਹੈ। ਇਸ ਕਾਰ ਨੂੰ ਸਸਤੀ ਹੀ ਨਹੀਂ ਸਗੋਂ ਲੋਕਾਂ ਲਈ ਬੇਹੱਦ ਉਪਯੋਗੀ ਦੱਸ ਕੇ ਪ੍ਰਚਾਰਿਆ ਜਾ ਰਿਹਾ ਹੈ। ਇਸ ਕਾਰ ਨੂੰ ਲੈ ਕੇ ਪੂੰਜੀਪਤੀ ਹੀ ਨਹੀਂ ਸਗੋਂ ਸਰਕਾਰ ਵੀ ਕਾਫ਼ੀ ਉਤਸ਼ਾਹ ਵਿੱਚ ਹੈ। ਨੈਨੋ ਸੱਚਮੁਚ ਹੀ ਦਿਲਚਸਪੀ ਪੈਦਾ ਕਰਨ ਵਾਲ਼ੀ ਕਾਰ ਹੈ। 20 ਰੁਪਏ ਰੋਜ਼ਾਨਾ ਕਮਾਉਣ ਵਾਲ਼ੀ 80 ਫੀਸਦੀ ਅਬਾਦੀ ਵਾਲ਼ੇ ਦੇਸ਼ ਵਿੱਚ ਲੋਕਾਂ ਦੀ ਕਾਰ ਕਿਨ੍ਹਾਂ ਵਾਸਤੇ ਹੈ, ਇਸ ਦੀ ਅਸਲੀ ਕੀਮਤ ਕਿਸ ਤੋਂ ਵਸੂਲੀ ਜਾਣ ਵਾਲ਼ੀ ਹੈ ਅਤੇ ਆਖਰ ਇਹ ਕਾਰ ਲਿਆਈ ਹੀ ਕਿਉਂ ਜਾ ਰਹੀ ਹੈ ਅਤੇ ਇਹ ਵੀ ਕਿ ਇਸ ਵਿੱਚ ਮੋਦੀ ਫੈਕਟਰ ਜੁੜਨ ਦਾ ਮਤਲਬ ਕੀ ਹੈ? ਆਓ ਵੇਖਿਏ ਕਿ ਇੱਕ ਲੱਖ ਦੀ ਕਾਰ ਨੂੰ ਲੋਕਾਂ ਦੀ ਕਾਰ ਕਹਿਣ ਪਿੱਛੇ ਮਾਜ਼ਰਾ ਕੀ ਹੈ।

ਇੱਕ ਲੱਖ ਦੀ ਕਾਰ ਨੂੰ ਲੋਕਾਂ ਦੀ ਕਾਰ ਕਹਿਣਾ ਪਹਿਲੀ ਗੱਲ ਤਾਂ ਸਿਰੇ ਦੀ ਬੇਵਕੂਫ਼ੀ ਦੀ ਗੱਲ ਹੈ। ਸਾਡੇ ਦੇਸ਼ ਦੀ ਵੱਡੀ ਅਬਾਦੀ ਸਵੇਰੇ ਤੋਂ ਲੈ ਕੇ ਰਾਤ ਤੱਕ ਦੋ ਡੰਗ ਦੀ ਰੋਟੀ ਵਾਸਤੇ ਹੱਡ ਭੰਨਵੀਂ ਮਿਹਨਤ ਕਰਦੀ ਹੈ। ਜਿਉਂਦੇ ਰਹਿਣ ਲਈ ਬੁਨਿਆਦੀ ਚੀਜਾਂ ਹਾਸਿਲ ਕਰਨ ਵਿੱਚ ਹੀ ਉਹਨਾਂ ਦੇ ਸ਼ਰੀਰ ਦਾ ਸਾਰਾ ਲਹੂ ਨਿਚੁੜ ਜਾਂਦਾ ਹੈ। ਆਪਣੇ ਬੱਚਿਆਂ ਦੀ ਚੰਗੀ ਪੜ੍ਹਾਈ ਲਿਖਾਈ ਕਰਾਉਣਾ ਅਤੇ ਬਿਮਾਰ ਹੋਣ 'ਤੇ ਦਵਾ-ਦਾਰੂ ਕਰਾਉਣਾ ਉਹਨਾਂ ਲਈ ਬਹੁਤ ਵੱਡੀ ਗੱਲ ਹੈ। ਇਹ ਅਬਾਦੀ ਜਿਆਦਾਤਰ ਆਪਣੀ ਕੰਮ ਦੀ ਥਾਂ 'ਤੇ ਬੱਸਾਂ 'ਚ ਲਟਕ ਕੇ ਜਾਂਦੀ ਹੈ। ਮਜ਼ਦੂਰੀ ਏਨੀ ਘੱਟ ਹੈ ਕਿ ਬੱਸ ਦਾ ਕਰਾਇਆ ਵੀ ਇਹਨਾਂ ਦੇ ਵੱਸ ਤੋਂ ਬਾਹਰ ਹੈ। ਇਸੇ ਲਈ ਸਾਈਕਲਾਂ 'ਤੇ ਵੀ ਦੂਰ-ਦੂਰ ਕੰਮ ਕਰਨ ਜਾਂਦੇ ਹਨ। ਉਦਾਹਰਣ ਦੇ ਤੌਰ 'ਤੇ ਦਿੱਲੀ ਵਿੱਚ ਰਹਿਣ ਵਾਲੇ ਮਜ਼ਦੂਰ ਫਰੀਦਾਬਾਦ, ਗੁੜਗਾਓਂ, ਨੋਇਡਾ, ਗਾਜੀਆਬਾਦ ਜਾਂਦੇ ਹਨ ਤਾਂ ਇਹਨਾਂ ਸ਼ਹਿਰਾਂ ਦੇ ਮਜ਼ਦੂਰ ਦਿੱਲੀ ਵਿੱਚ ਕੰਮ ਕਰਨ ਜਾਂਦੇ ਹਨ। ਇਸ ਵੱਡੀ ਅਬਾਦੀ ਵਾਸਤੇ ਕਾਰ ਦੀ ਗੱਲ਼ ਕਰਨਾ ਇੱਕ ਭੈੜੇ ਮਜਾਕ ਤੋਂ ਸਿਵਾ ਕੁਝ ਵੀ ਨਹੀਂ।

ਸੋ ਇਹ ਕਾਰ ਦੇਸ਼ ਦੀ 80 ਫ਼ੀਸਦੀ ਅਬਾਦੀ ਲਈ ਹੈ ਹੀ ਨਹੀਂ। ਇਸ ਕਾਰ ਨੂੰ ਖਰੀਦਣ ਵਾਲ਼ਿਆਂ ਵਿੱਚ ਕੁਝ ਤਾਂ ਕਾਫ਼ੀ ਪੈਸੇ ਵਾਲ਼ੇ ਹੋਣਗੇ ਜੋ ਸਿਰਫ਼ ਸ਼ੌਂਕ ਜਾਂ ਕ੍ਰੇਜ ਲਈ ਹੀ ਕਾਰ ਖਰੀਦਣਗੇ। ਅਸਲ 'ਚ ਇਹਨੂੰ ਖਰੀਦਣ ਵਾਲ਼ਾ ਵੱਡਾ ਤਬਕਾ ਮੱਧਵਰਗ ਅਤੇ ਨਿਮਨ ਮੱਧਵਰਗ ਦਾ ਉਹ ਹਿੱਸਾ ਹੋਵੇਗਾ ਜੋ ਜਲਦੀ ਤੋਂ ਜਲਦੀ ਅਮੀਰਾਂ ਦੀਆਂ ਸਫ਼ਾ ਵਿੱਚ ਸ਼ਾਮਿਲ ਹੋਣ ਦੇ ਸੁਪਨੇ ਵੇਖਦਾ ਹੈ। ਇਸ ਤਬਕੇ ਦਾ ਇੱਕ ਵੱਡਾ ਸੁਪਨਾ ਆਪਣੀ ਗੱਡੀ ਅਤੇ ਲਗਜਰੀ ਅਪਾਰਟਮੈਂਟ ਹੋਣਾ ਹੁੰਦਾ ਹੈ। ਇਸੇ ਤਬਕੇ ਲਈ ਇਹ ਕਾਰ ਬਣਾਈ ਗਈ ਹੈ ਤਾਂ ਕਿ ਇਹ ਤਬਕਾ ਖੁਸ਼ਹਾਲੀ ਦੇ ਅਹਿਸਾਸ ਵਿੱਚ ਜੀਏ ਅਤੇ ਪੂੰਜੀਪਤੀਆਂ-ਮਾਲਕਾਂ ਦੀ ਤਨ-ਮਨ ਲਾ ਕੇ ਸੇਵਾ ਕਰੇ। ਨੈਨੋ ਨੂੰ ਲੋਕਾਂ ਦੀ ਕਾਰ ਕਹਿਣਾ ਉਸ ਨਜ਼ਰੀਏ ਨੂੰ ਸਾਹਮਣੇ ਲਿਆਉਂਦਾ ਹੈ ਜਿਸ ਵਿੱਚ ਮੰਡੀ ਦੇ ਉਪਭੋਗਤਾ ਤੋਂ ਅੱਗੇ ਦੇਖਣ ਦੀ ਜ਼ਰੂਰਤ ਨਹੀਂ ਹੁੰਦੀ। ਟਾਟਾ ਅਤੇ ਸਾਰੀ ਪੂੰਜੀਪਤੀ ਜਮਾਤ ਅਤੇ ਸਰਕਾਰ ਲਈ ਵੀ ਇਹੋ ਛੋਟਾ ਜਿਹਾ ਤਬਕਾ ਸੱਚਮੁਚ ਹੀ 'ਆਮ ਲੋਕ' ਹਨ ਅਤੇ ਇਸੇ ਦੀ ਖੁਸ਼ਹਾਲੀ ਅਤੇ ਬੇਹਤਰੀ ਲਈ ਠੋਸ ਕੋਸ਼ਿਸ਼ਾਂ ਵੀ ਕੀਤੀਆਂ ਜਾਂਦੀਆਂ ਹਨ।

ਨੈਨੋ ਕਾਰ ਦਾ ਬਹੁਗਿਣਤੀ ਅਬਾਦੀ ਲਈ ਨਾ ਹੋਣ ਅਤੇ ਉਸਤੋਂ ਉਹਨਾਂ ਦਾ ਕੋਈ ਸਰੋਕਾਰ ਨਾ ਹੋਣ ਦੇ ਬਾਵਜੂਦ ਇਸਨੂੰ ਬਹੁਗਿਣਤੀ ਕਿਰਤੀ ਅਬਾਦੀ ਦੀ ਟੈਕਸ ਦੇ ਰੂਪ 'ਚ ਇੱਕਠੀ ਕੀਤੀ ਕਮਾਈ ਦੀ ਬਦੌਲਤ ਤਿਆਰ ਕੀਤਾ ਗਿਆ ਹੈ। ਪੱਛਮੀ ਬੰਗਾਲ ਵਿੱਚੋਂ ਮੁੱਖ ਕਾਰਖ਼ਾਨਾ ਹਟਣ ਅਤੇ ਗੁਜਰਾਤ ਵਿੱਚ ਲੱਗਣ ਤੋਂ ਬਾਅਦ ਮੋਦੀ ਸਰਕਾਰ ਨੇ ਇਸ ਵਿੱਚ ਵਿਸ਼ੇਸ਼ ਰੁਚੀ ਵਿਖਾਈ ਅਤੇ ਲੋਕਾਂ ਦਾ ਕਰੋੜਾਂ ਰੁਪਇਆ ਪਾਣੀ ਦੀ ਤਰ੍ਹਾਂ ਇਸ 'ਤੇ ਵਹਾਅ ਦਿੱਤਾ ਗਿਆ। ਇੱਕ ਅਨੁਮਾਨ ਅਨੁਸਾਰ ਇੱਕ ਲੱਖ ਦੀ ਕੀਮਤ ਵਾਲ਼ੀ ਹਰੇਕ ਨੈਨੋ ਕਾਰ ਉੱਤੇ ਲੋਕਾਂ ਦੀ ਕਮਾਈ ਦਾ 60,000 ਰੁਪਇਆ ਲੱਗਿਆ ਹੈ। ਨੈਨੋ ਪਲਾਂਟ ਲਈ ਗੁਜਰਾਤ ਸਰਕਾਰ ਨੇ ਟਾਟਾ ਨੂੰ 0.1 ਪ੍ਰਤੀਸ਼ਤ ਸਧਾਰਨ ਵਿਆਜ ਦੀ ਦਰ ਨਾਲ਼ ਪਹਿਲੇ ਪੜਾਅ ਲਈ 29,00 ਕਰੋੜ ਦਾ ਭਾਰੀ ਕਰਜ਼ ਦਿੱਤਾ ਹੈ ਜਿਸਦੀ ਅਦਾਇਗੀ ਵੀਹ ਵਰ੍ਹਿਆਂ ਵਿੱਚ ਕੀਤੀ ਜਾਣੀ ਹੈ। ਕੰਪਨੀ ਨੂੰ ਕੋਡੀਆਂ ਦੇ ਭਾਅ 1,100 ਏਕੜ ਜਮੀਨ ਦਿੱਤੀ ਗਈ ਹੈ। ਇਸਦੇ ਲਈ ਸਟਾਂਪ ਡਿਊਟੀ ਅਤੇ ਕਰ ਵੀ ਨਹੀਂ ਲਾਏ ਜਾ ਰਹੇ ਹਨ। ਕੰਪਨੀ ਨੂੰ 14,000 ਘਣਮੀਟਰ ਪਾਣੀ ਮੁਫ਼ਤ ਵਿੱਚ ਉਪਲਭਧ ਕਰਵਾਇਆ ਜਾ ਰਿਹਾ ਹੈ। ਨਾਲ਼ ਹੀ ਪਲਾਂਟ ਵਿੱਚ ਬਿਜਲੀ ਪਹੁੰਚਾਉਣ ਦਾ ਸਾਰਾ ਖਰਚ ਸਰਕਾਰ ਚੁੱਕੇਗੀ।

ਇਹ ਵੀ ਧਿਆਨ ਦੇਣ ਵਾਲ਼ੀ ਗੱਲ ਹੈ ਕਿ ਗੁਜਰਾਤ ਸਰਕਾਰ ਅਤੇ ਟਾਟਾ ਵਿਚਕਾਰ ਹੋਏ ਸਮਝੌਤੇ ਨੂੰ ਗੁਪਤ ਰੱਖਿਆ ਗਿਆ ਹੈ। ਮੋਦੀ ਨੇ ਵਿਸ਼ੇਸ਼ ਹੁਕਮ ਜਾਰੀ ਕਰਕੇ ਨੈਨੋ ਸੰਬੰਧੀ ਸਾਰੀ ਪ੍ਰਕਿਰਿਆ 3 ਦਿਨਾਂ ਵਿੱਚ ਖ਼ਤਮ ਕਰਵਾ ਦਿੱਤੀ ਸੀ। ਗੁਜਰਾਤ ਸਰਕਾਰ ਦੀ ਇਸ ਹੁਸ਼ਿਆਰੀ ਨੇ ਪੂੰਜੀਪਤੀਆਂ ਨੂੰ ਮੋਹਿਤ ਕਰ ਦਿੱਤਾ ਹੈ। ਪਿਛਲੇ ਦਿਨੀਂ ਗੁਜਰਾਤ ਵਿੱਚ ਇੱਕ ਪ੍ਰੋਗਰਾਮ ਵਿੱਚ ਦੇਸ਼ ਦੇ ਸਾਰੇ ਪੂੰਜੀਪਤੀਆਂ ਨੇ ਮੋਦੀ ਦੀ ਖੂਬ ਜੈ-ਜੈਕਾਰ ਕੀਤੀ। ਰਤਨ ਟਾਟਾ ਨੇ ਤਾਂ ਇੱਥੋਂ ਤੱਕ ਕਿਹਾ ਕਿ ਜੋ ਗੁਜਰਾਤ ਵਿੱਚ ਨਹੀਂ ਹੈ ਉਹ ਮੂਰਖ ਹੈ।

ਦੂਜੇ ਪਾਸੇ ਅੰਕੜੇ ਦੱਸਦੇ ਹਨ ਕਿ ਗੁਜਰਾਤ ਸਰਕਾਰ ਸਿੱਖਿਆ ਅਤੇ ਸਿਹਤ ਉੱਤੋਂ ਸਰਕਾਰੀ ਸਬਸਿਡੀ ਲਗਾਤਾਰ ਘਟਾਉਂਦੀ ਜਾ ਰਹੀ ਹੈ। ਲੋਕਾਂ ਨੂੰ ਬੁਨਿਆਦੀ ਸੁਵਿਧਾਵਾਂ ਮੁਹੱਈਆ ਕਰਾਉਣ ਵਿੱਚ ਵੀ ਗੁਜਰਾਤ ਸਰਕਾਰ ਦਾ ਰਿਕਾਰਡ ਬਹੁਤ ਖਰਾਬ ਹੈ। ਇਸਤੋਂ ਇਲਾਵਾ ਦੇਸ਼ ਪੱਧਰ 'ਤੇ ਵੀ ਹਾਲਤ

ਕਾਫ਼ੀ ਖਰਾਬ ਹੈ। ਪਿਛਲੇ ਦਿਨੀਂ ਜਾਰੀ ਸੰਯੁਕਤ ਰਾਸ਼ਟਰ ਸੰਘ ਦੀ ਰਿਪੋਰਟ ਵਿੱਚ ਭਾਰਤ ਵਿੱਚ ਭੁੱਖਮਰੀ ਦੀ ਸਮੱਸਿਆ 'ਤੇ ਚਿੰਤਾ ਜਤਾਈ ਗਈ ਸੀ। ਸਾਡੇ ਦੇਸ਼ ਦੇ 70 ਫੀਸਦੀ ਬੱਚੇ ਚੰਗਾ ਭੋਜਨ ਨਾ ਮਿਲਣ ਕਰਕੇ ਕੁਪੋਸ਼ਣ ਦਾ ਸ਼ਿਕਾਰ ਹਨ। ਇਹਨਾਂ ਹਾਲਤਾਂ ਵਿੱਚ ਇੱਕ ਲੱਖ ਦੀ ਕਾਰ ਵਾਸਤੇ ਸਰਕਾਰਾਂ ਦਾ ਚਿੰਤਿਤ ਹੋਣਾ ਉਹਨਾਂ ਦੀਆਂ ਪ੍ਰਾਥਮਿਕਤਾਵਾਂ ਨੂੰ ਸਾਹਮਣੇ ਲਿਆ ਦਿੰਦਾ ਹੈ।

ਕਾਰਾਂ ਵਧਣ ਨਾਲ਼ ਆਮ ਲੋਕਾਂ ਉੱਤੇ ਕਈ ਸਿੱਧੇ ਅਤੇ ਅਸਿੱਧੇ ਦਬਾਅ ਪੈਣਗੇ। ਇੱਕ ਤਾਂ ਸਰਕਾਰ ਵਲੋਂ ਕਾਰ ਨਿਰਮਾਤਾਵਾਂ ਨੂੰ ਸਬਸਿਡੀ ਦੇਣ ਲਈ ਜਰੂਰੀ ਮਦਾਂ ਵਾਸਤੇ ਰਾਸ਼ੀ ਵਿੱਚ ਕਟੌਤੀ ਕੀਤੀ ਜਾਣੀ ਤੈਅ ਹੈ। ਦੂਜਾ, ਕਾਰਾਂ ਦੇ ਉਤਪਾਦਨ ਨਾਲ਼ ਫਲਾਈਓਵਰਾਂ, ਓਵਰਬ੍ਰਿਜਾਂ ਆਦਿ ਦੀ ਉਸਾਰੀ ਕਰਵਾਉਣੀ ਜਰੂਰੀ ਹੁੰਦੀ ਹੈ। ਇਸ 'ਤੇ ਵੀ ਤਕੜਾ ਪੈਸਾ ਖਰਚ ਹੋਵੇਗਾ। ਇਸ ਤੋਂ ਇਲਾਵਾ ਸਿੱਧੇ ਤੌਰ 'ਤੇ ਸੜਕਾਂ ਉੱਤੇ ਬੋਝ ਵੱਧ ਜਾਵੇਗਾ। ਬੱਸਾਂ, ਸਾਈਕਲਾਂ 'ਤੇ ਕੰਮ 'ਤੇ ਜਾਣ ਵਾਲ਼ੀ ਬਹੁਤ ਵੱਡੀ ਅਬਾਦੀ ਨੂੰ ਟ੍ਰੈਫਿਕ ਜਾਮ ਦਾ ਸਭ ਤੋਂ ਵੱਧ ਨੁਕਸਾਨ ਝੱਲਣਾ ਪਏਗਾ। ਕਾਰਾਂ ਤੋਂ ਹੋਣ ਵਾਲੇ ਪ੍ਰਦੂਸ਼ਣ ਵਿੱਚ ਵੀ ਕਈ ਗੁਣਾਂ ਵਾਧਾ ਹੋ ਜਾਵੇਗਾ।

ਨੈਨੋ ਵਿੱਚ ਬੇਸ਼ੱਕ ਸਭ ਤੋਂ ਵੱਧ ਮੋਦੀ ਸਰਕਾਰ ਨੇ ਦਿਲਚਸਪੀ ਵਿਖਾਈ ਹੈ ਪਰ ਅਸਲ ਵਿੱਚ ਇਹ ਸਾਰੀ ਹਾਕਮ ਜਮਾਤ ਦੀ ਇੱਛਾ ਹੈ ਕਿ ਸਸਤੀ ਕਾਰ ਬਜ਼ਾਰ ਵਿੱਚ ਹੋਵੇ। ਇੱਕ ਤਾਂ ਖੁਸ਼ਹਾਲੀ ਦਾ ਭਰਮ ਪੈਦਾ ਕੀਤਾ ਜਾਂਦਾ ਹੈ, ਦੂਸਰਾ ਲੋਕਾਂ ਦਾ ਧਿਆਨ ਜਰੂਰੀ ਬੁਨਿਆਦੀ ਚੀਜਾਂ ਤੋਂ ਹਟਾਇਆ ਜਾਂਦਾ ਹੈ ਤਾਂ ਕਿ ਲੋਕ ਇਸ ਵਿੱਚ ਉਲਝੇ ਰਹਿਣ ਅਤੇ ਪੂੰਜੀਵਾਦ ਦਾ ਲੁੱਟ ਦਾ ਚੱਕਰ ਬਿਨਾਂ ਕਿਸੇ ਗੜਬੜ ਤੋਂ ਚਲਦਾ ਰਹੇ। ਨਾਲ਼ ਹੀ ਮੁਕਾਬਲਤਨ ਘੱਟ ਗਰੀਬ ਅਬਾਦੀ ਨੂੰ ਆਪਣੇ ਪਾਲ਼ੇ ਵਿੱਚ ਲਿਆਉਣ ਦਾ ਹਾਕਮ ਜਮਾਤ ਦਾ ਮਕਸਦ ਵੀ ਅਜਿਹੀਆਂ ਚੀਜਾਂ ਤੋਂ ਪੂਰਾ ਹੁੰਦਾ ਹੈ।

ਇਹ ਐਵੇਂ ਹੀ ਨਹੀਂ ਹੈ ਕਿ ਸਸਤੀ ਜਾਂ ਲੋਕਾਂ ਦੀ ਕਾਰ ਵਿੱਚ ਸਭ ਤੋਂ ਵੱਧ ਦਿਲਚਸਪੀ ਪੂੰਜੀਵਾਦ ਦੇ ਸੰਕਟਮੋਚਕ ਫ਼ਾਸੀਵਾਦ ਦੇ ਅਵਤਾਰਾਂ ਨੇ ਦਿਖਾਈ ਹੈ। ਜਰਮਨੀ ਵਿੱਚ ਵੀ ਹਿਟਲਰ ਨੇ ਬਦਹਾਲ ਲੋਕਾਂ ਨੂੰ ਸਸਤੀ ਫੋਕਸਵੈਗਨ ਕਾਰ ਦਾ ਸੁਪਨਾ ਦਿਖਾ ਕੇ ਆਪਣੇ ਸਮਰਥਕ ਬਣਾਉਣ ਦੀ ਕੋਸ਼ਿਸ਼ ਕੀਤੀ ਸੀ। ਪੂੰਜੀਵਾਦ ਜਿਵੇਂ ਜਿਵੇਂ ਜਿਆਦਾ ਤੋਂ ਜਿਆਦਾ ਲੋਕਾਂ ਦੀ ਜਿੰਦਗੀ ਨੂੰ ਬਰਬਾਦ ਕਰਦਾ ਜਾਂਦਾ ਹੈ, ਉਵੇਂ ਉਵੇਂ ਉਹਨਾਂ ਨੂੰ ਉਲਝਾਉਣ-ਭਰਮਾਉਣ ਦੀਆਂ ਕੋਸ਼ਿਸ਼ਾਂ ਵਧਦੀਆਂ ਜਾਂਦੀਆਂ ਹਨ। ਸਸਤੀ ਕਾਰ ਅਤੇ ਸਸਤਾ ਮੋਬਾਈਲ ਦੇ ਕੇ ਪੂੰਜੀਵਾਦੀ ਢਾਂਚਾ ਆਪਣੀ ਉਮਰ ਵਧਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਪਰ ਇਤਿਹਾਸ ਦੱਸਦਾ ਹੈ ਕਿ ਲੋਕ ਇਹਨਾਂ ਬਹਿਕਾਵਿਆਂ ਵਿੱਚ ਜਿਆਦਾ ਸਮੇਂ ਤੱਕ ਨਹੀਂ ਰਹਿ ਸਕਦੇ ਅਤੇ ਆਖਿਰਕਾਰ ਜਿੰਦਗੀ ਦਾ ਸਵਾਲ਼ ਸਭ ਤੋਂ ਭਾਰੀ ਪੈਂਦਾ ਹੈ ਅਤੇ ਹਾਕਮਾਂ ਦੇ ਇਸ ਤਰ੍ਹਾਂ ਦੇ ਸਾਰੇ ਹੱਥਕੰਡੇ ਧਰੇ ਧਰਾਏ ਰਹਿ ਜਾਂਦੇ ਹਨ।

★ ★ ★

(ਸਫ਼ਾ 1 ਦਾ ਬਾਕੀ)

ਲਈ ਇੱਕ ਭਰਮ ਤੋਂ ਵੱਧ ਕੁਝ ਨਹੀਂ। ਉਹ ਕਦੇ ਕਿਸੇ ਤੇ ਕਦੇ ਕਿਸੇ ਪਾਰਟੀ ਨੂੰ ਵੋਟ ਦੇ ਕੇ ਤਖ਼ਤ-ਤਾਜ਼ ਬਦਲਣ ਦੇ ਭਰਮ ਦਾ ਸ਼ਿਕਾਰ ਹੁੰਦੇ ਹਨ। ਜੇਕਰ ਇਸ ਦੇਸ਼ ਦਾ ਇੱਕ ਵੀ ਨਾਗਰਿਕ ਵੋਟ ਨਾ ਦੇਵੇ, ਤਾਂ ਵੀ ਇਸ ਦੇਸ਼ ਦੇ ਸੰਵਿਧਾਨ ਵਿੱਚ ਇਸ ਗੱਲ ਦੀ ਵਿਵਸਥਾ ਹੈ ਕਿ ਇਸ ਸੂਰਤ ਵਿੱਚ ਵੀ ਸਰਕਾਰ ਬਣ ਜਾਵੇਗੀ।

ਇਸ ਦੇਸ਼ ਵਿੱਚ ਰਾਜਨੀਤੀ ਇੱਕ ਧੰਦਾ ਹੈ। ਸਭ ਤੋਂ ਲਾਹੇਵੰਦ ਧੰਦਾ। ਜਿੱਥੇ ਥੋੜ੍ਹੇ ਪੂੰਜੀ ਨਿਵੇਸ਼ ਨਾਲ਼ ਬਹੁਤ ਜਿਆਦਾ ਮੁਨਾਫ਼ਾ ਕਮਾਇਆ ਜਾਂਦਾ ਹੈ। ਕੁਝ ਸਾਲ ਪਹਿਲਾਂ 'ਦਾ ਹਿੰਦੂ' ਅਖ਼ਬਾਰ ਨੇ ਇੱਕ ਸਰਵੇ ਕਰਵਾਇਆ ਸੀ। ਇਸ ਸਰਵੇ ਅਨੁਸਾਰ 15 ਕਿੱਤਿਆਂ ਵਿੱਚੋਂ ਰਾਜਨੀਤੀ ਸਭ ਤੋਂ ਮੁਨਾਫ਼ਾਬਖਸ਼ ਕਿੱਤੇ ਦੇ ਤੌਰ 'ਤੇ ਪਹਿਲੇ ਨੰਬਰ 'ਤੇ ਸੀ।

ਇਹ ਸਾਡੇ ਦੇਸ਼ ਦੇ ਲੋਕਾਂ ਦਾ ਕਸੂਰ ਨਹੀਂ ਕਿ ਉਹ ਭ੍ਰਿਸ਼ਟ, ਅਪਰਾਧੀ, ਸਮੱਗਲਰ, ਗੁੰਡੇ-ਬਦਮਾਸ਼, ਲੀਡਰਾਂ ਨੂੰ ਆਪਣੇ ਨੁਮਾਇੰਦੇ ਚੁਣਦੇ ਹਨ। ਦਰਅਸਲ ਉਹ ਹੋਰ ਕਿਸੇ ਨੂੰ ਚੁਣ ਹੀ ਨਹੀਂ ਸਕਦੇ। ਅੱਜ ਇੱਕ ਸਰਪੰਚ ਬਣਨ ਲਈ ਲੱਖਾਂ ਰੁਪਏ ਖਰਚ ਹੁੰਦੇ ਹਨ। ਵਿਧਾਇਕ ਬਣਨ ਲਈ ਕਰੋੜਾਂ ਅਤੇ ਐਮ.ਪੀ. ਬਣਨ ਲਈ ਕਈ ਕਰੋੜਾਂ। ਅਤੇ ਕਰੋੜਪਤੀ ਗੁੰਡੇ-ਅਪਰਾਧੀ, ਸਮੱਗਲਰ, ਰਿਸ਼ਵਤਖੋਰ, ਭ੍ਰਿਸ਼ਟਾਚਾਰੀ ਹੀ ਹੋ ਸਕਦੇ ਹਨ। ਤੇ ਫਿਰ ਲੋਕ ਚੁਣਨ ਤਾਂ ਕਿਸ ਨੂੰ ਚੁਣਨ। ਕਿਸੇ ਸਹੀ ਇਨਕਲਾਬੀ ਬਦਲ (ਜਿਸਦਾ ਰਾਹ ਲਾਜ਼ਮੀ ਹੀ ਗੈਰ ਪਾਰਲੀਮਾਨੀ ਹੋਵੇਗਾ।) ਦੀ ਅਣਹੋਂਦ ਵਿੱਚ ਇਸ ਦੇਸ਼ ਦੇ ਕਿਰਤੀ ਲੋਕ ਕਦੇ ਕਾਂਗਰਸ, ਕਦੇ ਬੀ.ਜੇ.ਪੀ., ਕਦੇ ਅਕਾਲੀ ਅਤੇ ਅਜਿਹੀਆਂ ਹੀ ਅਨੇਕਾਂ ਵੋਟ-ਬਟੋਰੂ ਪਾਰਟੀਆਂ ਮਗਰ ਚੱਲਣ ਲਈ ਸਰਾਪੇ ਹੋਏ ਹਨ। ਕਿਉਂਕਿ ਲੋਕਾਂ ਕੋਲ਼ ਉਪਰੋਕਤ ਲੀਡਰਾਂ ਨੂੰ ਚੁਣਨ ਤੋਂ ਬਿਨਾਂ ਹੋਰ ਕੋਈ 'ਚੁਆਇਸ' ਹੀ ਨਹੀਂ ਹੈ, ਇਸ ਲਈ ਇਸ ਨੂੰ 'ਲੋਕਾਂ ਦੁਆਰਾ ਰਾਜ' ਹਰਗਿਜ ਨਹੀਂ ਕਿਹਾ ਜਾ ਸਕਦਾ।

15ਵੀਂ ਲੋਕ ਸਭਾ ਚੋਣਾਂ ਦਾ ਬਿਗੁਲ ਵੱਜ ਚੁੱਕਾ ਹੈ। ਰੰਗ ਬਰੰਗੇ ਚੋਣ ਮਦਾਰੀਆਂ ਨੇ ਬਰਸਾਤੀ ਡੱਡੂਆਂ ਵਾਂਗ ਆਪਣੀਆਂ ਖੁੱਡਾਂ ਵਿੱਚੋਂ ਬਾਹਰ ਆ ਕੇ ਆਪਣੇ ਸੰਘ ਪਾੜਨੇ ਸ਼ੁਰੂ ਕਰ ਦਿੱਤੇ ਹਨ। ਲੋਕਾਂ ਵਾਸਤੇ ਲਾਰਿਆਂ ਦੀ ਬਰਸਾਤ ਸ਼ੁਰੂ ਹੋ ਚੁੱਕੀ ਹੈ। ਭਾਰਤੀ ਜਨਤਾ ਪਾਰਟੀ ਨੇ ਇੱਕ ਵਾਰ ਫਿਰ ਰਾਮ ਮੰਦਰ ਦਾ ਮੁੱਦਾ ਜ਼ੋਰ-ਸ਼ੋਰ ਨਾਲ਼ ਉਛਾਲ਼ਿਆ ਹੈ। ਪੰਜਾਬ ਵਿੱਚ ਸਿੱਖਾਂ ਅਤੇ ਡੇਰਾ ਪ੍ਰੇਮੀਆਂ ਵਿੱਚ ਦੰਗੇ ਭੜਕਾਉਣ ਲਈ ਫਿਰਕੂ ਜਨੂੰਨੀ ਪੱਬਾਂ ਭਾਰ ਹੋਈ ਫਿਰਦੇ ਹਨ।

ਅਜਿਹੇ ਸਮੇਂ ਵਿੱਚ ਕਿਰਤੀ ਲੋਕਾਂ ਦੀ ਹਕੀਕੀ ਮੁਕਤੀ ਲਈ ਜੂਝ ਰਹੇ ਇਨਕਲਾਬੀ ਕਾਰਕੁਨਾਂ ਨੂੰ ਵੀ ਚਾਹੀਦਾ ਹੈ ਕਿ ਉਹ ਵੀ ਜੋਸ਼-ਉਤਸ਼ਾਹ ਨਾਲ਼ ਲੋਕਾਂ ਵਿੱਚ ਜਾਣ। ਲੋਕਾਂ ਸਾਹਮਣੇ ਇਸ ਚੋਣ ਤਮਾਸ਼ੇ ਨੂੰ ਨੰਗਿਆਂ ਕੀਤਾ ਜਾਣਾ ਚਾਹੀਦਾ ਹੈ। ਰੰਗ-ਬਰੰਗੀਆਂ ਪਾਰਲੀਮਾਨੀ ਪਾਰਟੀਆਂ ਦੇ ਦਗਾਬਾਜ ਕਿਰਦਾਰ ਤੋਂ ਲੋਕਾਂ ਨੂੰ ਜਾਣੂ ਕਰਾਉਣਾ ਚਾਹੀਦਾ ਹੈ। ਲੋਕਾਂ ਨੂੰ ਇਸ ਗੱਲੋਂ ਚੇਤੰਨ ਕੀਤਾ ਜਾਣਾ ਚਾਹੀਦਾ ਹੈ ਕਿ ਉਹਨਾਂ ਦੀ ਮੁਕਤੀ ਵੋਟ ਪਰਚੀ ਨਾਲ਼ ਨਹੀਂ ਸਗੋਂ ਇਸ ਪੂੰਜੀਵਾਦੀ ਢਾਂਚੇ ਵਿਰੁੱਧ ਸੰਘਰਸ਼ਾਂ ਦੇ ਅਖਾੜੇ ਭਖਾ ਕੇ ਹੀ ਹੋ ਸਕਦੀ ਹੈ।

★ ★ ★

ਦਹਿਸ਼ਤਗਰਦੀ ਨਾਲ਼ ਲੜਨ ਦੇ ਨਾਂ 'ਤੇ ਦੋ ਨਵੇਂ ਕਾਲ਼ੇ ਕਾਨੂੰਨ

ਦਹਿਸ਼ਤਗਰਦੀ ਦੇ ਬਹਾਨੇ ਲੋਕਾਂ ਦੇ ਅਧਿਕਾਰਾਂ ਉੱਤੇ ਹਮਲਾ

● ਕਪਿਲ ਸਵਾਮੀ

ਮੁਬੰਈ 'ਚ ਦਹਿਸ਼ਤਗਰਦ ਹਮਲੇ ਤੋਂ ਬਾਅਦ ਇਹ ਤੈਅ ਹੋ ਗਿਆ ਸੀ ਕਿ ਯੂਪੀਏ ਸਰਕਾਰ ਦਹਿਸ਼ਦਗਰਦ ਵਿਰੋਧੀ ਕਠੋਰ ਕਾਨੂੰਨ ਬਣਾਉਣ ਲਈ ਜਿਸ ਬਹਾਨੇ ਦੀ ਤਲਾਸ਼ ਕਰ ਰਹੀ ਸੀ ਉਹ ਉਸਦੇ ਹੱਥ ਲੱਗ ਗਿਆ ਹੈ। ਹਿੰਦੂਵਾਦੀ ਜੱਥੇਬੰਦੀਆਂ ਦੇ ਦਹਿਸ਼ਤਗਰਦ ਸਰਗਰਮੀਆਂ ਵਿੱਚ ਸ਼ਾਮਿਲ ਹੋਣ ਦੇ ਭਾਂਡਾ ਭੰਨੇ ਜਾਣ ਤੋਂ ਬਾਅਦ ਦੂਸਰਾ ਕੋਈ ਮੁੱਦਾ ਨਾ ਹੋਣ ਵਜੋਂ ਇਹ ਵੀ ਤੈਅ ਸੀ ਕਿ ਆਉਣ ਵਾਲੀਆਂ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਦਹਿਸ਼ਤਗਰਦੀ ਅਤੇ ਕੌਮਵਾਦ ਦੇ ਮੁੱਦੇ ਨੂੰ ਪੂਰੇ ਜ਼ੋਰ-ਸ਼ੋਰ ਨਾਲ਼ ਉਭਾਰੇਗੀ। ਹਮਲੇ ਸਮੇਂ ਦੇਸ਼ ਦੇ ਗ੍ਰਹਿ ਮੰਤਰੀ ਸ਼ਿਵਰਾਜ ਪਾਟਿਲ ਦੀ ਲੱਚਰ ਕਾਰਜਸ਼ੈਲੀ ਅਤੇ ਵਿਸ਼ਵ ਆਰਥਿਕ ਸੰਕਟ ਦੇ ਮਾਹੌਲ ਵਿੱਚ ਵਧਦੀ ਮਹਿੰਗਾਈ ਦਾ ਮੁੱਦਾ ਪਿਛਾਂਹ ਚਲਾ ਗਿਆ। ਕਾਂਗਰਸ ਨੂੰ ਵੋਟ ਬੈਂਕ ਦੀ ਰਾਜਨੀਤੀ ਵਿੱਚ ਨਰਮ ਹਿੰਦੂ ਕਾਰਡ ਖੇਡਣ ਦਾ ਸੁਨਹਿਰਾ ਮੌਕਾ ਹੱਥ ਲੱਗ ਗਿਆ। ਜਲ਼ਦਬਾਜੀ ਵਿੱਚ ਸਰਕਾਰ ਨੇ ਅੰਦਰੂਨੀ ਸੁਰੱਖਿਆ ਸੰਬੰਧੀ ਦੋ ਬਿਲ ਲੋਕ ਸਭਾ ਵਿੱਚ ਪੇਸ਼ ਕਰ ਦਿੱਤੇ ਅਤੇ ਵਿਹਲੜ ਬਹਿਸਬਾਜੀ ਲਈ ਮਸ਼ਹੂਰ ਕੌਮੀ ਸੰਸਦ ਵਿੱਚ ਸਾਰੇ 'ਲੋਕ ਪ੍ਰਤੀਨਿਧੀਆਂ' ਦੀ ਮੌਜੂਦਗੀ ਵਿੱਚ ਆਮ ਨਾਗਰਿਕ ਅਧਿਕਾਰਾਂ ਦਾ ਗਲਾ ਘੁੱਟਣ ਵਾਲ਼ੇ ਦੋਨੋਂ ਕਾਨੂੰਨ ਬਿਨਾਂ ਕਿਸੇ ਬਹਿਸ ਦੇ ਇੱਕ ਮਤ ਹੋ ਕੇ ਪਾਸ ਕਰ ਦਿੱਤੇ ਗਏ।

ਫ਼ਰਕ ਲੱਭੋ…('ਦ ਹਿੰਦ' ਵਿੱਚ ਪ੍ਰਕਾਸ਼ਿਤ ਕਾਰਟੂਨ)



ਪਹਿਲਾ ਕਾਨੂੰਨ *ਗੈਰਕਾਨੂੰਨੀ ਗਤੀਵਿਧੀ ਰੋਕੂ ਕਾਨੂੰਨ, 1967* ਵਿੱਚ ਸੋਧ ਨਾਲ਼ ਸਬੰਧਿਤ ਹੈ, ਜੋ ਦਹਿਸ਼ਤਗਰਦੀ ਦੇ ਦੋਸ਼ੀਆਂ 'ਤੇ ਮੁਕੱਦਮਾ ਚਲਾਉਣ ਦੀ ਹੁਣ ਤੱਕ ਦੀ ਪ੍ਰਕਿਰਿਆ ਵਿੱਚ ਮੁੱਢੋਂ-ਸੁੱਢੋਂ ਬਦਲਾਅ ਕਰਦਾ ਹੈ। ਦੋਸ਼ੀਆਂ ਨੂੰ ਪੁਲਿਸ ਹਿਰਾਸਤ ਵਿੱਚ ਰੱਖਣ ਦਾ ਵੱਧ ਤੋਂ ਵੱਧ ਸਮਾਂ 90 ਦਿਨਾਂ ਤੋਂ ਵਧਾ ਕੇ 180 ਦਿਨ ਕਰ ਦਿੰਦਾ ਹੈ ਅਤੇ ਕੋਈ ਦੋਸ਼ ਲਾਏ ਬਿਨਾਂ ਸ਼ੱਕ ਦੇ ਅਧਾਰ ਉੱਤੇ ਗ੍ਰਿਫ਼ਤਾਰ ਕਰਨ ਦਾ ਅਧਿਕਾਰ ਦਿੰਦਾ ਹੈ। ਇਸ ਤੋਂ ਇਲਾਵਾ ਇਹ ਕਾਨੂੰਨ ਜਮਾਨਤ ਦੀ ਪ੍ਰਕਿਰਿਆ ਬੇਹੱਦ ਔਖੀ ਬਣਾ ਦਿੰਦਾ ਹੈ ਅਤੇ ਵਿਦੇਸ਼ੀ ਨਾਗਰਿਕਾਂ ਨੂੰ ਜਮਾਨਤ ਲੈ ਸਕਣ ਦੇ ਅਧਿਕਾਰ ਤੋਂ ਲੱਗਭਗ ਪੂਰੀ ਤਰ੍ਹਾਂ ਵਾਂਝਾ ਕਰ ਦਿੰਦਾ ਹੈ। ਦੁਨੀਆਂ ਭਰ ਵਿੱਚ ਮੌਜੂਦ ਅਤੇ ਸਦੀਆਂ ਤੋਂ ਚੱਲੀ ਆ ਰਹੀ ਕਾਨੂੰਨੀ ਪਰੰਪਰਾ ਨੂੰ ਛਿੱਕੇ ਟੰਗ ਕੇ ਕਈ ਮਾਮਲਿਆਂ ਵਿੱਚ ਇਹ ਕਾਨੂੰਨ ਕਿਸੇ ਵਿਅਕਤੀ ਨੂੰ ਉਦੋਂ ਤੱਕ ਦੋਸ਼ੀ ਮੰਨਦਾ ਹੈ ਜਦੋਂ ਤੱਕ ਉਹ ਆਪਣੀ ਬੇਗੁਨਾਹੀ ਖੁਦ ਹੀ ਸਿੱਧ ਨਹੀਂ ਕਰ ਦਿੰਦਾ। ਇਸ ਤੋਂ ਇਲਾਵਾ ਇਸ ਕਾਨੂੰਨ ਨੇ ਜਾਂਚ ਏਜੰਸੀਆਂ ਅਤੇ ਪੁਲਿਸ ਅਧਿਕਾਰੀਆਂ ਦੇ ਹੱਥਾਂ ਵਿੱਚ ਅਜਿਹੇ ਅਧਿਕਾਰ ਦੇ ਦਿੱਤੇ ਹਨ ਜਿਹਨਾਂ ਦੀ ਦੁਰਵਰਤੋਂ ਦਾ ਪੂਰਾ ਭੈਅ ਹੈ। ਦੂਸਰਾ ਕਾਨੂੰਨ ਵੀ ਇਸੇ ਨਾਲ਼ ਸੰਬੰਧ ਰੱਖਦਾ ਹੈ ਅਤੇ ਉਹ ਦਹਿਸ਼ਤਗਰਦੀ ਅਤੇ ਹੋਰ ਕਾਨੂੰਨੀ ਦੋਸ਼ਾਂ ਦੀ ਜਾਂਚ ਲਈ ਇੱਕ ਜਾਂਚ ਏਜੰਸੀ ਬਣਾਉਣ ਨਾਲ ਸੰਬੰਧਿਤ ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਕਾਨੂੰਨ ਹੈ।

ਬੇਸ਼ੱਕ ਦਹਿਸ਼ਤਗਰਦ ਸਰਗਰਮੀਆਂ ਦੀ ਨਿੰਦਾ ਕੀਤੀ ਜਾਣੀ ਚਾਹੀਦੀ ਹੈ। ਪਰ ਸਵਾਲ ਉੱਠਦਾ ਹੈ ਕਿ ਕੀ ਉੱਪਰੋਂ ਕੀਤੀ ਜਾਣ ਵਾਲ਼ੀ ਕੋਈ ਕੋਸ਼ਿਸ਼, ਜਿਵੇਂ ਕਿ ਕੋਈ ਨਵਾਂ ਕਾਨੂੰਨ ਬਣਾ ਦੇਣ ਨਾਲ਼ ਦਹਿਸ਼ਤਗਰਦੀ ਨੂੰ ਖ਼ਤਮ ਕੀਤਾ ਜਾ ਸਕਦਾ ਹੈ? ਦਹਿਸ਼ਤਗਰਦੀ ਹੈ ਕੀ ਅਤੇ ਇਸਦੇ ਮੂਲ ਕਾਰਣ ਕੀ ਹਨ? ਕੀ ਇਹਨਾਂ ਕਾਰਨਾਂ ਦਾ ਹੱਲ ਕੀਤੇ ਬਿਨਾਂ ਕਿਸੇ ਕਾਨੂੰਨ, ਫੌਜ, ਪੁਲਿਸ ਆਦਿ ਨਾਲ਼ ਦਹਿਸ਼ਤਗਰਦੀ ਨਾਲ਼ ਨਜਿਠਿਆ ਜਾ ਸਕਦਾ ਹੈ?

ਟਾਡਾ ਅਤੇ ਪੋਟਾ ਜਿਹੇ ਕਾਨੂੰਨਾਂ ਦਾ ਕਹਿਰ ਝੱਲ ਚੁੱਕੇ ਦੇਸ਼ ਦੇ ਲੋਕਾਂ ਸਿਰ ਹੁਣ ਇੱਕ ਅਜਿਹਾ ਕਾਨੂੰਨ ਮੜ੍ਹ ਦਿੱਤਾ ਗਿਆ ਹੈ ਜੋ ਕਈ ਮਾਮਲਿਆਂ ਵਿੱਚ ਉਹਨਾਂ ਤੋਂ ਵੀ ਕਿਤੇ ਜਿਆਦਾ ਖਤਰਨਾਕ ਹੈ। ਵਰਣਨਯੋਗ ਗੱਲ ਇਹ ਹੈ ਕਿ ਇਸ ਭਿਆਨਕ ਕਾਨੂੰਨ ਨੂੰ ਅਸਲੀ ਰੂਪ ਦੇਣ ਵਾਲ਼ੀ ਪਾਰਟੀ ਓਹੀ ਕਾਂਗਰਸ ਪਾਰਟੀ ਹੈ ਜਿਸਨੇ ਦੁਰਵਰਤੋਂ ਦਾ ਦੋਸ਼ ਲਾ ਕੇ ਪੋਟਾ ਵਾਪਿਸ ਲਿਆ ਸੀ। ਸੰਸਦੀ ਖੱਬੇਪੱਖੀਆਂ, ਅਖੌਤੀ ਸਮਾਜਵਾਦੀਆਂ ਅਤੇ ਦੂਜੀਆਂ ਖੇਤਰੀ ਪਾਰਟੀਆਂ ਨੂੰ ਵੀ ਇਸ 'ਤੇ ਕੋਈ ਇਤਰਾਜ਼ ਨਹੀਂ ਹੈ।

ਗੈਰਕਾਨੂੰਨੀ ਗਤੀਵਿਧੀ ਰੋਕੂ ਕਾਨੂੰਨ (ਯੂ.ਏ.ਪੀ.ਏ.) ਨਾ ਸਿਰਫ਼ ਪੋਟਾ ਵਰਗਾ ਹੀ ਹੈ ਸਗੋਂ ਇਹ ਪੋਟਾ ਦੇ ਦਾਇਰੇ ਅਤੇ ਪ੍ਰਭਾਵ ਨੂੰ ਹੋਰ ਵਿਆਪਕ ਅਤੇ ਗਹਿਰਾ ਬਣਾਉਂਦਾ ਹੈ। ਫਰਕ ਸਿਰਫ਼ ਏਨਾ ਹੈ ਕਿ ਪੁਲਿਸ ਹਿਰਾਸਤ ਵਿੱਚ ਦਿੱਤਾ ਗਿਆ ਇਕਬਾਲੀਆ ਬਿਆਨ ਇਸ ਕਾਨੂੰਨ ਵਿੱਚ ਮੰਨਿਆ ਨਹੀਂ ਜਾਵੇਗਾ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਖੁਦ ਨੂੰ ਬੇਗੁਨਾਹ ਸਿੱਧ ਕਰਨ ਦੀ ਜਿੰਮੇਵਾਰੀ ਦੋਸ਼ੀ ਦੀ ਹੀ ਹੋਵੇਗੀ। ਦਹਿਸ਼ਤਗਰਦ ਸਰਗਰਮੀਆਂ ਦੀ ਪ੍ਰੀਭਾਸ਼ਾ ਅਸਪੱਸ਼ਟ ਹੈ ਅਤੇ ਇਹ ਸਰਕਾਰ ਦੀ ਮਰਜੀ 'ਤੇ ਹੋਵੇਗਾ ਕਿ ਉਹ ਕਿਸਨੂੰ ਦਹਿਸ਼ਤਗਰਦ ਸਰਗਰਮੀ ਮੰਨਦੀ ਹੈ ਅਤੇ ਕਿਸਨੂੰ ਨਹੀਂ। ਦਹਿਸ਼ਤਗਰਦ ਜੱਥੇਬੰਦੀ ਦਾ ਮੈਂਬਰ ਕਿਸਨੂੰ ਕਿਹਾ ਜਾ ਸਕਦਾ ਹੈ ਇਹ ਵੀ ਸਪੱਸ਼ਟ ਨਹੀਂ ਹੈ। ਇਸਦੇ ਨਾਲ਼ ਹੀ ਇਹ ਕਾਨੂੰਨ

ਸੁਰੱਖਿਆ ਏਜੰਸੀਆਂ ਦੇ ਅਧਿਕਾਰੀਆਂ ਨੂੰ ਅਨੇਕ ਵਿਆਪਕ ਅਧਿਕਾਰ ਦਿੰਦਾ ਹੈ। ਬਿਨਾਂ ਕਿਸੇ ਦੋਸ਼ ਤੋਂ ਕਿਸੇ ਸ਼ੱਕੀ ਵਿਅਕਤੀ ਨੂੰ ਹਿਰਾਸਤ ਵਿੱਚ ਰੱਖਣ ਦੇ ਘੱਟੋ-ਘੱਟ ਸਮੇਂ ਨੂੰ 15 ਤੋਂ ਵਧਾ ਕੇ 30 ਦਿਨ ਅਤੇ ਵੱਧ ਤੋਂ ਵੱਧ ਸਮੇਂ ਨੂੰ 90 ਦਿਨਾਂ ਤੋਂ ਵਧਾ ਕੇ 180 ਦਿਨ ਕਰ ਦਿੱਤਾ ਗਿਆ ਹੈ, ਜੋ ਕੌਮਾਂਤਰੀ ਪੈਮਾਨਿਆਂ ਤੋਂ ਵੀ ਬਹੁਤ ਜਿਆਦਾ ਹੈ। ਇਸ ਤੋਂ ਇਲਾਵਾ ਕਿਸੇ ਦਸਤਾਵੇਜ, ਫੋਨ 'ਤੇ ਕੀਤੀ ਗਈ ਗੱਲਬਾਤ, ਮੋਬਾਈਲ ਸੰਦੇਸ਼, ਜਾਂ ਕਿਸੇ ਚੀਜ਼ ਦੇ ਅਧਾਰ 'ਤੇ ਕਿਸੇ ਸ਼ੱਕੀ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਜਾ ਸਕਦਾ ਹੈ, ਲੰਮੇ ਸਮੇਂ ਤੱਕ ਹਿਰਾਸਤ ਵਿੱਚ ਰੱਖਿਆ ਜਾ ਸਕਦਾ ਹੈ ਅਤੇ ਹੋਰ ਮਨੁੱਖੀ ਅਧਿਕਾਰਾਂ ਤੋਂ ਵਾਂਝਾ ਕੀਤਾ ਜਾ ਸਕਦਾ ਹੈ। ਸਮਝਿਆ ਹੀ ਜਾ ਸਕਦਾ ਹੈ ਕਿ ਪੁਲਿਸ ਦੁਆਰਾ ਝੂਠੇ ਸਬੂਤ ਘੜਨੇ ਅਤੇ ਝੂਠੀ ਕਹਾਣੀ ਬਣਾਉਣ ਵਿੱਚ ਇਹ ਮਦਾਂ ਕਿੰਨੀਆਂ ਮਦਦਗਾਰ ਸਿੱਧ ਹੋਣਗੀਆਂ।

ਦੂਜੇ ਪਾਸੇ, ਨਵੀਂ ਬਣੀ *ਕੌਮੀ ਜਾਂਚ ਏਜੰਸੀ* ਸਿੱਧੇ ਕੇਂਦਰੀ ਸਰਕਾਰ ਦੇ ਕੰਟਰੋਲ਼ ਵਿੱਚ ਰਹੇਗੀ ਅਤੇ ਰਾਜ ਪੱਧਰ ਦੇ ਕਾਨੂੰਨ ਇਸ ਮੁਕਾਬਲੇ ਲਾਗੂ ਨਹੀਂ ਹੋਣਗੇ। ਮਹੱਤਵਪੂਰਨ ਹੋਰ ਅਜੀਬ ਗੱਲ ਹੈ ਕਿ ਕੌਮੀ ਜਾਂਚ ਏਜੰਸੀ 'ਖੱਬੇਪੱਖੀ ਦਹਿਸਤਗਰਦੀ' ਨਾਲ਼ ਸੰਬੰਧਿਤ ਮਾਮਲਿਆਂ ਦੀ ਜਾਂਚ ਵਿਸ਼ੇਸ਼ ਤੌਰ 'ਤੇ ਕਰੇਗੀ ਪਰ ਮਾਲੇਗਾਓਂ ਧਮਾਕਿਆਂ ਤੋਂ ਇਲਾਵਾ ਗੁਜਰਾਤ, ਉੜੀਸਾ, ਕਰਨਾਟਕ ਜਿਹੇ ਰਾਜਾਂ ਵਿੱਚ ਹਿੰਦੂਤਵੀ ਸੱਜੇਪੱਖੀ ਦਹਿਸ਼ਤਗਰਦੀ ਦੇ ਪੱਕੇ ਸਬੂਤ ਮਿਲ ਜਾਣ ਬਾਅਦ ਵੀ ਇਸ ਨੂੰ ਜਾਂਚ ਏਜੰਸੀ ਦੇ ਦਾਇਰੇ ਵਿੱਚ ਨਹੀਂ ਰੱਖਿਆ ਗਿਆ। ਗਵਾਹਾਂ, ਸਬੂਤਾਂ ਆਦਿ ਬਾਰੇ ਵੀ ਸਰਕਾਰੀ ਏਜੰਸੀਆਂ ਨੂੰ ਮਨਮਰਜੀ ਦੇ ਅਧਿਕਾਰਾਂ ਨਾਲ਼ ਲੈਸ ਕਰ ਦਿੱਤਾ ਗਿਆ ਹੈ।

ਅੱਜ ਤੱਕ ਦੇ ਦਹਿਸ਼ਤਗਰਦੀ ਵਿਰੋਧੀ ਕਾਨੂੰਨਾਂ ਦੀ ਵਰਤੋਂ (ਅਸਲਿਅਤ ਵਿੱਚ ਦੁਰਵਰਤੋਂ) ਦਾ ਇਤਿਹਾਸ ਵੇਖੀਏ ਤਾਂ ਪਤਾ ਚਲ ਜਾਵੇਗਾ ਕਿ ਇਹਨਾਂ ਕਾਨੂੰਨਾਂ ਦਾ ਅਸਲੀ ਮਕਸਦ ਰਾਜਨੀਤਕ ਵਿਰੋਧੀਆਂ, ਜਾਗਰੂਕ ਅਤੇ ਸਰਗਰਮ ਨਾਗਰਿਕਾਂ, ਰਾਜਨੀਤਕ ਕਾਰਕੁੰਨਾਂ ਅਤੇ ਆਮ ਲੋਕਾਂ ਨਾਲ਼ ਨਿਬੜਨਾ ਅਤੇ ਉਨ੍ਹਾਂ ਵਿੱਚ ਦਹਿਸ਼ਤ ਫੈਲਾਉਣਾ ਰਿਹਾ ਹੈ। ਆਮ ਲੋਕਾਂ ਲਈ ਦਹਿਸ਼ਤ ਦਾ ਹੀ ਦੂਜਾ ਨਾਂ ਬਣ ਚੁੱਕੀ ਪੁਲਿਸ ਨੂੰ ਇਹ ਕਾਨੂੰਨ ਹੋਰ ਵੀ ਤਿੱਖੇ ਦੰਦਾਂ-ਨੌਹਾਂ ਨਾਲ਼ ਲੈਸ ਕਰਦੇ ਹਨ। ਪੁਲਸੀਆ ਢਾਂਚੇ ਦੁਆਰਾ ਨਿਯਮ-ਕਾਨੂੰਨਾਂ ਨੂੰ ਛਿੱਕੇ ਟੰਗੇ ਜਾਣ ਤੋਂ ਖਿੱਝ ਕੇ ਸੁਪਰੀਮ ਕੋਰਟ ਦੇ ਇੱਕ ਜੱਜ ਨੇ ਉਸਨੂੰ ਇੱਕ ਜੱਥੇਬੰਦ ਗੁੰਡਾ ਗਰੋਹ ਦੇ ਵਿਸ਼ੇਸ਼ਣ ਨਾਲ਼ ਨਿਵਾਜਿਆ ਸੀ। ਝੂਠੇ ਦੋਸ਼ਾਂ ਵਿੱਚ ਬੇਗੁਨਾਹਾਂ ਨੂੰ ਫਸਾਉਣਾ, ਗੈਰਕਾਨੂੰਨੀ ਢੰਗ ਨਾਲ਼ ਹਿਰਾਸਤ ਵਿੱਚ ਰੱਖਣਾ, ਤਸੀਹੇ ਦੇਣੇ ਅਤੇ ਝੂਠੇ ਮੁਕਾਬਲਿਆਂ ਵਿੱਚ ਲੋਕਾਂ ਅਤੇ ਮਾਮਲਿਆਂ ਨੂੰ ਖ਼ਤਮ ਕਰ ਦੇਣ ਵਿੱਚ ਸਾਰੇ ਰਾਜਾਂ ਦੀ ਪੁਲਿਸ ਇੱਕ ਦੂਜੇ ਨਾਲ਼ ਮੁਕਾਬਲੇ ਵਿੱਚ ਲੱਗੀ ਰਹਿੰਦੀ ਹੈ ਅਤੇ ਅਖੌਤੀ ਸੱਭਿਅਕ ਸਮਾਜ ਐਨਕਾਊਂਟਰ ਮਾਹਰਾਂ ਨੂੰ ਨਾਇਕ ਮੰਨਦਾ ਹੈ।

ਦਹਿਸ਼ਤਗਰਦੀ ਦਾ ਹਊਆ ਖੜਾ ਕਰਨ ਪਿੱਛੇ ਮਾਨਸਿਕਤਾ ਅਤੇ ਇਸਦੀ ਸੱਚਾਈ ਉੱਤੇ ਵੀ ਧਿਆਨ ਦੇਣਾ ਜਰੂਰੀ ਹੈ। ਅੰਕੜਿਆਂ ਦੀ ਮੰਨੀਏ ਤਾਂ ਪਿਛਲੇ ਵਰ੍ਹੇ ਵਿੱਚ ਦੇਸ਼ ਵਿੱਚ ਦਹਿਸ਼ਤਗਰਦ ਸਰਗਰਮੀਆਂ ਵਿੱਚ ਪ੍ਰਤੀ ਦਿਨ ਔਸਤਨ 2 ਲੋਕਾਂ ਦੀ ਮੌਤ ਹੋਈ ਅਤੇ ਅਖ਼ਬਾਰ ਤੋਂ ਲੈ ਕੇ ਟੀ.ਵੀ. ਤੱਕ ਅਤੇ ਸੰਸਦ ਤੋਂ ਲੈ ਕੇ ਸੜਕ ਤੱਕ ਇਹ ਮੁੱਦਾ ਮਹੱਤਵਪੂਰਣ ਬਣਿਆ ਰਿਹਾ। ਜਦੋਂ ਕਿ ਇਸ ਤੋਂ ਵੀ ਕਿਤੇ ਵੱਧ ਗੰਭੀਰ ਤੱਥ ਇਹ ਹੈ ਕਿ ਇਸ ਦੌਰਾਨ ਪੁਲਿਸ ਹਿਰਾਸਤ ਵਿੱਚ ਪ੍ਰਤੀ ਦਿਨ ਔਸਤਨ ਚਾਰ ਲੋਕਾਂ ਦੀ ਮੌਤ ਹੋਈ ਅਤੇ ਇਸ ਉੱਤੇ ਕੋਈ ਧਿਆਨ ਨਹੀਂ ਦਿੱਤਾ ਗਿਆ। ਮਤਲਬ ਇਹ ਕਿ ਸਾਡੇ ਦੇਸ਼ ਦੇ ਲੋਕਾਂ ਦੀ ਜਾਨ ਨੂੰ ਦਹਿਸ਼ਤਗਰਦਾਂ ਤੋਂ ਵੱਧ ਪੁਲਿਸ ਤੋਂ ਖਤਰਾ ਹੈ। ਦੇਸ਼ ਸਾਹਮਣੇ ਮੌਜੂਦ ਹੋਰ ਗੰਭੀਰ ਸਮੱਸਿਆਵਾਂ ਜਿਵੇਂ ਕਿ ਭੁੱਖ ਅਤੇ ਕੁਪੋਸ਼ਣ ਨਾਲ਼ ਹਰ ਵਰ੍ਹੇ ਹੋਣ ਵਾਲ਼ੀਆਂ ਹਜਾਰਾਂ ਬੱਚਿਆਂ ਦੀਆਂ ਮੌਤਾਂ, ਕੰਮ ਦੌਰਾਨ ਦੁਰਘਟਨਾ ਅਤੇ ਬਿਮਾਰੀ ਨਾਲ਼ ਹਰ ਵਰ੍ਹੇ 4 ਲੱਖ ਮਜ਼ਦੂਰਾਂ ਦੀ ਮੌਤ ਅਤੇ ਹੜ੍ਹ, ਸੋਕਾ, ਠੰਡ ਨਾਲ਼ ਹਜਾਰਾਂ-ਲੱਖਾਂ ਦੀ ਗਿਣਤੀ ਵਿੱਚ ਹੋਣ ਵਾਲ਼ੀਆਂ ਮੌਤਾਂ, ਅਜਿਹੀਆਂ ਅਨੇਕਾਂ ਸਮੱਸਿਆਵਾਂ 'ਤੇ ਮੀਡੀਆ, ਸਰਕਾਰ ਜਾਂ ਸੱਭਿਅਕ ਨਾਗਰਿਕ ਸਮਾਜ ਵਿੱਚ ਓਨੀ ਸਰਗਰਮੀ ਨਹੀਂ ਦਿਖਾਈ ਦਿੰਦੀ ਜਿੰਨੀ ਕਿ ਦਹਿਸ਼ਤਗਰਦੀ ਉੱਤੇ।

ਸਭ ਤੋਂ ਖਤਰਨਾਕ ਦਹਿਸ਼ਤਗਰਦੀ ਵਿਰੋਧੀ ਕਾਨੂੰਨ ਟਾਡਾ ਤਹਿਤ ਲੱਗਭਗ 67,000 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਜਿਸ ਵਿੱਚ ਸਿਰਫ਼ 8,000 'ਤੇ ਮੁਕੱਦਮਾ ਚਲਾਇਆ ਗਿਆ ਅਤੇ ਉਸ ਵਿੱਚ ਵੀ ਸਿਰਫ਼ 725 ਨੂੰ ਹੀ ਸਜਾਵਾਂ ਮਿਲੀਆਂ। ਟਾਡਾ ਮਾਮਲਿਆਂ ਦੀ ਸਮੀਖਿਆ ਲਈ ਬਣਾਈਆਂ ਗਈਆਂ ਸਰਕਾਰੀ ਕਮੇਟੀਆਂ ਨੇ ਹੀ ਸਵੀਕਾਰ ਕੀਤਾ ਕਿ ਇਹਨਾਂ ਸਾਰੇ ਮਾਮਲਿਆਂ ਵਿੱਚ ਸਿਰਫ਼ 5,000 ਮਾਮਲੇ ਹੀ ਅਜਿਹੇ ਸਨ ਜਿਹਨਾਂ ਵਿੱਚ ਟਾਡਾ ਦਾ ਪ੍ਰਯੋਗ ਕੀਤਾ ਜਾਣਾ ਚਾਹੀਦਾ ਸੀ। 1993 'ਚ, ਗੁਜਰਾਤ ਵਿੱਚ ਦਹਿਸ਼ਤਗਰਦੀ ਦੀ ਕੋਈ ਘਟਨਾ ਨਹੀਂ ਹੋਈ ਪਰ ਉੱਥੇ 19,000 ਲੋਕਾਂ ਨੂੰ ਟਾਡਾ ਤਹਿਤ ਗ੍ਰਿਫਤਾਰ ਕੀਤਾ ਗਿਆ। ਧਰਮ ਦੇ ਅਧਾਰ 'ਤੇ ਟਾਡਾ ਦੀ ਦੁਰਵਰਤੋਂ ਕਿੰਨੇ ਵੱਡੇ ਪੱਧਰ 'ਤੇ ਹੋਈ ਇਸਦਾ ਅਨੁਮਾਨ ਇਸੇ ਤੱਥ ਤੋਂ ਲਾਇਆ ਜਾ ਸਕਦਾ ਹੈ ਕਿ ਰਾਜਸਥਾਨ ਵਿੱਚ ਟਾਡਾ ਦੇ 115 ਦੋਸ਼ੀਆਂ ਵਿੱਚੋਂ 112 ਮੁਸਲਮਾਨ ਸਨ ਅਤੇ 3 ਸਿੱਖ। ਇਸੇ ਤਰ੍ਹਾਂ ਗੁਜਰਾਤ ਵਿੱਚ ਪੋਟਾ ਤਹਿਤ ਗ੍ਰਿਫ਼ਤਾਰ 200 ਤੋਂ ਵੱਧ ਲੋਕਾਂ ਵਿੱਚ ਇੱਕ ਵਿਅਕਤੀ ਨੂੰ ਛੱਡ ਕੇ ਬਾਕੀ ਸਾਰੇ ਮੁਸਲਮਾਨ ਸਨ।

'ਨਕਸਲੀ ਸਮੱਸਿਆ' ਦਾ ਮੁਕਾਬਲਾ ਕਰਨ ਦੇ ਨਾਂ ਹੇਠ ਛੱਤੀਸ਼ਗੜ੍ਹ ਜਿਹੇ ਰਾਜਾਂ, ਉੱਤਰ-ਪੂਰਬ ਅਤੇ ਜੰਮੂ ਅਤੇ ਕਸ਼ਮੀਰ ਵਿੱਚ ਪਹਿਲਾਂ ਤੋਂ ਹੀ ਦਹਿਸ਼ਤਗਰਦੀ ਨਾਲ਼ ਲੜਨ ਦੇ ਨਾਂ ਹੇਠ ਫੌਜ-ਪੁਲਿਸ, ਅਰਧਫੌਜੀ ਬਲਾਂ ਅਤੇ ਜਾਂਚ ਏਜੰਸੀਆਂ ਨੂੰ ਬਹੁਤ ਸਾਰੇ ਅਜਿਹੇ ਅਧਿਕਾਰ ਮਿਲੇ ਹੋਏ ਹਨ ਜਿਹਨਾਂ ਦੁਆਰਾ ਉੱਥੇ ਸਮਾਜਿਕ-ਰਾਜਨੀਤਕ ਕਾਰਕੁੰਨਾਂ, ਲੋਕ ਪੱਖੀ ਪੱਤਰਕਾਰਾਂ ਅਤੇ ਸੱਭਿਆਚਾਰਕ ਕਾਮਿਆਂ ਦੇ ਮਨੁੱਖੀ ਅਧਿਕਾਰਾਂ 'ਤੇ ਡਾਕੇ ਅਤੇ ਜ਼ਬਰ ਦਾ ਸਿਲਸਿਲਾ ਲਗਾਤਾਰ ਚਲਦਾ ਰਹਿੰਦਾ ਹੈ। ਡਾ. ਵਿਨਾਯਕ ਸੇਨ ਅਤੇ ਟੀ. ਰਾਜੂ ਜਿਹੇ ਬੇਗੁਨਾਹ ਲੋਕਾਂ ਨੂੰ ਲੰਮੇ ਸਮੇਂ ਤੱਕ ਹਿਰਾਸਤ ਵਿੱਚ ਰੱਖਿਆ ਜਾਂਦਾ ਹੈ। ਅਜਿਹੇ ਅਨੇਕ ਮਾਮਲੇ ਹਨ ਜੋ ਸਾਹਮਣੇ ਹੀ ਨਹੀਂ ਆ ਪਾਉਂਦੇ ਹਨ।

ਇੱਥੇ ਇੱਕ ਵਾਰ ਫਿਰ ਅਸੀਂ ਇਹ ਯਾਦ ਦਿਵਾਉਣਾ ਚਾਹੁੰਦੇ ਹਾਂ ਕਿ ਹਰ ਤਰਾਂ ਦੀ ਦਹਿਸ਼ਤਗਰਦੀ ਸੱਤਾ ਦੁਆਰਾ ਜ਼ਬਰ ਅਤੇ ਲੁੱਟ ਦਾ ਨਤੀਜਾ ਹੁੰਦੀ ਹੈ। ਸੱਤਾ ਦੀ ਦਹਿਸ਼ਤਗਰਦੀ ਦਾ ਪ੍ਰਤੀਰੋਧ ਕਰਨ ਲਈ ਜੇਕਰ ਲੋਕਾਂ ਕੋਲ਼ ਸਹੀ ਪ੍ਰਤੀਰੋਧ ਦਾ ਕੋਈ ਮੰਚ ਨਹੀਂ ਹੋਵੇਗਾ ਤਾਂ ਉਹ ਨਿਰਾਸ਼ਾ ਵਿੱਚ ਦਹਿਸ਼ਤਗਰਦ

(ਬਾਕੀ ਸਫ਼ਾ 29 'ਤੇ)

ਮੈਂਗਲੂਰ ਦੇ ਪੱਬ 'ਚ ਔਰਤਾਂ 'ਤੇ ਹਿੰਸਕ ਹਮਲਾ

ਫ਼ਾਸੀਵਾਦੀ ਕੇਸਰੀ ਗਰੋਹ ਦਾ ਅਖੌਤੀ ਪੱਬ ਵਿਰੋਧ

—ਲਖਵਿੰਦਰ

ਕਰਨਾਟਕ ਦੇ ਇੱਕ ਪੱਬ ਵਿੱਚ 24 ਜਨਵਰੀ ਨੂੰ ਹਿੰਦੂ ਕੱਟੜਪੰਥੀ ਜੱਥੇਬੰਦੀ 'ਸ਼੍ਰੀ ਰਾਮ ਸੇਨਾ' ਦੇ ਗੁੰਡਾ ਗਰੋਹ ਦੁਆਰਾ ਅਖੌਤੀ ਪਬ ਵਿਰੋਧ ਦੇ ਨਾਂ 'ਤੇ ਕੁੜੀਆਂ 'ਤੇ ਕੀਤੇ ਗਏ ਹਿੰਸਕ ਹਮਲੇ ਦੀ ਹਰ ਇੱਕ ਜਮਹੂਰੀਅਤ ਪਸੰਦ ਵਿਅਕਤੀ ਦੁਆਰਾ ਬੇਕਿਰਕ ਨਿੰਦਾ ਕੀਤੀ ਜਾਣੀ ਚਾਹੀਦੀ ਹੈ। ਬੇਸ਼ੱਕ ਅਸੀਂ ਲੱਚਰ ਪੱਬ ਸੱਭਿਆਚਾਰ ਦੇ ਸਖ਼ਤ ਵਿਰੋਧੀ ਹਾਂ ਪਰ ਔਰਤਾਂ ਨੂੰ ਹਮੇਸ਼ਾਂ ਪੈਰ ਦੀ ਜੁੱਤੀ ਸਮਝਣ ਵਾਲ਼ੇ ਅਤੇ ਉਹਨਾਂ ਨੂੰ ਹਮੇਸ਼ਾਂ ਅਨੇਕਾਂ ਅਦ੍ਰਿਸ਼ ਸਮਾਜਿਕ ਜੰਜ਼ੀਰਾਂ ਵਿੱਚ ਕੈਦ ਵਿੱਚ ਰੱਖਣ ਦੀ ਔਰਤ ਵਿਰੋਧੀ ਅਤੇ ਹੱਦ ਦਰਜੇ ਦੀ ਪਿਛਾਖੜੀ ਸੋਚ ਰੱਖਣ ਵਾਲ਼ੇ ਇਹਨਾਂ ਕੇਸਰੀ ਫ਼ਾਸੀਵਾਦੀਆਂ ਦੇ ਵਿਰੋਧ ਕਰਨ ਪਿੱਛੇ ਦੀ ਸੋਚ ਅਤੇ ਸਾਡੇ ਵਿਰੋਧ ਕਰਨ ਦੀ ਸੋਚ ਵਿੱਚ ਜਮੀਨ ਅਸਮਾਨ ਦਾ ਫ਼ਰਕ ਹੈ।

'ਸ਼੍ਰੀ ਰਾਮ ਸੇਨਾ' ਜਿਹਾ ਲੋਕ ਲੁਭਾਊ ਨਾਮ ਰੱਖਣ ਵਾਲ਼ੀ ਇਸ ਜੱਥੇਬੰਦੀ ਦੇ ਲੀਡਰਾਂ ਦੇ ਸੁਪਨੇ ਬਿਨਾਂ ਸ਼ੱਕ ਇਹੋ ਨੇ ਕਿ ਉਹ ਹਿੰਦੂ ਧਰਮ ਵਿੱਚ ਵਿਸ਼ਵਾਸ਼ ਰੱਖਣ ਵਾਲ਼ੇ ਆਮ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਇਸਤੇਮਾਲ ਕਰਕੇ ਰਾਜਨੀਤੀ ਵਿੱਚ ਉੱਚੇ ਤੋਂ ਉੱਚਾ ਉੱਠਣਾ ਚਾਹੁੰਦੇ ਹਨ। ਉਹਨਾਂ ਨੂੰ 'ਪੱਬ ਸੱਭਿਆਚਾਰ' ਨੂੰ ਖ਼ਤਮ ਕਰਨ ਵਿੱਚ ਦਿਲੋਂ ਕੋਈ ਦਿਲਚਸਪੀ ਨਹੀਂ ਹੈ। ਇਹ ਅਖੌਤੀ ਰਾਮ ਸੈਨਿਕ ਸਿਰਫ਼ ਔਰਤਾਂ ਦੇ ਪੱਬਾਂ ਵਿੱਚ ਜਾਣ ਦਾ ਵਿਰੋਧ ਕਰਦੇ ਹਨ ਪੁਰਸ਼ਾਂ ਦਾ ਨਹੀਂ। ਕੁੜੀਆਂ ਦੇ ਕੁੱਟ-ਕੁਟਾਪੇ ਦੀ ਇਹ ਕਾਰਵਾਈ ਵੀ ਬੇਸ਼ੱਕ ਸਿਰਫ਼ ਪ੍ਰਸਿੱਧੀ ਹਾਸਿਲ ਕਰਨ ਦਾ ਹੀ ਇੱਕ ਨੀਚ ਰਸਤਾ ਅਪਣਾਇਆ ਗਿਆ ਹੈ। ਜਿਸ ਢੰਗ ਨਾਲ਼ ਮੀਡੀਆ ਵਾਲ਼ਿਆਂ ਨਾਲ਼ ਗਿੱਟ-ਮਿੱਟ ਕਰਕੇ 'ਸ਼੍ਰੀ ਰਾਮ ਸੇਨਾ' ਨੇ ਆਪਣੇ ਐਕਸ਼ਨ ਦੀ ਵੀਡੀਓ ਰਿਕਾਰਡਿੰਗ ਕਰਵਾਈ ਉਸਤੋਂ ਹੀ ਇਸ ਗੱਲ ਦਾ ਸਾਫ਼ ਪਤਾ ਲੱਗ ਜਾਂਦਾ ਹੈ। ਇਹ ਕੋਈ ਵੱਡੀ ਜੱਥੇਬੰਦੀ ਨਹੀਂ ਹੈ। ਮੈਂਗਲੂਰ ਵਿੱਚ ਹੀ ਇਸ ਦੀ ਦੂਸਰੇ ਹਿੰਦੂ ਕੱਟੜਪੰਥੀ ਗਰੋਹ ਬਜਰੰਗ ਦਲ ਸਾਹਮਣੇ ਹੀ ਕੋਈ ਔਕਾਤ ਨਹੀਂ ਹੈ। ਪਰ ਇਸ ਘਟਨਾ ਨੇ ਸਾਰੇ ਦੇਸ਼ ਵਿੱਚ ਇਸ ਦਾ ਨਾਂ ਕਰ ਦਿੱਤਾ ਹੈ। ਆਪਣੇ ਇਸ ਐਕਸ਼ਨ ਪਿੱਛੇ ਇਸ ਜੱਥੇਬੰਦੀ ਦੇ ਲੀਡਰਾਂ ਦੀ ਬੱਸ ਇਹੋ ਯੋਜਨਾ ਸੀ।

'ਸ਼੍ਰੀ ਰਾਮ ਸੈਨਾ' ਨਾਮ ਦਾ ਇਹ ਕੇਸਰੀ ਗੁੰਡਾ ਗਿਰੋਹ 'ਰਾਸ਼ਟਰੀ ਹਿੰਦੂ ਸੇਨਾ' ਨਾਂ ਦੀ ਰਾਜਨੀਤਕ ਪਾਰਟੀ ਦਾ ਨੌਜਵਾਨ ਫਰੰਟ ਹੈ। ਇਸ ਪਾਰਟੀ ਦਾ ਕੌਮੀ ਪ੍ਰਧਾਨ ਪ੍ਰਮੋਦ ਮੁਤਾਲਿਕ ਹੈ। ਪ੍ਰਮੋਦ ਮੁਤਾਲਿਕ ਦਾ ਪਿਛੋਕੜ ਜਾਨਣਯੋਗ ਹੈ। ਉਸਨੂੰ ਆਰ.ਐਸ.ਐਸ. ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਤੋਂ ਮੁੱਢਲੀ ਹਿੰਦੂਤਵਵਾਦੀ ਕੱਟੜਪੰਥੀ ਟ੍ਰੇਨਿੰਗ ਹਾਸਿਲ ਹੋਈ। ਜਦੋਂ 1996 ਵਿੱਚ ਕਰਨਾਟਕ ਵਿੱਚ ਬਜਰੰਗ ਦਲ ਦੀ ਸ਼ੁਰੂਆਤ ਹੋਈ ਤਾਂ ਉਹ ਇਸ ਦਾ ਪਹਿਲਾ ਕਨਵੀਨਰ ਬਣਿਆ। ਬਜਰੰਗ ਦਲ ਵਿੱਚ ਲਾਏ ਆਪਣੇ ਅੱਠ ਵਰ੍ਹਿਆਂ ਦੌਰਾਨ ਉਸਨੇ ਮੁਸਲਮਾਨਾਂ ਖਿਲਾਫ਼ ਜ਼ੋਰਦਾਰ ਸਰਗਰਮੀ ਕੀਤੀ। ਰਾਜਨੀਤੀ ਵਿੱਚ ਉੱਚਾ ਉੱਠਣ ਦੇ ਆਪਣੇ ਸੁਪਨਿਆਂ ਦੇ ਪੂਰਾ ਹੋਣ ਲਈ ਮੁੱਖ ਹਿੰਦੂਤਵਵਾਦੀ ਰਾਜਨੀਤਕ ਪਾਰਟੀ ਭਾਜਪਾ ਵਿੱਚ ਘੱਟ ਸੰਭਾਵਨਾਵਾਂ ਵੇਖਦੇ ਹੋਏ ਉਹ 2004 ਵਿੱਚ ਸ਼ਿਵ ਸੈਨਾ ਵਿੱਚ ਸ਼ਾਮਲ ਹੋ ਗਿਆ। ਪਰ ਉੱਥੇ ਵੀ ਉਸਨੂੰ ਆਪਣੇ ਰਾਜਨੀਤਕ ਕੈਰੀਅਰ ਬਣਾਉਣ ਦੇ ਮਨਸੂਬੇ ਪੂਰੇ ਹੁੰਦੇ ਨਜ਼ਰ ਨਾ ਆਏ। ਉਸੇ ਸਾਲ ਉਸਨੇ 'ਰਾਸ਼ਟਰੀ ਹਿੰਦੂ ਸੇਨਾ' ਨਾਂ ਦੀ ਨਵੀਂ ਪਾਰਟੀ ਬਣਾਈ। ਇਸ ਤਰ੍ਹਾਂ ਪ੍ਰਮੋਦ ਮੁਤਾਲਿਕ ਨੇ ਜਿਹੜੀਆਂ ਵੀ ਜੱਥੇਬੰਦੀਆਂ ਵਿੱਚ ਕੰਮ ਕੀਤਾ ਹੈ ਉਹ ਸਭ ਭਾਰਤ ਵਿੱਚ ਫਾਸਿਸਟਾਂ ਦੀ ਪ੍ਰਤੀਨਿਧਤਾ ਕਰਨ ਵਾਲ਼ੇ ਹਿੰਦੂਤਵਵਾਦੀ ਕੱਟੜਪੰਥੀ ਸੰਘ ਪਰਿਵਾਰ ਦਾ ਹਿੱਸਾ ਹਨ। ਇਹਨਾਂ ਸਭ ਦੇ ਲੀਡਰ ਅਤੇ ਜੱਥੇਬੰਦਕ ਢਾਂਚੇ ਵੱਖ-ਵੱਖ ਹੋ ਸਕਦੇ ਹਨ। ਪਰ ਇਹਨਾਂ ਦੀ ਸੋਚ ਇੱਕੋ ਹੈ ਅਤੇ ਆਮ ਤੌਰ 'ਤੇ ਮਿਲ ਕੇ ਚਲਦੇ ਹਨ। ਦੁਨੀਆਂ ਭਰ ਦੇ ਧਾਰਮਿਕ ਕੱਟੜਪੰਥੀਆਂ ਵਾਂਗ ਸੰਘ ਪਰਿਵਾਰ ਵੀ ਮਨੁੱਖੀ ਅਜ਼ਾਦੀ ਦੇ ਸਭਨਾਂ ਰੂਪਾਂ ਦਾ ਘੋਰ ਵਿਰੋਧੀ ਹੈ। ਖਾਸਕਰ ਔਰਤਾਂ ਦੀ ਅਜ਼ਾਦੀ ਦੇ ਤਾਂ ਇਹ ਕੱਟੜ ਵਿਰੋਧੀ ਹਨ। 'ਸੱਭਿਆਚਾਰ ਦੀ ਨੈਤਿਕ ਰਖਵਾਲੀ' ਦੇ ਨਾਂ 'ਤੇ ਕੇਵਲ ਔਰਤਾਂ ਨੂੰ ਹੀ ਨਿਸ਼ਾਨਾਂ ਬਣਾਇਆ ਜਾਂਦਾ ਹੈ। ਕਰਨਾਟਕਾ ਵਿੱਚ ਪੱਬ ਹਮਲੇ ਦੀ ਇਸ ਘਟਨਾ ਤੋਂ ਵੀ ਇਹ ਸਾਫ਼ ਦੇਖਿਆ ਜਾ ਸਕਦਾ ਹੈ। ਕੇਸਰੀ ਗਰੋਹ ਜ਼ੀਨ-ਸ਼ਰਟ ਪਾਉਣਾ ਪਸੰਦ ਕਰਨ ਵਾਲੀਆਂ ਲੜਕੀਆਂ 'ਤੇ ਵੀ ਅਕਸਰ ਹੀ ਹਿੰਸਕ ਹਮਲੇ ਕਰਦੇ ਰਹਿੰਦੇ ਹਨ। ਪੱਬ ਹਮਲੇ ਦੀ ਉਤੇਜਨਾਂ ਤੋਂ ਬਾਅਦ ਵੀ ਮੁੰਬਈ ਵਿੱਚ ਅਜਿਹੀਆਂ ਕਈ ਘਟਨਾਵਾਂ ਵਾਪਰੀਆਂ ਹਨ।

ਇਹ ਕੇਸਰੀ ਗਰੋਹ ਮਨੁੱਖ ਦੇ ਪ੍ਰੇਮ ਕਰਨ ਦੀ ਅਜ਼ਾਦੀ ਦੇ ਘੋਰ ਵਿਰੋਧੀ ਹਨ। ਵੈਲਨਟਾਈਨ ਡੇ 'ਤੇ ਪ੍ਰੇਮੀ ਜੋੜਿਆਂ ਨੂੰ ਘੇਰ ਕੇ ਲੜਕੀ ਤੋਂ ਲੜਕੇ ਦੇ ਰੱਖੜੀ ਬਨਵਾਉਣ ਤੋਂ ਲੈ ਕੇ ਉਹਨਾਂ ਦੀ ਬੁਰੀ ਤਰ੍ਹਾਂ ਕੁੱਟ ਮਾਰ ਕਰਨ ਦੀਆਂ ਘਟਨਾਵਾਂ ਹਰ ਸਾਲ ਸਾਹਮਣੇ ਆਉਂਦੀਆਂ ਹਨ। ਇਹਨਾਂ ਦੀ ਇਸ ਘੋਰ ਪਿਛਾਖੜੀ ਸੋਚ ਦਾ ਅੰਦਾਜ਼ਾ ਇਸ ਘਟਨਾ ਤੋਂ ਲਾਇਆ ਜਾ ਸਕਦਾ ਹੈ। ਸੰਨ 2007 ਵਿੱਚ ਬਜਰੰਗ ਦਲ ਦੇ ਕਾਰਕੁੰਨਾਂ ਨੇ ਮੈਂਗਲੂਰ ਵਿੱਚ ਮੁਸਲਿਮ ਨੌਜਵਾਨਾਂ ਦੀ ਉਦੋਂ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਜਦੋਂ ਉਹ ਆਪਣੀਆਂ ਹਿੰਦੂ ਦੋਸਤ ਲੜਕੀਆਂ ਨਾਲ਼ ਪਬਲਿਕ ਥਾਂ 'ਤੇ ਆਈਸ ਕ੍ਰੀਮ ਖਾ ਰਹੇ ਸਨ।

ਔਰਤਾਂ ਨੂੰ ਪਰਦੇ ਦੀ ਕੈਦ ਸੁਣਾਉਣ ਵਾਲ਼ੇ ਇਸ ਕੇਸਰੀ ਗਰੋਹ ਦਾ ਕੀ ਤੁਸੀਂ ਤਾਲੀਬਾਨ ਨਾਲੋਂ ਕੋਈ ਫ਼ਰਕ ਦੱਸ ਸਕੋਗੇ? ਦੋਨੋਂ ਇੱਕ ਦੂਜੇ ਤੋਂ ਅੱਗੇ ਹੋ ਕੇ ਔਰਤ ਵਿਰੋਧੀ ਹਨ। ਔਰਤਾਂ ਨਾਲ਼ ਹੋਈ ਇਸ ਗੁੰਡਾਗਰਦੀ ਖਿਲਾਫ਼ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀਆਂ ਲੜਕੀਆਂ ਨੇ ਇੱਕ ਵਿਰੋਧ ਪ੍ਰਦਰਸ਼ਨ ਕੀਤਾ। ਉਹਨਾਂ ਦੇ ਹੱਥਾਂ ਵਿੱਚ ਤਖਤੀਆਂ 'ਤੇ ਲਿਖਿਆ ਸੀ— 'ਬੀਵੇਅਰ ਆਫ਼ ਇੰਡੀਅਨ ਤਾਲੀਬਾਨ' (ਭਾਰਤੀ ਤਾਲੀਬਾਨ ਤੋਂ ਖਬਰਦਾਰ ਰਹੋ)। ਸੱਚਮੁੱਚ ਔਰਤਾਂ ਦਾ ਕੇਸਰੀ ਤਾਲੀਬਾਨਾਂ ਤੋਂ ਖਬਰਦਾਰ ਰਹੇ ਬਿਨਾਂ ਹੁਣ ਸਰ ਨਹੀਂ ਸਕਦਾ।

ਹਰ ਤਰ੍ਹਾਂ ਦਾ ਧਾਰਮਿਕ ਕੱਟੜਪੰਥ ਔਰਤ ਵਿਰੋਧੀ ਹੈ

ਅਸਲ ਵਿੱਚ ਹਰ ਤਰ੍ਹਾਂ ਦਾ ਧਾਰਮਿਕ ਕੱਟੜਪੰਥ ਹਮੇਸ਼ਾਂ ਤੋਂ ਹੀ ਮਨੁੱਖ ਦੀ ਅਜ਼ਾਦੀ ਦਾ ਵਿਰੋਧੀ ਰਿਹਾ ਹੈ। ਔਰਤਾਂ ਦੀ ਅਜ਼ਾਦੀ ਦੇ ਤਾਂ ਦੁਨੀਆਂ ਭਰ ਦੇ ਧਾਰਮਿਕ ਕੱਟੜਪੰਥੀ ਘੋਰ ਵਿਰੋਧੀ ਰਹੇ ਹਨ। ਇਸਦਾ ਸਭ ਤੋਂ ਵੱਡਾ ਤਸ਼ੱਦਦ ਔਰਤਾਂ 'ਤੇ ਹੀ ਹੁੰਦਾ ਹੈ। ਧਾਰਮਿਕ ਕੱਟੜਪੰਥੀ ਔਰਤਾਂ ਨੂੰ ਅਨੇਕਾਂ-ਅਨੇਕ ਅਦ੍ਰਿਸ਼ ਜ਼ੰਜੀਰਾਂ ਰਾਹੀਂ ਜਕੜ ਕੇ ਰੱਖਣਾ ਚਾਹੁੰਦੇ ਹਨ। ਔਰਤਾਂ ਨੂੰ ਮਰਦ ਦੀ ਗੁਲਾਮ ਬਣਾ ਕੇ ਰੱਖਣਾ ਉਹਨਾਂ ਦੇ ਮੁੱਖ ਏਜੰਡਿਆਂ ਵਿੱਚ ਸ਼ਾਮਲ ਰਹਿੰਦਾ ਹੈ। ਅਣਗਿਣਤ ਤੱਥਾਂ ਰਾਹੀਂ ਇਹ ਗੱਲ ਸਾਬਿਤ ਕੀਤੀ ਜਾ ਸਕਦੀ ਹੈ। ਅਸੀਂ ਕੁਝ ਹੀ ਉਦਾਹਰਣਾਂ ਦੇਵਾਂਗੇ। ਅੱਜ ਇਸਲਾਮਿਕ ਕੱਟੜਪੰਥੀ ਤਾਲੀਬਾਨ ਸਵਾਤ ਘਾਟੀ ਵਿੱਚ ਜੋ ਸ਼ਰੀਅਤ ਕਾਨੂੰਨ ਲਾਗੂ ਕਰ ਰਿਹਾ ਹੈ ਉਸ ਵਿੱਚ ਸਭ ਤੋਂ ਵੱਧ ਔਰਤਾਂ 'ਤੇ ਹੀ ਪਾਬੰਦੀਆਂ ਲਾਈਆਂ ਗਈਆਂ ਹਨ। ਪਰਦੇ ਤੋਂ ਬਾਹਰ ਕੋਈ ਔਰਤ ਨਹੀਂ ਰਹਿ ਸਕਦੀ। ਉਹਨਾਂ ਤੋਂ ਸਿੱਖਿਆ ਹਾਸਿਲ ਕਰਨ ਤੱਕ ਦਾ ਅਧਿਕਾਰ ਖੋਹ ਲਿਆ ਗਿਆ ਹੈ। ਪੰਜਾਬ ਵਿੱਚ ਸਿੱਖ ਕੱਟੜਪੰਥੀ ਖਾਲਿਸਤਾਨੀਆਂ ਦਾ ਨਾਹਰਾ ਸੀ 'ਇੱਕ ਗੁੱਤ ਵਾਲ਼ੀ ਭੈਣ, ਦੋ ਗੁੱਤ ਵਾਲ਼ੀ ਸਾਲ਼ੀ, ਪਟਿਆਂ ਵਾਲ਼ੀ ਘਰਵਾਲ਼ੀ'!! ਇਸਾਈ ਕੱਟੜਪੰਥ ਦਾ ਇਤਿਹਾਸ ਵੀ ਇਸ ਮਾਇਨੇ ਵਿੱਚ ਭੋਰਾ ਭਰ ਵੀ ਅਲੱਗ ਨਹੀਂ। ਪੱਛਮ ਵਿੱਚ ਅੱਜ ਔਰਤਾਂ ਦੀ ਮੁਕਾਬਲਤਨ ਵੱਧ ਅਜ਼ਾਦੀ (ਮੁਕਾਬਲਤਨ ਘੱਟ ਗੁਲਾਮੀ ਕਹਿਣਾ ਜਿਆਦਾ ਠੀਕ ਹੋਵੇਗਾ) ਐਵੇਂ ਹੀ ਹਾਸਿਲ ਨਹੀਂ ਹੋ ਸਕੀ। ਪੂੰਜੀਵਾਦੀ-ਜਮਹੂਰੀ ਇਨਕਾਲਬਾਂ ਸਮੇਂ ਜਗੀਰਦਾਰੀ ਖਿਲਾਫ਼ ਲੜਦੇ ਹੋਏ ਜਮਹੂਰੀ ਇਨਕਲਾਬੀਆਂ ਦੀ ਇਸਾਈਅਤ ਨਾਲ਼ ਸਿੱਧੀ ਟੱਕੜ ਹੋਈ ਜੋ ਜਗੀਰਦਾਰੀ ਦਾ ਮਜ਼ਬੂਤ ਥੰਮ ਸੀ। ਇਸਾਈਅਤ ਦੇ ਘੋਰ ਔਰਤ ਵਿਰੋਧੀ ਹੋਣ ਦੇ ਨਾਤੇ ਔਰਤਾਂ ਦੀ ਅਜ਼ਾਦੀ ਲਈ ਵਿਆਪਕ ਸੱਭਿਆਚਾਰਕ ਸੰਘਰਸ਼ ਚਲਾਇਆ ਗਿਆ ਸੀ। ਹਿੰਦੂ ਕੱਟੜਪੰਥੀਆਂ ਦੇ ਔਰਤ ਵਿਰੋਧੀ ਕਿਰਦਾਰ ਬਾਰੇ ਅਸੀਂ ਪਹਿਲਾਂ ਹੀ ਗੱਲ ਕਰ ਚੁੱਕੇ ਹਾਂ। ਸਿੱਟਾ ਇਹ ਹੈ ਕਿ ਬਿਨਾਂ ਕਿਸੇ ਰਿਆਇਤ ਦਿਲੀ ਦੇ ਸਭ ਤਰ੍ਹਾਂ ਦੇ ਧਾਰਮਿਕ ਕੱਟੜਪੰਥੀਆਂ ਖਿਲਾਫ਼ ਬੇਕਿਰਕ ਸੰਘਰਸ਼ ਮਨੁੱਖ ਦੀ ਸੱਚੀ ਅਜ਼ਾਦੀ ਹਾਸਲ ਕਰਨ ਲਈ ਇੱਕ ਜਰੂਰੀ ਸ਼ਰਤ ਹੈ।

ਕੋਝੇ ਸਭਿਆਚਾਰ ਦੀਆਂ ਜੜ੍ਹਾਂ ਅਤੇ ਸੱਚੀ ਮਨੁੱਖੀ ਅਜ਼ਾਦੀ ਦੇ ਹਾਮੀ ਉਸਾਰੂ ਸੱਭਿਆਚਾਰ ਵਾਲ਼ੇ ਸਮਾਜ ਦੀ ਉਸਾਰੀ

ਅਸੀਂ ਲੇਖ ਦੇ ਆਰੰਭ ਵਿੱਚ ਹੀ ਸਪੱਸ਼ਟ ਕੀਤਾ ਹੈ ਕਿ ਅਸੀਂ 'ਪੱਬ ਸੱਭਿਆਚਾਰ' ਦੇ ਖਿਲਾਫ਼ ਹਾਂ। ਪਰ ਇਸ ਦਾ ਇਹ ਅਰਥ ਨਹੀਂ ਹੈ ਕਿ ਅਸੀਂ ਔਰਤਾਂ ਦੀ ਅਜ਼ਾਦੀ ਦੇ ਵਿਰੋਧੀ ਹਾਂ। ਜੇ ਮਰਦ ਪੱਬਾਂ ਵਿੱਚ ਜਾ ਸਕਦੇ ਹਨ ਤਾਂ ਔਰਤਾਂ ਵੀ ਓਨਾ ਹੀ ਅਧਿਕਾਰ ਰੱਖਦੀਆਂ ਹਨ। ਪਰ ਇਹਨਾਂ ਪੱਬਾਂ ਵਿੱਚ ਜੋ ਕੁਝ ਵੀ ਹੁੰਦਾ ਹੈ ਉਹ ਕਿਸੇ ਉਸਾਰੂ ਸੱਭਿਆਚਾਰ ਦੀ ਨਿਸ਼ਾਨੀ ਨਹੀਂ। ਜੇ ਪੱਬ ਸੱਭਿਆਚਾਰ ਨੂੰ ਸਭਿਆਚਾਰਕ ਕੂੜੇ-ਕਰਕਟ ਦੀ ਢੇਰੀ ਕਿਹਾ ਜਾਵੇ ਤਾਂ ਕੁਝ ਵੀ ਗਲਤ ਨਹੀਂ ਹੋਵੇਗਾ।

ਇਸ ਕੂੜੇ-ਕਰਕਟ ਦਾ ਹਟਾਇਆ ਜਾਣਾ ਜ਼ਰੂਰੀ ਹੈ। ਪਰ ਕੀ ਪੱਬਾਂ ਵਿੱਚ ਜਾਣ ਵਾਲ਼ੇ ਕੁੜੀਆਂ-ਮੁੰਡਿਆਂ ਖਿਲਾਫ਼ ਹਿੰਸਕ ਕਾਰਵਾਈਆਂ ਨਾਲ਼ ਇਹ ਕੂੜਾ-ਕਰਕਟ ਸਾਫ਼ ਕੀਤਾ ਜਾ ਸਕਦਾ ਹੈ ? ਇਸ ਸਵਾਲ ਦਾ ਜਿਨ੍ਹਾਂ ਦਾ ਜਵਾਬ ਹਾਂ ਵਿੱਚ ਹੈ ਉਹ ਜਾਂ ਤਾਂ 'ਸ਼੍ਰੀ ਰਾਮ ਸੇਨਾ' ਜਿਹੀਆਂ ਕੇਸਰੀ ਤਾਲੀਬਾਨੀ ਜੱਥੇਬੰਦੀਆਂ ਦੀ ਸ਼੍ਰੇਣੀ ਵਿੱਚ ਆਉਂਦੇ ਹਨ ਜਾਂ ਉਹ ਬਹੁਤ ਵੱਡੇ ਅਣਜਾਣ ਹਨ। ਇਥੋਂ ਤੱਕ ਕਿ ਜੇ ਤੁਸੀਂ ਇਹ ਵੀ ਕਹੋ ਕਿ ਪੱਬਾਂ ਵਿੱਚ ਜਾਣ ਵਾਲ਼ਿਆਂ ਨੂੰ ਸਮਝਾ ਬੁਝਾ ਕੇ ਪੱਬ ਸੱਭਿਆਚਾਰ ਖ਼ਤਮ ਕੀਤਾ ਜਾ ਸਕਦਾ ਹੈ ਤਾਂ ਵੀ ਅਸੀਂ ਤੁਹਾਡੇ ਨਾਲ਼ ਸਹਿਮਤ ਨਹੀਂ ਹੋ ਪਾਵਾਂਗੇ। ਕੇਸਰੀ ਤਾਲੀਬਾਨੀਆਂ ਨੂੰ ਤਾਂ ਜਿੰਨੇ ਮਰਜੀ ਤਰਕ ਦੇ ਦਿਓ। ਇਹਨਾਂ ਹਿਟਲਰ ਦੇ ਭਾਰਤੀ ਅਵਤਾਰਾਂ ਨਾਲ਼ ਤਾਂ ਲੋਕ ਹੀ ਨਜਿੱਠਣਗੇ। ਅਸੀਂ ਬਾਕੀਆਂ ਨਾਲ਼ ਤਰਕ ਸਾਂਝੇ ਕਰਨਾ ਚਾਹਾਂਗੇ।

ਪੱਬਾਂ ਵਿੱਚ ਜਾਣ ਵਾਲ਼ਿਆਂ ਨੇ 'ਪੱਬ ਸੱਭਿਆਚਾਰ' ਪੈਦਾ ਨਹੀਂ ਕੀਤਾ ਸਗੋਂ ਇਹ ਤਾਂ ਦੁਨੀਆਂ ਵਿੱਚ ਚੱਲ ਰਹੇ ਇੱਕ ਹੋਰ ਵਰਤਾਰੇ ਦਾ ਹੀ ਅੰਗ ਮਾਤਰ ਹੈ। ਨੱਬੇ ਦੇ ਦਹਾਕੇ ਦੀ ਸ਼ੁਰੂਆਤ ਤੋਂ ਜਦੋਂ ਤੋਂ ਵਿਸ਼ਵੀਕਰਨ-ਉਦਾਰੀਕਰਨ ਦੀਆਂ ਨੀਤੀਆਂ ਦੀ ਸ਼ੁਰੂਆਤ ਹੋਈ ਹੈ ਉਦੋਂ ਤੋਂ ਹੀ ਅਸੀਂ ਇਸ ਕਿਸਮ ਦੇ ਸੱਭਿਆਚਾਰ ਦੇ ਫੈਲਾਅ ਦਾ ਲਗਾਤਾਰ ਉਤਾਂਹ ਨੂੰ ਜਾਂਦਾ ਹੋਇਆ ਗ੍ਰਾਫ਼ ਵੇਖ ਸਕਦੇ ਹਾਂ। ਸਾਮਰਾਜਵਾਦ ਆਪਣੇ ਵਾਧੂ ਉਤਪਾਦਨ ਦੇ ਸੰਕਟ ਚੋਂ ਨਿਕਲਣ ਲਈ ਤੀਜੀ ਦੁਨੀਆਂ ਦੇ ਦੇਸ਼ਾਂ ਦੀ ਵਿਸ਼ਾਲ ਮੰਡੀ ਵਿੱਚ ਵਾਧੂ ਉਤਪਾਦਿਤ ਜਿਣਸਾਂ ਅਤੇ ਵਿੱਤੀ ਪੂੰਜੀ ਨੂੰ ਖਪਾਉਣਾ ਚਾਹੁੰਦਾ ਸੀ। ਵਿਸ਼ਵੀਕਰਨ-ਨਿਜੀਕਰਨ ਦੀਆਂ ਨੀਤੀਆਂ ਇਸੇ ਜ਼ਰੂਰਤ ਵਿੱਚੋਂ ਘੜੀਆਂ ਗਈਆਂ। ਤੀਜੀ ਦੁਨੀਆਂ ਦੀਆਂ ਪੂੰਜੀਪਤੀ ਹਾਕਮ ਜਮਾਤਾਂ ਨੇ ਇਹਨਾਂ ਨੀਤੀਆਂ ਨੂੰ ਲਾਗੂ ਕਰਨ ਵਿੱਚ ਸਾਮਰਾਜਵਾਦ ਦੇ ਛੋਟੇ ਭਾਈਵਾਲ ਬਣਨ ਵਿੱਚ ਆਪਣਾ ਹਿੱਤ ਵੀ ਸਮਝਿਆ ਅਤੇ ਇਹ ਉਹਨਾਂ ਦੀ ਮਜ਼ਬੂਰੀ ਵੀ ਸੀ। ਵਿਸ਼ਵੀਕਰਨ-ਉਦਾਰੀਕਰਨ-ਨਿਜੀਕਰਨ ਦੀਆਂ ਨੀਤੀਆਂ ਨੂੰ ਇੱਕ ਖਾਸ ਕਿਸਮ ਦੇ 'ਪੱਛਮੀ ਸੱਭਿਆਚਾਰ' ਦੇ ਪ੍ਰਚਾਰ-ਪ੍ਰਸਾਰ ਦੀ ਲੋੜ ਸੀ। ਕਲਾਸਿਕੀ ਪੱਛਮੀ ਸੱਭਿਆਚਾਰ ਦੀਆਂ ਉਹ ਕਦਰਾਂ ਕੀਮਤਾਂ ਜੋ ਮਨੁੱਖ ਦੇ ਆਪਸੀ ਸੰਬੰਧਾਂ ਵਿੱਚ ਜਮਹੂਰੀਅਤ ਅਤੇ ਬਰਾਬਰਤਾ ਦੀ ਹਾਮੀ ਭਰਦੀਆਂ ਹਨ, ਉਹਨਾਂ ਦੀ ਕੋਈ ਲੋੜ ਨਹੀਂ ਸੀ ਸਗੋਂ ਇੱਥੇ ਪੱਛਮੀ ਸੱਭਿਆਚਾਰਕ ਕੂੜੇ ਕਰਕਟ ਦੀ ਜਰੂਰਤ ਸੀ ਜੋ ਲੋਕਾਂ ਦੁਆਰਾ ਕੀਤੀ ਜਾਂਦੀ ਖਪਤ ਨੂੰ ਵਧਾ ਕੇ ਪੂੰਜੀਵਾਦ ਨੂੰ ਵਾਧੂ ਉਤਪਾਦਨ ਦੇ ਸੰਕਟ ਵਿੱਚੋਂ ਕੱਢ ਸਕੇ। ਉਦਾਹਰਣ ਦੇ ਤੌਰ 'ਤੇ ਔਰਤਾਂ ਦੇ ਛੋਟੇ ਕੱਪੜੇ ਪਹਿਨਣ ਨੂੰ ਪੱਛਮ ਵਿੱਚ ਉਵੇਂ ਹੀ ਸਹਿਜਤਾ ਨਾਲ਼ ਲਿਆ ਜਾਂਦਾ ਹੈ ਜਿਵੇਂ ਭਾਰਤ ਵਿੱਚ ਕੱਪੜਿਆਂ ਨਾਲ਼ ਸਾਰਾ ਸਰੀਰ ਢੱਕਣ ਨੂੰ। ਪਰ ਔਰਤਾਂ ਦਾ ਛੋਟੇ ਕੱਪੜੇ ਪਹਿਨਣਾ ਭਾਰਤੀ ਮਰਦ ਮਨੋਚੇਤਨਾ ਲਈ ਵਿਸ਼ੇਸ਼ ਆਕਰਸ਼ਣ ਪੈਦਾ ਕਰਦਾ ਹੈ ਜਿਸਦਾ ਦਾ ਵਿਗਿਆਪਨ ਦੁਨੀਆਂ ਵਿੱਚ ਸਾਜਿਸ਼ਾਨਾਂ ਢੰਗ ਨਾਲ਼ ਪੂਰਾ ਫਾਇਦਾ ਲਿਆ ਗਿਆ ਹੈ। ਕਾਮ ਭਾਵਨਾਵਾਂ ਨੂੰ ਜਾਣ-ਬੁੱਝ ਕੇ ਭੜਕਾ ਕੇ ਉਹਨਾਂ ਦਾ ਮੁਨਾਫ਼ਾ ਕੁੱਟਣ ਲਈ ਇਸਤੇਮਾਲ ਕਰਨਾ ਅਗਾਂਹਵਧੂ ਪੱਛਮੀ ਸੱਭਿਅਤਾ ਨਹੀਂ ਸਗੋਂ ਇਹ ਤਾਂ ਉੱਥੋਂ ਦਾ ਸੱਭਿਆਚਾਰਕ ਕੂੜਾ-ਕਰਕਟ ਹੈ ਜੋ ਪੂੰਜੀਵਾਦ ਦੇ ਜਿਆਦਾ ਤੋਂ ਜਿਆਦਾ ਵਾਧੂ ਉਤਪਾਦਨ ਦੇ ਸੰਕਟ ਵਿੱਚ ਫਸਦੇ ਜਾਣ ਦੇ ਨਾਲ਼ ਨਾਲ਼ ਵੱਧ ਤੋਂ ਵੱਧ ਮਾਤਰਾ ਵਿੱਚ ਇੱਕਠਾ ਹੁੰਦਾ ਗਿਆ।

ਇਹ ਕੂੜਾ-ਕਰਕਟ ਵਿਸ਼ੇਸ਼ ਤੌਰ 'ਤੇ ਵਿਸ਼ਵੀਕਰਨ-ਉਦਾਰੀਕਰਨ ਦੀਆਂ ਨੀਤੀਆਂ ਦੀ ਸ਼ੁਰੂਆਤ ਤੋਂ ਬਾਅਦ ਵਾਧੂ ਜਿਣਸਾਂ ਅਤੇ ਵਿੱਤੀ ਪੂੰਜੀ ਦੇ ਨਾਲ਼ ਹੀ ਇੱਥੇ ਭੇਜਿਆ ਜਾਣ ਲੱਗਾ।

ਇਲੈਕਟ੍ਰਾਨਿਕ ਅਤੇ ਪ੍ਰਿੰਟ ਮੀਡੀਆ, ਫਿਲਮਾਂ, ਟੀ.ਵੀ. ਸੀਰੀਅਲਾਂ, ਗੀਤ-ਸੰਗੀਤ, ਵਿਗਿਆਪਨ ਆਦਿ ਦਾ ਵਿਆਪਕ ਤੇ ਗਹਿਰਾ ਇਸਤੇਮਾਲ ਕਰਦੇ ਹੋਏ ਇਹ ਸੱਭਿਆਚਾਰਕ ਕੂੜਾ-ਕਚਕਟ ਘਰ-ਘਰ ਤੱਕ ਪਹੁੰਚਾਇਆ ਗਿਆ। ਅੱਜ ਇਸ ਗੰਦਗੀ ਦੀ ਬੋ ਸਮਾਜ ਦੇ ਕੋਨੇ-ਕੋਨੇ ਵਿੱਚ ਮਹਿਸੂਸ ਕੀਤੀ ਜਾ ਸਕਦੀ ਹੈ।

ਪੱਛਮੀ 'ਅਡਵਾਂਸਡ ਲਾਈਫ ਸਟਾਈਲ' ਦੇ ਰੂਪ ਵਿੱਚ ਪੱਬ ਸੱਭਿਆਚਾਰ ਵੀ ਆਇਆ। ਪੱਬਾਂ ਵਿੱਚ ਜਾ ਕੇ ਮਰਦਾਂ-ਔਰਤਾਂ ਦਾ ਇਕੱਠੇ ਹੋ ਕੇ ਜੀ ਭਰ ਕੇ ਨਸ਼ੇ ਕਰਨਾ, ਸਰੀਰ ਦੀ ਭੱਦੀ ਨੁਮਾਇਸ਼, ਪੇਤਲੇ ਤੇ ਭੱਦੇ ਗੀਤ-ਸੰਗੀਤ ਦੀਆਂ ਧੁੰਨਾਂ 'ਤੇ ਭੱਦੇ ਨਾਚ ਕਰਨਾ, ਅਨੇਕ ਵਿਅਕਤੀਆਂ ਨਾਲ਼ ਖੁੱਲ੍ਹੇ ਸਰੀਰਕ ਸੰਬੰਧ ਸਥਾਪਿਤ ਕਰਨਾ ਅਡਵਾਂਸਡ ਮਰਦ-ਔਰਤਾਂ ਦੀ ਨਿਸ਼ਾਨੀ ਦੇ ਤੌਰ 'ਤੇ ਪ੍ਰਚਾਰਿਆ-ਪ੍ਰਸਾਰਿਆ ਗਿਆ। ਇਸ ਸਭ ਨੂੰ ਔਰਤਾਂ ਦੇ ਅਜ਼ਾਦ ਹੋਣ ਅਤੇ ਉਹਨਾਂ ਦੇ ਅਡਵਾਂਸਡ ਹੋਣ ਦੇ ਸਮਾਨਅਰਥੀ ਬਣਾ ਕੇ ਪੇਸ਼ ਕੀਤਾ ਗਿਆ। ਮਰਦ-ਔਰਤਾਂ ਦੇ ਉੱਨਤ ਰਿਸ਼ਤਿਆਂ ਅਤੇ ਔਰਤਾਂ ਦੀ ਅਜ਼ਾਦੀ ਦੇ ਸੰਕਲਪ ਨੂੰ ਇਸ ਪੱਧਰ ਦੀਆਂ ਪੇਤਲੀਆਂ ਗੱਲਾਂ ਤੱਕ ਡੇਗ ਦੇਣਾ ਇੱਕ ਬਹੁਤ ਵੱਡਾ ਮਜ਼ਾਕ ਅਤੇ ਸਾਜਿਸ਼ ਹੈ। 'ਪੱਬ ਸੱਭਿਆਚਾਰ' ਵਿੱਚ ਗਿਣੇ ਜਾ ਸਕਦੇ ਨਸ਼ਾਖੋਰੀ, ਅਵਾਰਾਗਰਦੀ, ਗੀਤ-ਸੰਗੀਤ-ਨਾਚ ਦਾ ਪੇਤਲਾਪਣ, ਖੁੱਲੇ ਸ਼ਰੀਰਕ ਸੰਬੰਧ ਆਦਿ ਪੱਛਮੀ ਦੇਸ਼ਾਂ ਵਿੱਚ ਪੂੰਜੀਵਾਦੀ ਆਰਥਿਕ ਢਾਂਚੇ ਦੁਆਰਾ ਪੈਦਾ ਕੀਤੀ ਅਲਹਿਦਗੀ ਦਾ ਹੀ ਪ੍ਰਗਟਾਵਾ ਹਨ। ਇਹ ਅਡਵਾਂਸਡ ਪੱਛਮੀ ਸੱਭਿਅਤਾ ਨਹੀਂ ਸਗੋਂ ਇਹ ਵੀ ਉੱਥੋਂ ਦਾ ਸੱਭਿਆਚਾਰਕ ਕੂੜਾ-ਕਰਕਟ ਹੈ। ਇਸ ਨੂੰ 'ਅਡਵਾਂਸਡ ਲਾਈਫ਼ ਸਟਾਈਲ' ਕਹਿਣਾ ਸਿਰੇ ਦੀ ਬੇਵਕੂਫੀ ਹੈ।

ਭਾਰਤ ਜਿਹੇ ਬੰਦ ਸਮਾਜ ਸਾਹਮਣੇ ਇੱਕ ਦਮ ਹੀ ਅਜਿਹੇ ਸੱਭਿਆਚਾਰਕ ਕੂੜੇ ਕਰਕਟ ਨੂੰ ਪੇਸ਼ ਕਰ ਦੇਣ ਨਾਲ਼ ਭਿਅੰਕਰ ਉਥਲ-ਪੁਥਲ ਵਾਲਾ ਮਾਹੌਲ ਬਣਿਆ ਹੈ। ਅੰਦਰ ਹੀ ਅੰਦਰ ਘੁਟਣ, ਮਾਨਸਿਕ ਪ੍ਰੇਸ਼ਾਨੀਆਂ, ਔਰਤਾਂ ਨਾਲ਼ ਛੇੜਛਾੜ, ਸਰੀਰਕ ਸੰਬੰਧਾਂ ਵਿੱਚ ਗੈਰਕੁਦਰਤੀਪਣ ਤੋਂ ਲੈ ਕੇ ਵੇਸ਼ਵਾਗਮਨੀ, ਵਿਭਚਾਰ, ਬਲਾਤਕਾਰ ਆਦਿ ਅੱਜ ਭਾਰਤੀ ਸਮਾਜ ਵਿੱਚ ਬੇਹੱਦ ਭਿਅੰਕਰ ਸਮੱਸਿਆਵਾਂ ਦਾ ਰੂਪ ਲੈ ਕੇ ਚੁੱਕੇ ਹਨ। ਅਸੀਂ ਸਮਝ ਸਕਦੇ ਹਾਂ ਕਿ ਇਹਨਾਂ ਹਾਲਤਾਂ ਦੀ ਸਭ ਤੋਂ ਵੱਧ ਮਾਰ ਔਰਤਾਂ ਨੂੰ ਝੱਲਣੀ ਪੈ ਰਹੀ ਹੈ। ਉਹਨਾਂ ਦੀ ਹਾਲਤ ਏਨੀ ਦਿਲ ਕੰਬਾਊ ਹੋ ਚੁੱਕੀ ਹੈ ਕਿ ਬਿਆਨ ਨਹੀਂ ਕੀਤੀ ਜਾ ਸਕਦੀ।

ਇਸ ਤਰ੍ਹਾਂ ਕੁੱਲ ਸੱਭਿਆਚਾਰਕ ਪ੍ਰਦੂਸ਼ਣ ਦਾ ਜਨਮਦਾਤਾ ਮੁਨਾਫ਼ਾ ਕੇਂਦਰਤ ਆਰਥਿਕ ਢਾਂਚਾ ਹੈ। ਜਿਸ ਆਰਥਿਕ ਢਾਂਚੇ ਦੇ ਕੇਂਦਰ ਵਿੱਚ ਸਿਰਫ਼ ਤੇ ਸਿਰਫ਼ ਮੁਨਾਫ਼ਾ ਹੋਵੇ ਉਸ ਤੋਂ ਅਸੀਂ ਹੋਰ ਉਮੀਦ ਵੀ ਕੀ ਕਰ ਸਕਦੇ ਹਾਂ। ਮੌਜੂਦਾ ਸੱਭਿਆਚਾਰਕ ਪ੍ਰਦੂਸ਼ਣ ਅਤੇ ਹਿਟਲਰ ਦੀਆਂ ਭਾਰਤੀ ਔਲਾਦਾਂ ਕੇਸਰੀ ਫਾਸਿਸਟ ਪੂੰਜੀਵਾਦ ਦੇ ਮੌਜੂਦਾ ਵਿਸ਼ਵੀਕਰਨ-ਉਦਾਰੀਕਰਨ ਦੇ ਦੌਰ ਦੀਆਂ ਹੀ ਉਪਜਾਂ ਹਨ। ਹਰ ਕਿਸਮ ਦੀ ਜਮਹੂਰੀਅਤ ਦੇ ਵਿਰੋਧੀ ਫਾਸਿਸਟ ਪੂੰਜੀਵਾਦ ਦੇ ਸਭ ਤੋਂ ਚੰਗੇ ਅਤੇ ਸਭ ਤੋਂ ਖੂੰਖਾਰ ਰਖਵਾਲੇ ਹੁੰਦੇ ਹਨ। ਇਸ ਲਈ ਕੇਸਰੀ ਫਾਸਿਸਟਾਂ ਦੀ ਸੱਭਿਆਚਾਰ ਦੀ 'ਨੈਤਿਕ ਰਖਵਾਲੀ' ਸਿਰਫ਼ ਢੋਂਗ ਹੈ। ਵੈਸੇ ਵੀ ਕੇਸਰੀ ਗਰੋਹ ਜਿਸ ਸੱਭਿਆਚਾਰ ਦੀ ਵਕਾਲਤ ਕਰਦਾ ਵੀ ਹੈ ਉਹ ਮੱਧ ਯੁੱਗ ਵਿੱਚ ਲੈ ਜਾਣ ਵਾਲ਼ਾ ਹੱਦ ਦਰਜੇ ਦਾ ਖੂਹ ਦੇ ਡੱਡੂਪੁਣੇ ਵਾਲ਼ਾ, ਜਮਹੂਰੀਅਤ ਵਿਰੋਧੀ, ਔਰਤ ਵਿਰੋਧੀ ਅਤੇ ਕੁੱਲ ਮਿਲਾ ਕੇ ਮਨੁੱਖ ਵਿਰੋਧੀ ਸੱਭਿਆਚਾਰ ਹੈ।

ਹਰ ਮਨੁੱਖ ਨੂੰ ਬਰਾਬਰਤਾ ਦਾ ਦਰਜਾ ਦੇਣ ਵਾਲ਼ੇ, ਜਮਹੂਰੀ ਕਦਰਾਂ-ਕੀਮਤਾਂ ਨਾਲ਼ ਲੈਸ, ਲੱਚਰਤਾ ਰਹਿਤ, ਅਸ਼ਲੀਲਤਾ ਰਹਿਤ ਉੱਨਤ ਅਤੇ ਉਸਾਰੂ ਸੱਭਿਆਚਾਰ ਵਾਲ਼ੇ ਸਮਾਜ ਵਿੱਚ ਹੀ ਮਨੁੱਖ ਸੁੱਖ ਦਾ ਸਾਹ ਲੈ ਸਕਦਾ ਹੈ। ਅਜਿਹਾ ਸਮਾਜ ਓਹੀ ਹੋ ਸਕਦਾ ਹੈ ਜਿਸਦੇ ਆਰਥਿਕ ਢਾਂਚੇ ਤਹਿਤ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਨਾ ਹੋਵੇ ਭਾਵ ਜੋ ਬੁਨਿਆਦੀ ਆਰਥਿਕ ਪੱਧਰ 'ਤੇ ਮਨੁੱਖ ਨੂੰ ਬਰਾਬਰੀ ਦਾ ਦਰਜਾ ਦੇਵੇ। ਮੁਨਾਫ਼ੇ ਦੇ ਅਸੂਲਾਂ 'ਤੇ ਟਿਕੇ ਮੌਜੂਦਾ ਪੂੰਜੀਵਾਦੀ ਢਾਂਚੇ ਵਿੱਚ ਅਜਿਹਾ ਹੋ ਸਕਣਾ ਅਸੰਭਵ ਹੈ। ਪੁਰਾਣੀ ਵੇਲਾ ਵਿਹਾਅ ਚੁੱਕੀ ਇਮਾਰਤ ਨੂੰ ਢਹਿਢੇਰੀ ਕਰੇ ਬਿਨਾਂ ਨਵੀਂ ਦੀ ਉਸਾਰੀ ਅਸੰਭਵ ਹੈ। ਮਨੁੱਖਤਾ ਸਾਹਮਣੇ ਅੱਜ ਇਹੋ ਕਾਰਜ ਹੀ ਸਭ ਤੋਂ ਅਹਿਮ ਹੈ।

ਮੈਂਗਲੂਰ 'ਚ ਕੇਸਰੀ ਗਿਰੋਹ ਦੁਆਰਾ ਔਰਤਾਂ 'ਤੇ ਹੋਏ ਹਮਲੇ ਤੋਂ ਬਾਅਦ ਔਰਤਾਂ ਦੀ ਅਜ਼ਾਦੀ ਦੇ ਹੱਕ ਵਿੱਚ ਕਾਫ਼ੀ ਅਵਾਜ ਉੱਠੀ ਹੈ। ਇਸ ਬਾਰੇ ਵੀ ਸੰਖੇਪ ਹੀ ਸਹੀ ਪਰ ਵਿਸ਼ੇਸ਼ ਗੱਲ ਕਰਨਾ ਜ਼ਰੂਰੀ ਹੈ। ਸਮਾਜ ਵਿੱਚ ਔਰਤਾਂ ਨੂੰ ਮਰਦਾਂ ਦੇ ਬਰਾਬਰ ਦਰਜਾ ਸੁਧਾਰਵਾਦੀ ਸੰਘਰਸ਼ ਦੀਆਂ ਹੱਦਾਂ ਦੇ ਅੰਦਰ ਰਹਿ ਕੇ ਨਹੀਂ ਮਿਲ ਸਕਦਾ। ਭਾਵ ਔਰਤਾਂ ਦੀ ਅਜ਼ਾਦੀ ਵੀ ਕੁੱਲ ਰਾਜਨੀਤਕ-ਆਰਥਿਕ-ਸਮਾਜਿਕ ਢਾਂਚੇ ਵਿੱਚ ਬਦਲਾਅ ਦੇ ਨਾਲ਼ ਹੀ ਹਾਸਿਲ ਕੀਤੀ ਜਾ ਸਕਦੀ ਹੈ। ਪੂੰਜੀਵਾਦ ਬੀਤੇ ਦੇ ਜਗੀਰੂ ਢਾਂਚੇ ਦੇ ਮੁਕਾਬਲੇ ਔਰਤ ਨੂੰ ਇੱਕ ਹੱਦ ਤੱਕ ਅਜ਼ਾਦ ਤਾਂ ਕਰਦਾ ਹੈ ਪਰ ਔਰਤ ਪੂੰਜੀਵਾਦੀ ਸਮਾਜ ਵਿੱਚ ਮੁੱਖ ਤੌਰ 'ਤੇ ਗੁਲਾਮ ਹੀ ਰਹਿੰਦੀ ਹਨ। ਪੂੰਜੀਵਾਦ ਸਮਾਜ ਦੀ ਹੋਰ ਹਰ ਸ਼ੈਅ ਦੀ ਤਰ੍ਹਾਂ ਔਰਤ ਨੂੰ ਵੀ ਮੰਡੀ ਵਿੱਚ ਵਿਕਣ ਵਾਲ਼ੀ ਵਸਤੂ ਬਣਾ ਦਿੰਦਾ ਹੈ ਜੋ ਅਨੇਕਾਂ ਰੂਪਾਂ ਵਿੱਚ ਮੰਡੀ ਵਿੱਚ ਵਿਕਣ 'ਤੇ ਮਜ਼ਬੂਰ ਹੁੰਦੀ ਹੈ। ਇਹ ਕਿਤੇ ਤਾਂ ਸਸਤੀ ਕਿਰਤ ਸ਼ਕਤੀ ਦੇ ਰੂਪ ਵਿੱਚ ਵਿਕਦੀ ਹੈ, ਕਿਤੇ ਜਿਣਸਾਂ ਦੀ ਵਿਕਰੀ ਲਈ ਇਸਦਾ ਸਰੀਰ ਨੁਮਾਇਸ਼ ਉੱਤੇ ਲਾ ਦਿੱਤਾ ਜਾਂਦਾ ਹੈ, ਕਿਤੇ ਇਸ ਨੂੰ ਵਾਸਨਾ ਦੇ ਭੁੱਖਿਆਂ ਅੱਗੇ ਜਿਸਮ ਵੇਚਣਾ ਪੈਂਦਾ ਹੈ। ਪੂੰਜੀਵਾਦੀ ਸਮਾਜ ਦੌਰਾਨ ਔਰਤ ਦੂਜੇ ਦਰਜੇ ਦੀ ਮਨੁੱਖ ਹੀ ਬਣੀ ਰਹਿੰਦੀ ਹੈ। ਪੂੰਜੀਵਾਦ ਦੀਆਂ ਹੱਦਾਂ ਤੋਂ ਬਾਹਰ ਨਾ ਜਾਣ ਵਾਲ਼ੇ ਔਰਤਾਂ ਦੀ ਬਰਾਬਰਤਾ ਲਈ ਸੰਘਰਸ਼ ਦੀ ਵੱਡੀ ਤੋਂ ਵੱਡੀ ਸਫ਼ਲਤਾ ਵੀ ਉਹਨਾਂ ਨੂੰ ਬਰਾਬਰੀ ਦਾ ਦਰਜਾ ਨਹੀਂ ਦਿਲਵਾ ਸਕਦੀ। ਇਸ ਸੰਘਰਸ਼ ਨੂੰ ਕੁੱਲ ਸਮਾਜਿਕ ਇਨਕਲਾਬੀ ਤਬਦੀਲੀ ਦੇ ਸੰਘਰਸ਼ ਦੇ ਅਟੁੱਟ ਅੰਗ ਦੇ ਰੂਪ ਵਿੱਚ ਅੱਗੇ ਵਧਾਉਣਾ ਹੋਵੇਗਾ। ਔਰਤਾਂ ਦੀ ਅਜ਼ਾਦੀ ਦੀ ਇਮਾਨਦਾਰ ਇੱਛਾ ਰੱਖਣ ਵਾਲ਼ੇ ਲੋਕਾਂ ਨੂੰ ਇਸੇ ਦਿਸ਼ਾ ਵਿੱਚ ਸੋਚਣਾ ਚਾਹੀਦਾ ਹੈ।

ਜੁਝਾਰੂ ਫਿਲਿਸਤੀਨੀਆਂ ਨੂੰ ਝੁਕਾ ਨਾ ਸਕੀ ਵਿਸ਼ਾਲ ਇਜਰਾਈਲੀ ਫੌਜੀ ਤਾਕਤ

ਜ਼ੁਲਮ ਅੱਗੇ ਗੋਡੇ ਨਾ ਟੇਕਣ ਦੀ ਭਾਵਨਾ ਨੂੰ ਸਲਾਮ !
ਜ਼ਾਬਰਾਂ ਖਿਲਾਫ਼ ਹਮੇਸ਼ਾਂ ਲੜਦੇ ਰਹਿਣ ਦੀ ਜਿੱਦ ਨੂੰ ਸਲਾਮ !!

ਇਜਰਾਈਲ ਦੁਆਰਾ ਪਿਛਲੇ ਵਰ੍ਹੇ ਦੇ ਅਖੀਰ 'ਚ 27 ਦਸੰਬਰ ਨੂੰ ਫਿਲਿਸਤੀਨ ਉੱਤੇ ਕੀਤੇ ਗਏ ਹਮਲੇ ਦਾ ਜੁਝਾਰੂ ਫਿਲਿਸਤੀਨੀ ਲੋਕਾਂ ਨੇ ਮੂੰਹ ਤੋੜਵਾਂ ਜਵਾਬ ਦਿੱਤਾ ਅਤੇ ਇਜਰਾਈਲੀ ਵਿਸਥਾਰਵਾਦੀ ਹਾਕਮਾਂ ਦੀਆਂ ਫੌਜਾਂ ਨੂੰ ਗਾਜ਼ਾ ਪੱਟੀ 'ਤੇ ਕੀਤੇ ਜਾ ਰਹੇ ਹਮਲੇ ਬੰਦ ਕਰਨ 'ਤੇ ਮਜ਼ਬੂਰ ਹੋਣਾ ਪਿਆ। ਗੋਲ਼ਾ-ਬਾਰੂਦ, ਮਿਜਾਈਲਾਂ ਅਤੇ ਟੈਂਕਾਂ ਦੀ ਭਾਰੀ ਫੌਜੀ ਤਾਕਤ ਵੀ ਫਿਲਿਸਤੀਨੀ ਲੋਕਾਂ ਨੂੰ ਝੁਕਾ ਨਾ ਸਕੀ। ਫਿਲਿਸਤੀਨੀ ਲੋਕਾਂ ਦੀ ਅਗਵਾਈ ਕਰ ਰਹੀ ਜੱਥੇਬੰਦੀ 'ਹਮਾਸ' ਨੂੰ ਖ਼ਤਮ ਕਰ ਦੇਣ ਦਾ ਇਜਰਾਈਲ ਦਾ ਇਰਾਦਾ ਫੁੱਸ ਹੋ ਕੇ ਰਹਿ ਗਿਆ। ਇਜਰਾਈਲ ਦੇ ਹਮਲੇ ਦਾ ਕੋਈ ਵੀ ਮਕਸਦ ਪੂਰਾ ਨਾ ਹੋ ਸਕਿਆ ਸਗੋਂ ਆਪਣਾ ਰਾਜਨੀਤਕ, ਕੂਟਨੀਤਕ ਅਤੇ ਫੌਜੀ ਨੁਕਸਾਨ ਕਰਾ ਕੇ ਹਮਲਾ ਰੋਕਣਾ ਪਿਆ। ਨਿਰਦੋਸ਼ ਲੋਕਾਂ ਦੇ ਕਤਲੇਆਮ ਲਈ ਇਜਰਾਈਲ ਨੇ ਸਾਰੇ ਸੰਸਾਰ ਵਿੱਚ ਆਪਣੀ ਥੂਹ-ਥੂਹ ਕਰਾਈ ਹੈ। ਦੂਜੇ ਪਾਸੇ ਫਿਲਿਸਤੀਨੀ ਲੋਕਾਂ ਦੇ ਪਿਛਲੇ ਛੇ ਦਹਾਕਿਆ ਤੋਂ ਚਲੇ ਆ ਰਹੇ ਕੌਮੀ ਮੁਕਤੀ ਸੰਘਰਸ਼ ਨੂੰ ਦੁਨੀਆਂ ਭਰ ਵਿੱਚ ਹੋਰ ਵੀ ਹਮਦਰਦੀ ਮਿਲੀ ਹੈ ਅਤੇ ਸਮਰਥਨ ਹਾਸਿਲ ਹੋਇਆ ਹੈ। ਇਹਨਾਂ ਹਮਲਿਆਂ ਵਿੱਚ ਜਿਸ ਤਰ੍ਹਾਂ ਨਿਰਦੋਸ਼ ਨਾਗਰਿਕਾਂ, ਬੁੱਢਿਆਂ, ਔਰਤਾਂ, ਡਾਕਟਰਾਂ, ਰਾਹਤ ਕਾਰਜਾਂ ਵਿੱਚ ਲੱਗੇ ਲੋਕਾਂ ਤੋਂ ਲੈ ਕੇ ਹਸਪਤਾਲਾਂ ਅਤੇ ਸਕੂਲਾਂ ਤੱਕ ਨੂੰ ਨਿਸ਼ਾਨਾ ਬਣਾਇਆ ਗਿਆ, ਉਸਨੇ ਪੂਰੀ ਦੁਨੀਆਂ ਵਿੱਚ ਇਜਰਾਈਲ ਖਿਲਾਫ਼ ਨਫ਼ਰਤ ਦੀ ਲਹਿਰ ਪੈਦਾ ਕਰ ਦਿੱਤੀ। ਇਹਨਾਂ ਹਮਲਿਆਂ ਖਿਲਾਫ਼ ਯੂਰਪ ਸਮੇਤ ਪੂਰੀ ਦੁਨੀਆਂ ਵਿੱਚ ਵੱਡੇ ਵੱਡੇ ਵਿਰੋਧ ਪ੍ਰਦਰਸ਼ਨ ਹੋਏ। ਖਾਸ ਤੌਰ 'ਤੇ ਅਰਬ ਦੇਸ਼ਾਂ ਦੇ ਲੋਕਾਂ ਦੇ ਵਿਆਪਕ ਪੱਧਰ 'ਤੇ ਸੜਕਾਂ 'ਤੇ ਆ ਜਾਣ ਨਾਲ਼ ਕਈ ਅਮਰੀਕਾਪ੍ਰਸਤ ਹਾਕਮਾਂ ਨੂੰ ਵੀ ਇਜਰਾਈਲ ਵਿਰੋਧੀ ਰਵੱਈਆ ਅਪਣਾਉਣ ਲਈ ਮਜ਼ਬੂਰ ਹੋਣਾ ਪਿਆ।

ਫਿਲਿਸਤੀਨ ਉੱਤੇ ਕੀਤਾ ਗਿਆ ਇਹ ਇਜਰਾਈਲੀ ਫੌਜੀ ਹਮਲਾ ਪਿਛਲੇ ਲਗਭਗ ਸੱਠ ਵਰ੍ਹਿਆਂ ਤੋਂ ਜਾਰੀ ਉਹਨਾਂ ਹੀ ਹਿੰਸਕ ਕਾਰਵਾਈਆਂ ਦੀ ਲਗਾਤਾਰਤਾ ਸੀ ਜਿਹਨਾਂ ਦਾ ਮਕਸਦ ਇਜਰਾਈਲੀ ਵਿਸਥਾਰਵਾਦੀ ਹਾਕਮ ਜਮਾਤਾਂ ਦੁਆਰਾ ਫਿਲਿਸਤੀਨ ਦੀ ਧਰਤੀ ਅਤੇ ਸ੍ਰੋਤ ਸਾਧਨਾਂ ਉੱਤੇ ਕੀਤੇ ਗਏ ਕਬਜ਼ੇ ਵਿਰੁੱਧ ਫਿਲਿਸਤੀਨੀ ਲੋਕਾਂ ਦੇ ਜੁਝਾਰੂ ਕੌਮੀ ਸੰਘਰਸ਼ ਨੂੰ ਕੁਚਲਣਾ ਰਿਹਾ ਹੈ। ਸੰਸਾਰ ਦਾ ਸਭ ਤੋਂ ਵੱਡਾ ਖੂੰਖਾਰ ਸਾਮਰਾਜਵਾਦੀ ਡਕੈਤ ਸੰਯੁਕਤ ਰਾਜ ਅਮਰੀਕਾ ਇਜਰਾਈਲੀ ਹਾਕਮਾਂ ਦੀ ਪਿੱਠ 'ਤੇ ਖੜਾ ਹੈ। ਅਮਰੀਕਾ ਇਜਰਾਈਲ ਦੀਆਂ ਇਹਨਾਂ ਘਿਰਣਾਯੋਗ ਕਾਰਵਾਈਆਂ ਦੀ ਕਿਸੇ ਵੀ ਤਰ੍ਹਾਂ ਦੀ ਕੋਈ ਨਿੰਦਾ ਕਰਨ ਦੀ ਥਾਂ ਉਸਨੂੰ ਆਰਥਿਕ, ਫੌਜੀ ਅਤੇ ਕੂਟਨੀਤਕ ਮਦਦ ਦੇਣ ਰਾਹੀਂ ਨੰਗੇ ਚਿੱਟੇ ਰੂਪ ਵਿੱਚ ਬੇਕਸੂਰ ਫਿਲਿਸਤੀਨੀ ਲੋਕਾਂ ਦੀ ਹੋ ਰਹੀ ਨਸਲਕੁਸ਼ੀ ਵਿੱਚ ਹਮੇਸ਼ਾਂ ਤੋਂ ਹੀ ਹੱਥ ਵਟਾਉਂਦਾ ਆਇਆ ਹੈ। ਅੱਜ ਦੇ ਸਮੇਂ 'ਚ ਫਿਲਿਸਤੀਨੀ ਲੋਕਾਂ ਦੇ ਸੰਘਰਸ਼ ਦੀ ਅਗਵਾਈ ਕਰ ਰਹੀ ਇਸਲਾਮਿਕ ਜੱਥੇਬੰਦੀ ਹਮਾਸ ਨੂੰ 'ਦਹਿਸ਼ਤਗਰਦ' ਕਰਾਰ ਦਿੰਦੇ ਹੋਏ ਅਮਰੀਕੀ ਹਾਕਮ ਜਮਾਤ ਅਖੌਤੀ 'ਦਹਿਸ਼ਤਗਰਦੀ ਵਿਰੋਧੀ ਜੰਗ' ਦੇ ਨਾਂ ਹੇਠ ਆਪਣੇ ਸਾਮਰਾਜਵਾਦੀ ਮਨਸੂਬੇ ਪੂਰੇ ਕਰਨ ਦੀ ਕੋਸ਼ਿਸ਼ ਕਰਨ 'ਚ ਹੈ। ਉਸਦੀ ਮਦਦ ਨਾਲ਼ ਇਜਰਾਈਲੀ ਹਾਕਮ ਹਮਾਸ ਦੀ 'ਦਹਿਸ਼ਤਗਰਦੀ' ਤੋਂ ਯਹੂਦੀ ਕੌਮ ਦੀ ਰੱਖਿਆ ਦੇ ਨਾਂ ਹੇਠ ਆਪਣੇ ਖੇਤਰੀ ਵਿਸਥਾਰ ਦੇ ਮਨਸੂਬੇ ਪੂਰੇ ਕਰਨਾ ਚਾਹੁੰਦੇ ਹਨ।

ਇਹ ਹਮਲਾ ਇਜਰਾਈਲ ਦੁਆਰਾ ਫਿਲਿਸਤੀਨ ਉੱਤੇ ਕੀਤੇ ਗਏ ਇਸ ਤੋਂ ਪਹਿਲਾਂ ਦੇ ਹਮਲਿਆਂ 'ਚੋਂ ਸਭ ਤੋਂ ਵੱਡਾ ਸੀ। ਇੱਕ ਰਿਪੋਰਟ ਅਨੁਸਾਰ ਦਸ ਹਜ਼ਾਰ ਤੋਂ ਵੀ ਵੱਧ ਫੌਜੀ ਇਸ ਹਮਲੇ ਵਿੱਚ ਸ਼ਾਮਲ ਕੀਤੇ ਗਏ ਸਨ। ਟੈਂਕਾਂ, ਤੋਪਾਂ, ਮਿਜਾਈਲਾਂ, ਜੰਗੀ ਜਹਾਜਾਂ, ਹੈਲੀਕਾਪਟਰਾਂ, ਬਖਤਰਬੰਦ ਗੱਡੀਆਂ ਤੇ ਹੋਰ ਫੌਜੀ ਸਾਜੋ ਸਮਾਨ ਵਾਲ਼ੀ ਇੱਕ ਵਿਸ਼ਾਲ ਫੌਜੀ ਤਾਕਤ ਫਿਲਿਸਤੀਨ ਨੂੰ ਤਬਾਹ ਕਰਨ ਲਈ ਝੋਕ ਦਿੱਤੀ ਗਈ ਸੀ। ਇਜਰਾਈਲ ਦੁਆਰਾ ਪਹਿਲੀ ਵਾਰ ਗਾਜ਼ਾ ਪੱਟੀ ਵਿੱਚ ਏਨੇ ਵੱਡੇ ਪੱਧਰ 'ਤੇ ਬੰਬਾਰੀ ਕੀਤੀ ਗਈ ਸੀ। ਟੀ.ਵੀ. ਚੈਨਲਾਂ ਅਤੇ ਅਖਬਾਰਾਂ ਤੋਂ ਮਿਲੀਆਂ ਰਿਪੋਰਟਾਂ ਅਨੁਸਾਰ 1350 ਤੋਂ ਵੀ ਵੱਧ ਫਿਲਿਸਤੀਨੀ ਲੋਕਾਂ ਨੂੰ ਆਪਣੀ ਜਾਨ ਗਵਾਉਣੀ ਪਈ ਜਿਨ੍ਹਾਂ ਵਿੱਚ 400 ਤੋਂ ਵੀ ਵੱਧ ਬੱਚੇ ਸਨ। ਅੰਨੇਵਾਹ ਕੀਤੀ ਗਈ ਬੰਬਾਰੀ ਵਿੱਚ ਮਾਰੇ ਜਾਣ ਵਾਲ਼ੇ ਲੋਕਾਂ ਵਿੱਚ ਔਰਤਾਂ ਅਤੇ ਬੱਚਿਆਂ ਦੀ ਵੱਡੀ ਗਿਣਤੀ ਸਮੇਤ ਜਿਆਦਾਤਰ ਆਮ ਨਾਗਰਿਕ ਹੀ ਸਨ। 5500 ਲੋਕ ਗੰਭੀਰ ਰੂਪ ਵਿੱਚ ਜਖਮੀ ਹੋਏ। ਫਿਲਿਸਤੀਨੀ ਲੋਕਾਂ ਦੀਆਂ ਜਾਨਾਂ ਦੇ ਹੋਏ ਨੁਕਸਾਨ ਦੇ ਅੰਕੜੇ ਹੋਰ ਵੱਡੇ ਵੀ ਹੋ ਸਕਦੇ ਹਨ। ਹਮਲੇ ਵਿੱਚ ਹਸਪਤਾਲਾਂ, ਸਕੂਲਾਂ, ਰਾਹਤ ਕਾਰਜਾਂ ਵਿੱਚ ਲੱਗੇ ਲੋਕਾਂ ਤੱਕ ਨੂੰ ਵੱਡੇ ਪੱਧਰ 'ਤੇ ਹਮਲੇ ਦਾ ਸ਼ਿਕਾਰ ਬਣਾਇਆ ਗਿਆ। ਬੰਬਾਰੀ ਵਜੋਂ ਸੀਵਰੇਜ ਸਿਸਟਮ ਤਬਾਹ ਹੋ ਗਿਆ ਹੈ। ਲੋਕਾਂ ਨੂੰ ਹਫ਼ਤੇ ਵਿੱਚ ਸਿਰਫ਼ ਇੱਕ ਦਿਨ ਹੀ ਪੀਣਵਾਲ਼ਾ ਪਾਣੀ ਉਪਲਭਧ ਹੋ ਪਾ ਰਿਹਾ ਹੈ। ਅਮਰੀਕੀ ਕਾਂਗਰਸ ਦੇ ਦੋ ਮੈਂਬਰਾਂ ਵਰਾਇਨ ਵਾਇਰਡ ਅਤੇ ਕੇਥ ਐਲੀਸਨ ਫਿਲਿਸਤੀਨ ਦੀਆਂ ਦਰਦਨਾਕ ਹਾਲਤਾਂ ਦੇ ਚਸ਼ਮਦੀਦ ਗਵਾਹ ਹਨ। ਫਿਲਿਸਤੀਨ ਦੇ ਦੌਰੇ ਤੋਂ ਬਾਅਦ ਉਹਨਾਂ ਫਿਲਿਸਤੀਨ ਦੀਆਂ ਹਾਲਤਾਂ ਨੂੰ ਇਸ ਤਰ੍ਹਾਂ ਬਿਆਨ ਕੀਤਾ—

"ਇੱਥੇ ਹੋਈ ਭੌਤਿਕ ਤਬਾਹੀ ਅਤੇ ਗਹਿਰੇ ਮਨੁੱਖੀ ਦੁੱਖ-ਦਰਦ ਚਕਰਾਹਟ ਪੈਦਾ ਕਰਦੇ ਹਨ। ਸਭ ਕੁਝ ਤਬਾਹ ਕਰ ਦਿੱਤਾ ਗਿਆ ਹੈ, ਬੁਨਿਆਦੀ ਸੀਵਰ ਅਤੇ ਬਿਜਲੀ ਸੁਵਿਧਾਵਾਂ ਤਬਾਹ ਹਨ, ਰਾਹਤ ਏਜੰਸੀਆਂ ਦਾ ਭਾਰਾ ਨੁਕਸਾਨ ਹੋਇਆ ਹੈ।

ਸਕੂਲਾਂ ਅਤੇ ਘਰਾਂ ਅੰਦਰ ਬੱਚਿਆਂ ਦੇ ਮਾਰੇ ਜਾਣ, ਪੂਰੇ ਦੇ ਪੂਰੇ ਪਰਿਵਾਰਾਂ ਦੇ ਉਜਾੜੇ ਅਤੇ ਰਾਹਤ ਕਰਮੀਆਂ ਨੂੰ ਜ਼ਖ਼ਮੀਆਂ ਦੀ ਸਹਾਇਤਾ ਤੋਂ ਰੋਕੇ ਜਾਣ ਦੀ ਦਾਸਤਾਨ ਦਿਲ ਕੰਬਾਊ ਹੈ। ਜੋ ਕੁਝ ਵਾਪਰਿਆ ਹੈ ਅਤੇ ਜੋ ਕੁਝ ਜਾਰੀ ਹੈ ਉਹ ਬਿਆਨ ਨਾ ਕੀਤੇ ਜਾ ਸਕਣ ਦੀ ਹੱਦ ਤੱਕ ਹਿਲਾ ਕੇ ਰੱਖ ਦੇਣ ਵਾਲ਼ਾ ਅਤੇ ਭਿਆਨਕ ਹੈ। "

ਗਾਜ਼ਾ ਪੱਟੀ ਦੇ ਮੁੱਖ ਸ਼ਹਿਰਾਂ-ਗਾਜ਼ਾ ਸ਼ਹਿਰ, ਖਾਨ ਯੂਨਿਸ, ਰਫਾਹ-ਤੋਂ ਹਮਲਾ ਸ਼ੁਰੂ ਕੀਤਾ ਗਿਆ ਸੀ। ਹਮਲੇ ਤੋਂ ਅਗਲੇ ਹੀ ਦਿਨ ਗਾਜ਼ਾ ਪੱਟੀ ਨੂੰ ਉੱਤਰੀ ਅਤੇ ਦੱਖਣੀ ਦੋ ਹਿੱਸਿਆਂ ਵਿੱਚ ਵੰਡ ਦਿੱਤਾ ਗਿਆ। ਉੱਤਰੀ ਹਿੱਸੇ ਦੇ ਲੋਕਾਂ ਨੂੰ ਇਹ ਹਿੱਸਾ ਛੱਡਣ 'ਤੇ ਮਜ਼ਬੂਰ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਮੁੱਢਲੀਆਂ ਜਰੂਰਤ ਦੀਆਂ ਵਸਤਾਂ ਦੀ ਸਪਲਾਈ ਨਹੀਂ ਹੋਣ ਦਿੱਤੀ ਜਾ ਰਹੀ ਸੀ। ਲੰਬੇ ਸਮੇਂ ਤੋਂ ਜਾਰੀ ਗਾਜ਼ਾ ਪੱਟੀ ਦੀ ਨਾਕਾਬੰਦੀ ਵਜੋਂ ਇਸ ਇਲਾਕੇ ਵਿੱਚ ਜ਼ਰੂਰੀ ਵਸਤਾਂ ਦੀ ਸਿੱਧੀ ਸਪਲਾਈ ਤਾਂ ਪਹਿਲਾਂ ਹੀ ਬੰਦ ਸੀ। ਫਿਲਿਸਤੀਨ ਤੋਂ ਮਿਸਰ ਤੱਕ ਖੋਦੀਆਂ ਗਈਆਂ ਜੋਖ਼ਮ ਭਰੀਆਂ ਸੁਰੰਗਾਂ ਰਾਹੀਂ ਗਾਜ਼ਾਪੱਟੀ ਦੇ ਲੋਕ ਇਹਨਾਂ ਵਸਤਾਂ ਦੀ ਸਪਲਾਈ ਸੰਭਵ ਬਣਾ ਪਾ ਰਹੇ ਸਨ। ਪਰ ਇਸ ਹਮਲੇ ਵਿੱਚ ਇਜਰਾਈਲ ਦੁਆਰਾ ਫਿਲਿਸਤੀਨ ਅਤੇ ਮਿਸਰ ਵਿਚਲੀ ਸਰਹੱਦ ਨੂੰ ਭਾਰੀ ਬੰਬਾਰੀ ਰਾਹੀਂ ਤਬਾਹ ਕਰਨ ਤੋਂ ਬਾਅਦ ਇਹਨਾਂ ਵਿੱਚੋਂ ਜਿਆਦਾਤਰ ਸੁਰੰਗਾਂ ਬੰਦ ਹੋ ਗਈਆਂ। ਹਾਲਤ ਇਹ ਸੀ ਕਿ ਜਿਹੜੇ ਗਾਜ਼ਾ ਵਾਸੀ ਬੰਬਾਰੀ ਦਾ ਸਿੱਧਾ ਸ਼ਿਕਾਰ ਵੀ ਨਹੀਂ ਹੋਏ ਸਨ ਉਹ ਭੋਜਨ ਨਾ ਮਿਲ ਸਕਣ ਵਜੋਂ ਤੜਪ ਰਹੇ ਸਨ। ਜੋ ਹਮਲੇ ਦੇ ਸਿੱਧੇ ਸ਼ਿਕਾਰ ਹੋਏ ਉਹਨਾਂ ਦੀ ਹਾਲਤ ਹੋਰ ਵੀ ਭਿਅੰਕਰ ਸੀ। ਉਹਨਾਂ ਨੂੰ ਫੌਰੀ ਡਾਕਟਰੀ ਸਹਾਇਤਾ ਦੀ ਲੋੜ ਸੀ ਪਰ ਵੱਡੀ ਸੰਖਿਆ ਵਿੱਚ ਲੋਕਾਂ ਦੇ ਜਖ਼ਮੀ ਹੋ ਜਾਣ ਵਜੋਂ ਸਭ ਨੂੰ ਡਾਕਟਰੀ ਸਹਾਇਤਾ ਮਿਲ ਸਕਣਾ ਅਸੰਭਵ ਹੋ ਗਿਆ।

ਇਸ ਤਰ੍ਹਾਂ ਇਜਰਾਈਲ ਦੁਆਰਾ ਫਿਲਿਸਤੀਨ ਦੀ ਗਾਜ਼ਾ ਪੱਟੀ ਨੂੰ ਇੱਕ ਵਿਸ਼ਾਲ ਤਸੀਹਾ ਕੈਂਪ ਵਿੱਚ ਤਬਦੀਲ ਕਰ ਦਿੱਤਾ ਗਿਆ ਸੀ ਜਿਸ ਵਿੱਚ 15 ਲੱਖ ਗਾਜ਼ਾ ਵਾਸੀਆਂ ਨੂੰ ਭਿਆਨਕ ਤਸੀਹੇ ਝੱਲਣੇ ਪੈ ਰਹੇ ਸਨ। ਪਰ ਬਹਾਦਰ ਫਿਲਿਸਤੀਨੀ ਲੋਕਾਂ ਨੇ ਇਹਨਾਂ ਸਭ ਮੁਸ਼ਕਿਲਾਂ ਤੋਂ ਘਬਰਾ ਕੇ ਜ਼ਾਬਰਾਂ ਅੱਗੇ ਗੋਡੇ ਨਾ ਟੇਕੇ। ਉਹਨਾਂ ਜ਼ਾਬਰਾਂ ਖਿਲਾਫ਼ ਹਮੇਸ਼ਾਂ ਲੜਦੇ ਰਹਿਣ ਦੀ ਜਿੱਦ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਹਮਾਸ ਦੀ ਅਗਵਾਈ ਹੇਠ ਹਮਲੇ ਦਾ ਡੱਟ ਕੇ ਮੁਕਾਬਲਾ ਕੀਤਾ ਅਤੇ ਹਮਲਾਵਰਾਂ ਕਾਰਵਾਈ ਰੋਕਣ 'ਤੇ ਮਜ਼ਬੂਰ ਕਰ ਦਿੱਤਾ।

ਭਾਂਵੇਂ ਫਿਲਿਸਤੀਨੀ ਲੋਕਾਂ ਨੇ ਡਟਵੇਂ ਮੁਕਾਬਲੇ ਰਾਹੀਂ ਫ਼ਿਲਹਾਲ ਇਜਰਾਈਲ ਦੇ ਹਮਲੇ ਦਾ ਮੂੰਹ ਮੋੜ ਦਿੱਤਾ ਹੈ ਪਰ ਅਜੇ ਹਮਲੇ ਤੋਂ ਪਹਿਲਾਂ ਵਾਲ਼ੀ ਹੀ ਹਾਲਤ ਬਣੀ ਹੋਈ ਹੈ। ਸਰੱਹਦਾਂ ਦੀਆਂ ਇਜਰਾਈਲ ਵਲੋਂ ਨਾਕੇਬੰਦੀਆਂ ਖਤਮ ਨਹੀਂ ਕੀਤੀਆਂ ਗਈਆਂ। ਇਜਰਾਈਲ ਨਾਕੇਬੰਦੀ ਵਾਸਤੇ ਤਰ੍ਹਾਂ-ਤਰ੍ਹਾਂ ਦੇ ਬਹਾਨੇ ਬਣਾ ਰਿਹਾ ਹੈ। ਇੱਕ ਬਹਾਨੇ ਦੇ ਤੌਰ 'ਤੇ ਉਸਦਾ ਕਹਿਣਾ ਹੈ ਕਿ ਫਿਲਿਸਤੀਨ ਸੰਨ 2006 ਵਿੱਚ ਬੰਦੀ ਬਣਾਏ ਗਏ ਉਸਦੇ ਇੱਕ ਸਿਪਾਹੀ ਨੂੰ ਛੱਡੇ। ਫਿਲਿਸਤੀਨ ਨੇ ਉਸ ਕੋਲ਼ ਅਜਿਹੇ ਕਿਸੇ ਵੀ ਬੰਦੀ ਦੇ ਹੋਣ ਤੋਂ ਇਨਕਾਰ ਕੀਤਾ ਹੈ ਸਗੋਂ ਉਸਦਾ ਕਹਿਣਾ ਹੈ ਕਿ ਇਜਰਾਈਲ ਨੇ ਉਸ ਦੇ ਅਨੇਕਾਂ ਫੌਜੀਆਂ ਨੂੰ ਬੰਦੀ ਬਣਾ ਕੇ ਰੱਖਿਆ ਹੈ। ਇੱਕ ਖੁਲਾਸੇ ਅਨੁਸਾਰ ਇਜਰਾਈਲ ਵਲੋਂ ਫਿਲਿਸਤੀਨ ਦੇ ਬੰਦੀ ਬਣਾਏ ਫੌਜੀਆਂ ਨੂੰ ਭਿਆਨਕ ਤਸੀਹੇ ਦਿੱਤੇ ਜਾ ਰਹੇ ਹਨ। ਰਾਤ ਨੂੰ ਉਹਨਾਂ ਦੇ ਕੱਪੜੇ ਲਾਹ ਕੇ ਇੱਕ ਹੀ ਥਾਂ 'ਤੇ ਸੋਣ ਲਈ ਮਜ਼ਬੂਰ ਕੀਤਾ ਜਾਂਦਾ ਹੈ। ਹਵਾਈ ਹਮਲੇ ਦੀਆਂ ਘਟਨਾਵਾਂ ਵੀ ਪੂਰੀ ਤਰ੍ਹਾਂ ਨਹੀਂ ਰੁਕੀਆਂ। ਪਿਛਲੇ ਦਿਨੀਂ ਹੋਈ ਇਜਰਾਈਲੀ ਕੈਬੀਨਟ ਮੀਟਿੰਗ ਵਿੱਚ ਫਿਲਿਸਤੀਨੀ ਲੋਕਾਂ ਨੂੰ ਹੋਰ ਵੀ ਤੰਗ-ਪ੍ਰੇਸ਼ਾਨ ਕਰਨ ਦਾ ਫੈਸਲਾ ਕੀਤਾ ਗਿਆ।

ਸਾਫ਼ ਦੇਖਿਆ ਜਾ ਸਕਦਾ ਹੈ ਕਿ ਫਿਲਿਸਤੀਨੀ ਲੋਕਾਂ ਨਾਲ਼ ਕਿੰਨੀ ਵੱਡੀ ਬੇਇਨਸਾਫ਼ੀ ਹੋ ਰਹੀ ਹੈ। ਪਰ ਇਜਰਾਈਲੀ ਅਤੇ ਅਮਰੀਕੀ ਸਰਕਾਰਾਂ ਤੇ ਮੀਡੀਆ ਵੱਲੋਂ ਫਿਲਿਸਤੀਨੀ ਲੋਕਾਂ ਨੂੰ ਹੀ ਦੋਸ਼ੀ ਠਹਿਰਾਇਆ ਜਾ ਰਿਹਾ ਹੈ। ਗਾਜਾਪੱਟੀ ਵਿੱਚ ਫਿਲਿਸਤੀਨੀ ਲੋਕਾਂ ਦੇ ਸਮਰਥਨ ਨਾਲ਼ ਰਾਜ ਪ੍ਰਬੰਧ ਚਲਾ ਰਹੀ ਜੱਥੇਬੰਦੀ ਹਮਾਸ 'ਤੇ ਦੋਸ਼ ਲਾਇਆ ਗਿਆ ਕਿ ਉਸਨੇ ਇਜਰਾਈਲ ਉੱਤੇ ਜੋ ਰਾਕਟ ਦਾਗੇ ਉਸ ਦਾ ਹੀ ਜਵਾਬ ਦਿੱਤਾ ਗਿਆ ਸੀ। ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਜਵਾਬੀ ਕਾਰਵਾਈ ਕਰਨ ਦੀ ਗੱਲ ਫਿਲਿਸਤੀਨੀ ਲੋਕਾਂ ਦੀ ਕੀਤੀ ਗਈ ਨਸਲਕੁਸ਼ੀ ਲਈ ਬਹਾਨਾ ਬਣਾਉਣ ਤੋਂ ਸਿਵਾ ਕੁਝ ਵੀ ਨਹੀਂ।

ਮੱਧ ਪੂਰਬ ਵਿੱਚ ਅਮਰੀਕਾ ਨੇ ਆਪਣੇ ਸਾਮਰਾਜਵਾਦੀ ਮਨਸੂਬਿਆਂ ਨੂੰ ਲਾਗੂ ਕਰਨ ਦੇ ਮਕਸਦ ਹੇਠ 1948 ਵਿੱਚ ਯਹੂਦੀ ਕੌਮ ਨੂੰ ਅਲੱਗ ਦੇਸ਼ ਦੇਣ ਦੇ ਬਹਾਨੇ ਨਾਲ਼ ਇਜਰਾਈਲ ਦੀ ਸਥਾਪਨਾ ਕਰਵਾਈ। ਇਜਰਾਈਲ ਦੀ ਸਥਾਪਨਾ ਸਮੇਂ ਫਿਲਿਸਤੀਨ ਤੋਂ ਉਸਦਾ 73 ਪ੍ਰਤੀਸ਼ਤ ਭੂ-ਭਾਗ ਖੋਹ ਲਿਆ ਗਿਆ। ਜਦਕਿ ਇਸ 73 ਪ੍ਰਤੀਸ਼ਤ ਖੇਤਰ ਵਿੱਚ ਰਹਿਣ ਵਾਲ਼ੀ ਯਹੂਦੀ ਅਬਾਦੀ ਉਸ ਸਮੇਂ ਫਿਲਿਸਤੀਨ ਦੀ ਕੁੱਲ ਅਬਾਦੀ ਦੀ ਮਹਿਜ 33 ਪ੍ਰਤੀਸ਼ਤ ਹੀ ਬਣਦੀ ਸੀ। ਇਜਰਾਈਲ ਆਪਣੇ ਜਨਮ ਤੋਂ ਹੀ ਮੱਧ ਪੂਰਬ ਵਿੱਚ ਅਮਰੀਕੀ ਪਿੱਠੂ ਦੇ ਤੌਰ 'ਤੇ ਸਰਗਰਮ ਰਿਹਾ ਹੈ। ਅਸਲ ਵਿੱਚ ਇਜਰਾਈਲ ਦੇ ਰੂਪ ਵਿੱਚ ਅਮਰੀਕਾ ਨੇ ਮੱਧ ਪੂਰਬ ਵਿੱਚ ਆਪਣਾ ਫੌਜੀ ਅੱਡਾ ਸਥਾਪਿਤ ਕੀਤਾ ਸੀ। ਉਹ ਮੱਧ ਪੂਰਬ ਦੇ ਵਿਸ਼ਾਲ ਤੇਲ ਭੰਡਾਰਾਂ ਅਤੇ ਹੋਰ ਸ੍ਰੋਤ ਸੰਸਾਧਨਾਂ ਦੀ ਲੁੱਟ ਕਰਨ ਲਈ ਇਸ ਖੇਤਰ ਵਿੱਚ ਆਪਣਾ ਸਾਮਰਾਜ ਸਥਾਪਿਤ ਕਰਨਾ ਚਾਹੁੰਦਾ ਸੀ। ਉਹ ਸ਼ੁਰੂ ਤੋਂ ਹੀ ਇਜਰਾਈਲ ਨੂੰ ਆਰਥਿਕ ਅਤੇ ਕੂਟਨੀਤਕ ਸਹਾਇਤਾ ਦਿੰਦਾ ਆਇਆ ਹੈ ਅਤੇ ਭਾਰੀ ਫੌਜੀ ਤਾਕਤ ਮੁਹੱਈਆ ਕਰਦਾ ਆਇਆ ਹੈ। ਇਹ ਗੱਲ ਹੋਰ ਹੈ ਕਿ ਲੱਖ ਕੋਸ਼ਿਸ਼ ਕਰਨ ਤੋਂ ਬਾਅਦ ਵੀ ਅਮਰੀਕਾ ਇਸ ਖੇਤਰ ਵਿੱਚ ਆਪਣਾ ਸਾਮਰਾਜ ਸਥਾਪਿਤ ਨਹੀਂ ਕਰ ਸਕਿਆ ਹੈ।

ਫਿਲਿਸਤੀਨ ਦਾ ਏਨਾ ਵੱਡਾ ਭੂ-ਭਾਗ ਖੋਹ ਲਿਆ ਜਾਣਾ ਫਿਲਿਸਤੀਨੀਆਂ ਨੂੰ ਦਿਲੋਂ ਸਵੀਕਾਰ ਨਹੀਂ ਹੋ ਸਕਦਾ ਸੀ। ਪਰ ਫੇਰ ਵੀ ਜੇ ਉਹਨਾਂ ਨੂੰ ਅਲੱਗ ਦੇਸ਼ ਵਿੱਚ ਚੈਨ ਨਾਲ਼

ਰਹਿਣ ਦੇ ਦਿੱਤਾ ਜਾਂਦਾ ਤਾਂ ਉਹ ਹੌਲ਼ੀ ਹੌਲ਼ੀ ਇਹ ਧੱਕੇਸ਼ਾਹੀ ਸ਼ਾਇਦ ਭੁਲਾ ਗਏ ਹੁੰਦੇ ਪਰ ਜ਼ਾਬਰਾਂ ਨੂੰ ਇਹ ਵੀ ਮਨਜ਼ੂਰ ਨਹੀਂ ਸੀ। ਫਿਲਿਸਤੀਨੀ ਲੋਕਾਂ ਨਾਲ਼ ਧੱਕੇਸ਼ਾਹੀਆਂ ਦਾ ਸਿਲਸਿਲਾ ਬੇਰੋਕ ਜ਼ਾਰੀ ਰਿਹਾ। ਅਮਰੀਕੀ ਸ਼ਹਿ ਨਾਲ਼ ਇਜਰਾਈਲੀ ਹਾਕਮ ਜਮਾਤਾਂ ਨੇ ਆਪਣੇ ਪੂੰਜੀਵਾਦੀ ਹਿੱਤਾਂ ਲਈ ਯਹੂਦੀ ਕੌਮ ਦੀ ਰੱਖਿਆ ਦੇ ਨਾਂ 'ਤੇ ਅਰਬ ਫਿਲਿਸਤੀਨੀਆਂ ਖਿਲਾਫ਼ ਨਸਲੀ 'ਸ਼ੁੱਧੀਕਰਨ' ਦੀ ਅਣਮਨੁੱਖੀ ਪ੍ਰਕਿਰਿਆ ਸ਼ੁਰੂ ਤੋਂ ਹੀ ਜ਼ਾਰੀ ਰੱਖੀ। 1947-48 ਦੀ ਅਰਬ-ਇਜਰਾਈਲ ਜੰਗ ਦੌਰਾਨ ਲੱਗਭਗ 7 ਲੱਖ 50 ਹਜਾਰ ਫਿਲਿਸਤੀਨੀਆਂ ਨੂੰ ਆਪਣੀ ਜਗ੍ਹਾ ਜਮੀਨ ਤੋਂ ਉਜੜਨਾ ਪਿਆ। ਸੈਂਕੜੇ ਫਿਲਿਸਤੀਨੀ ਪਿੰਡਾਂ ਨੂੰ ਕਬਜੇ ਵਿੱਚ ਲੈਣ ਤੋਂ ਬਾਅਦ ਤਬਾਹ ਕਰ ਦਿੱਤਾ ਗਿਆ। 1967 ਦੀ ਜੰਗ ਵਿੱਚ ਇਜਰਾਈਲ ਦੁਆਰਾ ਗਾਜ਼ਾ ਪੱਟੀ ਅਤੇ ਪੱਛਮੀ ਤੱਟ ਉੱਤੇ ਫੌਜੀ ਕਬਜਾ ਕਰ ਲਿਆ ਗਿਆ ਅਤੇ ਬਾਅਦ ਵਿੱਚ ਇਹਨਾਂ ਖੇਤਰਾਂ ਦਾ ਬਸਤੀਕਰਨ ਕਰਦੇ ਹੋਏ ਫਿਲਿਸਤੀਨ ਦੇ ਅਰਥਚਾਰੇ ਅਤੇ ਸਮਾਜਿਕ ਸਰਗਰਮੀਆਂ ਉੱਤੇ ਕੰਟਰੋਲ ਕਰ ਲਿਆ ਗਿਆ।

ਹੁਣ ਤੱਕ ਲੱਖਾਂ ਗਾਜ਼ਾ ਵਾਸੀ ਦੇਸ਼ ਦੇ ਦੂਜੇ ਹਿੱਸਿਆਂ ਵਿੱਚ ਚਲੇ ਜਾਣ ਲਈ ਮਜ਼ਬੂਰ ਕਰ ਦਿੱਤੇ ਗਏ ਹਨ। 1967 ਤੋਂ ਲੈ ਕੇ 2005 ਤੱਕ ਗਾਜ਼ਾ ਖੇਤਰ ਉੱਤੇ ਇਜਰਾਈਲੀ ਫੌਜ ਦਾ ਕਬਜਾ ਕਾਇਮ ਰਿਹਾ। 1993 ਤੱਕ ਤਾਂ ਫਿਲਿਸਤੀਨੀ ਲੋਕਾਂ ਨੇ 1948 ਵਿੱਚ ਹੋਈ ਵੰਡ ਨੂੰ ਮਾਨਤਾ ਨਾ ਦਿੱਤੀ। 1993 ਵਿੱਚ ਔਸਲੋ ਸਮਝੌਤੇ ਰਾਹੀਂ ਉਸ ਸਮੇਂ ਫਿਲਿਸਤੀਨੀ ਕੌਮੀ ਮੁਕਤੀ ਦੀ ਅਗਵਾਈ ਕਰ ਰਹੀ ਜੱਥੇਬੰਦੀ ਫਿਲਿਸਤੀਨੀ ਮੁਕਤੀ ਜੱਥੇਬੰਦੀ (ਪੀ.ਐਲ.ਓ.), ਜਿਸ ਦੇ ਆਗੂ ਯਾਸਾਰ ਅਰਾਫਾਤ ਸਨ, ਦੁਆਰਾ ਮਜ਼ਬੂਰਨ ਇਜਰਾਈਲੀ ਦੇਸ਼ ਨੂੰ ਮਾਨਤਾ ਦੇਣੀ ਪਈ। ਬਦਲੇ ਵਿੱਚ ਜੋ ਮਿਲਿਆ ਉਹ ਨਾਕਾਫ਼ੀ ਸੀ। ਪੀ.ਐਲ.ਓ. ਨੂੰ ਸਵੈ-ਸ਼ਾਸਨ ਦੇ ਨਾਂ ਹੇਠ ਸੀਮਤ ਜਿਹੇ ਅਧਿਕਾਰ ਹੀ ਮਿਲੇ ਸਨ। ਇਜਰਾਈਲ ਦੁਆਰਾ ਫੌਜੀ ਕਬਜਾ ਜਾਰੀ ਰਿਹਾ ਸੀ। ਇਜਰਾਈਲੀ ਫੌਜੀ ਕਬਜੇ ਖਿਲਾਫ਼ ਫਿਲਿਸਤੀਨੀ ਲੋਕਾਂ ਦੇ ਜ਼ਬਰਦਸਤ ਵਿਦਰੋਹ (ਦੂਜੇ ਇੰਤੀਫ਼ਾਦਾ) ਵਜੋਂ ਇੱਕ ਵੱਡੀ ਸਫ਼ਲਤਾ ਹਾਸਿਲ ਹੋਈ। 2005 ਵਿੱਚ ਸਿੱਧੇ ਅੰਦਰੂਨੀ ਫੌਜੀ ਕਬਜੇ ਤੋਂ ਫਿਲਿਸਤੀਨ ਨੂੰ ਅਜ਼ਾਦੀ ਹਾਸਿਲ ਹੋਈ। ਪਰ ਇਜਰਾਈਲ ਅਜੇ ਵੀ ਆਪਣੀਆਂ ਹਰਕਤਾਂ ਤੋਂ ਬਾਜ਼ ਨਾ ਆਇਆ। 2005 ਤੋਂ ਬਾਅਦ ਵੀ ਇਜਰਾਈਲ ਗਾਜ਼ਾ ਪੱਟੀ ਦੀਆਂ ਜਮੀਨੀ, ਸਮੁੰਦਰੀ ਅਤੇ ਹਵਾਈ ਸਰਹੱਦਾਂ ਨੂੰ ਕੰਟਰੋਲ਼ ਕਰਦਾ ਆ ਰਿਹਾ ਹੈ। ਉਹ ਫਿਲਿਸਤੀਨ ਦੇ ਫਲਾਂ ਦੇ ਬਾਗਾਂ ਨੂੰ ਤਬਾਹ ਕਰਨ ਲਈ ਹਥਿਆਰਬੰਦ ਬਲਡੋਜਰ ਭੇਜਦਾ ਰਿਹਾ ਹੈ। ਬੰਦਰਗਾਹਾਂ ਦੀ ਨਾਕਾਬੰਦੀ ਕਰਦਾ ਆ ਰਿਹਾ ਹੈ। ਕਾਰਖ਼ਾਨਿਆਂ ਅਤੇ ਹੋਰ ਵਿਓਪਾਰ ਲਈ ਲੋੜੀਂਦੇ ਮਾਲ ਦੀ ਸਪਲਾਈ ਰੋਕਦਾ ਰਿਹਾ ਹੈ। ਗਾਜ਼ਾ ਵਾਸੀਆਂ ਨੂੰ ਹੋਰ ਕਿਤੇ ਜਾ ਕੇ ਕੰਮ ਕਰਨ ਦੀ ਅਜ਼ਾਦੀ ਤੋਂ ਵਾਂਝਾ ਰੱਖਦਾ ਰਿਹਾ ਹੈ। ਇਹਨਾਂ ਸਭ ਧੱਕੇਸ਼ਾਹੀਆਂ ਨੂੰ ਬੰਦ ਕਰਨ ਲਈ ਫਿਲਿਸਤੀਨੀ ਇਜਰਾਈਲ ਨਾਲ਼ ਗੱਲਬਾਤ ਵੀ ਚਲਾਉਂਦੇ ਰਹੇ। ਪਰ ਇਜਰਾਈਲ ਇੱਕ ਇੰਚ ਵੀ ਪਿੱਛੇ ਹੱਟਣ ਨੂੰ ਤਿਆਰ ਨਹੀਂ ਸੀ। ਸਗੋਂ ਫੇਰ ਤੋਂ ਫਿਲਿਸਤੀਨ ਦੀ ਧਰਤੀ 'ਤੇ ਕਬਜ਼ਾ ਲੈਣ ਦੀ ਮਨਸ਼ਾ ਤਹਿਤ ਇਹ ਵੱਡਾ ਫੌਜੀ ਹਮਲਾ ਕਰ ਦਿੱਤਾ ਸੀ।

ਫਿਲਿਸਤੀਨ ਉੱਤੇ ਕੀਤਾ ਗਿਆ ਹਰ ਹਮਲਾ ਫਿਲਿਸਤੀਨੀ ਅਤੇ ਦੁਨੀਆਂ ਭਰ ਦੇ ਹੋਰਨਾਂ ਦੇਸ਼ਾਂ ਦੇ ਲੋਕਾਂ ਵਿੱਚ ਖਾਸਕਰ ਅਰਬ ਦੇਸ਼ਾਂ ਦੇ ਲੋਕਾਂ ਵਿੱਚ ਇਜਰਾਈਲ ਅਤੇ ਅਮਰੀਕਾ ਖਿਲਾਫ਼ ਗੁੱਸੇ ਨੂੰ ਹੋਰ ਡੂੰਘਾ ਅਤੇ ਤਿੱਖਾ ਬਣਾਉਂਦਾ ਆਇਆ ਹੈ। ਇਸ ਵਾਰ ਦੇ ਹਮਲੇ ਦਾ ਵੀ ਇਹੋ ਨਤੀਜਾ ਹੈ। ਇਹ ਗੁੱਸਾ ਆਉਣ ਵਾਲ਼ੇ ਦਿਨਾਂ ਵਿੱਚ ਇਹਨਾਂ ਜ਼ਾਬਰਾਂ ਦੀ ਕਬਰ ਪੁੱਟਣ ਦਾ ਸਾਧਨ ਬਣੇਗਾ। ਫਿਲਿਸਤੀਨੀ ਲੋਕਾਂ ਨੇ ਆਪਣੇ ਨਾਲ਼ ਹੋਈਆਂ ਸਭ ਧੱਕੇਸ਼ਾਹੀਆਂ ਦਾ ਮੁਕਾਬਲਾ ਅੱਜ ਤੱਕ ਜਿਸ ਬਹਾਦਰੀ, ਕੁਰਬਾਨੀ ਅਤੇ ਲੜਦੇ ਰਹਿਣ ਦੀ ਜਿੱਦ ਦੀ ਭਾਵਨਾ ਨਾਲ ਕੀਤਾ ਹੈ ਉਸਨੂੰ ਪੂਰੀ ਦੁਨੀਆਂ ਦੇ ਇਨਕਲਾਬੀਆਂ, ਜਮਹੂਰੀਅਤਪਸੰਦਾਂ ਅਤੇ ਇਨਸਾਫ਼ਪਸੰਦਾਂ ਨੇ ਹਮੇਸ਼ਾਂ ਸਲਾਮ ਕੀਤਾ ਹੈ। ਦੁਨੀਆਂ ਦੇ ਕੋਨੇ-ਕੋਨੇ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਚੱਲ ਰਹੀਆਂ ਲੋਕ ਮੁਕਤੀ ਦੀਆਂ ਲਹਿਰਾਂ ਵਾਸਤੇ ਫਿਲਿਸਤੀਨੀ ਕੌਮੀ ਮੁਕਤੀ ਸੰਘਰਸ਼ ਹਮੇਸ਼ਾਂ ਪ੍ਰੇਰਣਾ ਸ੍ਰੋਤ ਬਣਿਆ ਰਿਹਾ ਹੈ। ਇਸ ਸੰਘਰਸ਼ ਨੇ ਇਹ ਸਿੱਧ ਕੀਤਾ ਹੈ ਕਿ ਲੋਕ ਜ਼ਾਬਰਾਂ ਨੂੰ ਕਦੇ ਵੀ ਚੈਨ ਦੀ ਨੀਂਦ ਨਹੀਂ ਸੌਣ ਦਿੰਦੇ। ਜ਼ੁਲ਼ਮ ਦੀ ਕੋਈ ਵੀ ਇੰਤਹਾਂ ਲੋਕਾਂ ਦੀ ਆਵਾਜ ਨੂੰ ਦਬਾ ਨਹੀਂ ਸਕਦੀ। ਜ਼ਾਬਰਾਂ ਦੀ ਤਾਕਤ ਭਾਵੇਂ ਕਿੰਨੀ ਵੀ ਕਿਉਂ ਨਾ ਹੋਵੇ ਲੋਕਾਂ ਦੀ ਸਾਂਝੀ ਤਾਕਤ ਅੱਗੇ ਉਹ ਕਾਗਜ਼ੀ ਸ਼ੇਰ ਹੀ ਸਾਬਤ ਹੁੰਦੇ ਹਨ।

ਫਿਲਿਸਤੀਨੀ ਕੌਮੀ ਮੁਕਤੀ ਲਹਿਰ ਦੀ ਅਗਵਾਈ ਸੰਬੰਧੀ ਚਿੰਤਾਜਨਕ ਪੱਖਾਂ ਦੀ ਵੀ ਗੱਲ ਹੋਣੀ ਜਰੂਰੀ ਹੈ। ਯਾਸਾਰ ਅਰਾਫਾਤ ਦੀ ਅਗਵਾਈ ਹੇਠਲੀ ਫਿਲਿਸਤੀਨੀ ਮੁਕਤੀ ਜੱਥੇਬੰਦੀ (ਪੀ.ਐਲ.ਓ.) ਲੰਮੇ ਸਮੇਂ ਤੱਕ ਫਿਲਿਸਤੀਨੀ ਕੌਮੀ ਸੰਘਰਸ਼ ਦੀ ਅਗਵਾਈ ਕਰਦੀ ਰਹੀ। ਇਸ ਜੱਥੇਬੰਦੀ ਦੀ ਸਮਝੌਤਾਪ੍ਰਸਤੀ, ਨੈਤਿਕ ਪਤਨ ਅਤੇ ਮੌਕਾਪ੍ਰਸਤੀ ਨੇ ਬਹੁਤ ਵੱਡਾ ਨੁਕਸਾਨ ਕੀਤਾ। ਇਹ ਫਿਲਿਸਤੀਨ ਦੇ ਵੱਡੇ ਪੂੰਜੀਵਾਦੀ ਘਰਾਣਿਆ ਦੇ ਗਲਬੇ ਹੇਠਲੀ ਜੱਥੇਬੰਦੀ ਸੀ। ਇਸ ਦੀ ਅਗਵਾਈ ਹੇਠ ਫਿਲਿਸਤੀਨੀ ਕੌਮ ਦਾ ਸਾਮਰਾਜਵਾਦ ਨਾਲੋਂ ਤੋੜ ਵਿਛੋੜੇ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਫਿਲਿਸਤੀਨੀ ਮਜ਼ਦੂਰ ਅਤੇ ਹੋਰ ਕਿਰਤੀ ਅਬਾਦੀ ਦਾ ਇਸ ਜੱਥੇਬੰਦੀ ਉਪਰੋਂ ਹੌਲ਼ੀ ਹੌਲ਼ੀ ਵਿਸ਼ਵਾਸ਼ ਉੱਠਦਾ ਗਿਆ।

ਅੱਜ ਹਮਾਸ ਫਿਲਿਸਤੀਨੀ ਕੌਮੀ ਮੁਕਤੀ ਸੰਘਰਸ ਦੀ ਅਗਵਾਈ ਕਰ ਰਹੀ ਹੈ। ਮੌਜੂਦਾ ਸਮੇਂ ਵਿੱਚ ਭਾਂਵੇ ਇਹ ਇਜਰਾਈਲੀ ਅਤੇ ਅਮਰੀਕੀ ਧੌਂਸ ਦੀ ਕੱਟੜ ਵਿਰੋਧੀ ਹੈ ਪਰ ਗੰਭੀਰ ਚਿੰਤਾਜਨਕ ਗੱਲ ਇਹ ਹੈ ਕਿ ਹਮਾਸ ਇੱਕ ਇਸਲਾਮਿਕ ਕੱਟੜਪੰਥੀ ਜੱਥੇਬੰਦੀ ਹੈ ਜਿਸਦਾ ਕੌਮਵਾਦ ਜਮਹੂਰੀਅਤ ਵਿਰੋਧੀ ਹੈ। ਇਹ ਇੱਕ ਮੁੜਸੁਰਜੀਤਵਾਦੀ ਰੂੜੀਵਾਦੀ ਜੱਥੇਬੰਦੀ ਹੈ। ਇਹ ਐਲਾਨੀਆ ਤੌਰ 'ਤੇ ਧਰਮ ਨਿਰਪੱਖ ਅਤੇ ਕੌਮਾਂਤਰੀਵਾਦੀ ਲਹਿਰ ਦਾ ਵਿਰੋਧ ਕਰਦੀ ਹੈ। ਇਸ ਨੇ ਲਿਖਤੀ ਐਲਾਨਨਾਮੇ ਵਿੱਚ ਕਮਿਊਨਿਸਟਾਂ ਨੂੰ ਦੁਸ਼ਮਣ ਕਿਹਾ ਹੈ। ਕਿਸੇ ਇਨਕਲਾਬੀ ਬਦਲ ਦੀ ਅਣਹੋਂਦ ਵਿੱਚ ਪੀ.ਐਲ.ਓ. ਦੀ ਸਮਝੌਤਾਪ੍ਰਸਤੀ ਅਤੇ ਮੌਕਾਪ੍ਰਸਤੀ ਦੇ ਮੁਕਾਬਲੇ ਹਮਾਸ ਦੀ ਇਜਰਾਈਲੀ ਫੌਜੀ ਕਬਜੇ ਅਤੇ ਨਾਕੇਬੰਦੀਆਂ ਖਿਲਾਫ਼ ਜੁਝਾਰੂ ਅਤੇ ਫੌਜੀ ਢੰਗ ਨਾਲ਼ ਮੁਕਾਬਲਾ ਕਰਨ ਦੀ ਨੀਤੀ ਫਿਲਿਸਤੀਨੀ ਲੋਕਾਂ ਨੂੰ ਹਮਾਸ ਦੇ

ਨੇੜੇ ਲੈ ਗਈ। ਹਮਾਸ ਨੇ ਸੁਧਾਰ ਕਾਰਜ ਕਰਨ ਵਾਲ਼ੀਆਂ ਜੱਥੇਬੰਦੀਆਂ ਰਾਹੀਂ ਫਿਲਿਸਤੀਨੀ ਅਬਾਦੀ ਵਿੱਚ ਲੰਬਾ-ਚੌੜਾ ਤਾਣਾ-ਬਾਣਾ ਬੁਣਿਆ। ਪ੍ਰਾਈਮਰੀ ਸਕੂਲਾਂ, ਕਿੱਤਾ ਸਿਖਲਾਈ ਕੇਂਦਰਾਂ, ਬਲੱਡ ਬੈਂਕਾਂ, ਮੈਡੀਕਲ ਕਲੀਨਿਕਾਂ, ਲਾਈਬ੍ਰੇਰੀਆਂ, ਨੌਜਵਾਨ ਅਤੇ ਖੇਡ ਕਲੱਬਾਂ, ਸੂਪ ਰਸੋਈਆਂ, ਬੱਚਾ ਦੇਖਭਾਲ ਕੇਂਦਰਾਂ, ਬਾਲ ਵਾੜੀਆਂ ਆਦਿ ਸੰਸਥਾਵਾਂ ਦਾ ਵਿਸ਼ਾਲ ਜਾਲ ਵਿਛਾਇਆ ਗਿਆ ਜਿਹਨਾਂ ਰਾਹੀਂ ਆਮ ਫਿਲਿਸਤੀਨੀ ਲੋਕਾਂ ਦੀ ਰੋਜਮਰ੍ਹਾ ਦੀ ਜਿੰਦਗੀ ਨਾਲ਼ ਡੂੰਘਾ ਸੰਬੰਧ ਸਥਾਪਿਤ ਕੀਤਾ ਗਿਆ। ਹਮਾਸ ਬਾਰੇ ਇਹ ਵੀ ਇੱਕ ਰੋਚਕ ਤੱਥ ਹੈ ਕਿ ਧਰਮ ਨਿਰਪੱਖ ਪੀ.ਐਲ.ਓ., ਟ੍ਰੇਡ ਯੂਨਿਅਨ ਜੱਥੇਬੰਦੀਆਂ ਅਤੇ ਕੌਮਾਂਤਰੀਵਾਦੀ ਜੱਥੇਬੰਦੀਆਂ ਜਿਹਨਾਂ ਦਾ ਫਿਲਿਸਤੀਨੀ ਲੋਕਾਂ ਵਿੱਚ ਇੱਕ ਸਮੇਂ ਕਾਫ਼ੀ ਅਧਾਰ ਰਿਹਾ ਹੈ, ਦੇ ਬਦਲ ਵਜੋਂ ਫਿਲਿਸਤੀਨੀ ਕੌਮੀ ਸੰਘਰਸ਼ ਨੂੰ ਕਮਜ਼ੋਰ ਕਰਨ ਲਈ ਇਸਦੇ ਵਧਣ ਫੁੱਲਣ ਵਿੱਚ ਇਜਰਾਈਲੀ, ਸਾਊਦੀ ਅਤੇ ਕੁਵੈਤੀ ਹਾਕਮ ਜਮਾਤਾਂ ਵਲੋਂ ਹਮਾਸ ਦਾ ਅਸਿੱਧੇ ਤੌਰ 'ਤੇ ਕਾਫ਼ੀ ਸਹਿਯੋਗ ਕੀਤਾ ਗਿਆ। ਇਸ ਸਹਿਯੋਗ ਤੋਂ ਬਿਨਾਂ ਹਮਾਸ ਦਾ ਅੱਗੇ ਵਧਣਾ ਜੇ ਅਸੰਭਵ ਨਹੀਂ ਤਾਂ ਬੇਹੱਦ ਔਖਾ ਸੀ। ਕਿਹਾ ਜਾ ਸਕਦਾ ਹੈ ਕਿ ਹਮਾਸ ਇਹਨਾਂ ਹਾਕਮ ਜਮਾਤਾਂ ਲਈ ਭਸਮਾਸੁਰ ਸਾਬਿਤ ਹੋਈ ਹੈ।

ਇਜਰਾਈਲੀ ਵਿਸਥਾਰਵਾਦੀ ਅਤੇ ਅਮਰੀਕੀ ਸਾਮਰਾਜਵਾਦੀ ਜੋਟੀਦਾਰਾਂ ਖਿਲਾਫ਼ ਸੰਘਰਸ਼ ਵਿੱਚ ਹਮਾਸ ਦੀ ਅਗਾਂਹਵਧੂ ਭੂਮੀਕਾ ਨੂੰ ਸਵੀਕਾਰ ਕਰਦੇ ਹੋਏ ਵੀ ਇਹ ਹਮੇਸ਼ਾਂ ਯਾਦ ਰੱਖਣਾ ਪਵੇਗਾ ਕਿ ਫਿਲਿਸਤੀਨੀ ਕੌਮ ਦੀ ਮੁਕਤੀ ਦਾ ਸਹੀ ਰਾਹ ਇਨਕਲਾਬੀ ਮਜ਼ਦੂਰ ਜਮਾਤੀ ਰਾਜਨੀਤੀ ਹੀ ਹੋ ਸਕਦਾ ਹੈ। ਇਸੇ ਰਾਹ 'ਤੇ ਚੱਲ ਕੇ ਹੀ ਫਿਲਿਸਤੀਨੀ ਕਿਰਤੀ ਲੋਕਾਂ ਨੂੰ ਪੂੰਜੀਵਾਦੀ ਲੁੱਟ-ਖਸੁੱਟ ਤੋਂ ਵੀ ਛੁਟਕਾਰਾ ਹਾਸਿਲ ਹੋ ਸਕਦਾ ਹੈ। ਸੱਚੇ ਮਾਅਨਿਆਂ ਵਿੱਚ ਧਰਮ ਨਿਰਪੱਖਤਾ ਅਤੇ ਕੌਮਾਂਤਰੀਵਾਦ ਦਾ ਝੰਡਾ ਬੁਲੰਦ ਕਰਨ ਵਾਲ਼ੀ ਮਜ਼ਦੂਰ ਜਮਾਤੀ ਰਾਜਨੀਤੀ ਇਜਰਾਈਲੀ ਕਿਰਤੀ ਲੋਕਾਂ ਦਾ ਵੀ ਵਿਸ਼ਵਾਸ਼ ਜਿੱਤੇਗੀ। ਯਹੂਦੀ ਕੌਮਵਾਦ ਨੇ ਇਜਰਾਈਲੀ ਮਜ਼ਦੂਰਾਂ ਅਤੇ ਕਿਰਤੀਆਂ ਦਾ ਅੱਜ ਤੱਕ ਕੁਝ ਵੀ ਨਹੀਂ ਸਵਾਂਰਿਆ। ਉਹ ਵੀ ਭਿਆਨਕ ਪੂੰਜੀਵਾਦੀ ਲੁੱਟ-ਖੋਹ ਦਾ ਸ਼ਿਕਾਰ ਹਨ। ਇਜਰਾਈਲ ਦੇ ਕਿਰਤੀ ਲੋਕ ਵਿਸ਼ਵੀਕਰਨ-ਨਿਜੀਕਰਨ-ਉਦਾਰੀਕਰਨ ਦੀਆਂ ਹਾਕਮ ਜਮਾਤ ਦੀਆਂ ਨੀਤੀਆਂ ਵਜੋਂ ਅੱਜ ਤਾਲਾਬੰਦੀਆਂ, ਛਾਂਟੀਆਂ, ਬੇਰੁਜ਼ਗਾਰੀ, ਮਹਿੰਗਾਈ, ਸਮਾਜਿਕ ਅਸੁਰੱਖਿਆ ਆਦਿ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ। ਇਜਰਾਈਲੀ ਅਤੇ ਫਿਲਿਸਤੀਨੀ ਆਮ ਲੋਕਾਂ ਦੇ ਹਿੱਤਾਂ ਵਿੱਚ ਕੋਈ ਵਿਰੋਧ ਨਹੀਂ ਹੈ। ਪਰ ਉਹ ਅੱਜ ਤੱਕ ਪੂੰਜੀਵਾਦੀ ਜਮਾਤਾਂ ਦੇ ਨਸਲੀ ਅਤੇ ਧਾਰਮਿਕ 'ਕੌਮਵਾਦ' ਦਾ ਸ਼ਿਕਾਰ ਹੁੰਦੇ ਆਏ ਹਨ। ਉਹਨਾਂ ਨੂੰ ਇਸ ਕਿਸਮ ਦੇ ਪਿਛਾਖੜੀ ਕੌਮਵਾਦ ਤੋਂ ਖਹਿੜਾ ਛੁਡਾਉਣਾ ਹੋਵੇਗਾ ਅਤੇ ਕੌਮੀ ਮੁਕਤੀ ਦੇ ਸੱਚੇ ਸਮਰਥਕ ਇਨਕਲਾਬੀ ਕੌਮਾਂਤਰੀਵਾਦ ਦਾ ਝੰਡਾ ਬੁਲੰਦ ਕਰਨਾ ਹੋਵੇਗਾ।

—ਲਖਵਿੰਦਰ

(ਸਫ਼ਾ 27 ਦਾ ਬਾਕੀ)

ਅਤੇ ਚੰਗੀ ਤੇ ਸ਼ਰਾਫ਼ਤ ਭਰੀ ਜ਼ਿੰਦਗੀ ਜੀਵੀ। ਮੈਂ ਇਸ ਨੂੰ ਇਸ ਲਈ ਲਿਖਿਆ ਹੈ ਤਾਂ ਕਿ ਮੇਰੇ ਬੱਚੇ ਤੇ ਦੂਸਰੇ ਜੋ ਇਸ ਨੂੰ ਪੜ੍ਹਨ, ਸਾਡੇ ਆਪਣੇ ਅਸੁਖਾਵੇਂ ਭਵਿੱਖ ਲਈ ਤਾਕਤ ਲੈ ਸਕਣ, ਜ਼ੁਲਮ ਤੇ ਬੁਰਾਈ ਦੇ ਖਿਲਾਫ਼ ਜੱਦੋ-ਜਹਿਦ ਕਰ ਸਕਣ — ਇਸ ਲਈ ਕਿ ਸਾਡੇ ਆਪਣੇ ਸਮੇਂ ਵਿੱਚ ਸਪਾਰਟਕਸ ਦਾ ਸੁਪਨਾ ਸੱਚ ਹੋ ਸਕੇ।"

●

ਸਪਾਰਟਕਸ ਬਾਰੇ ਲਿਖਣਾ ਬਿਨਾ ਸ਼ੱਕ ਇੱਕ ਬੇਹੱਦ ਮੁਸ਼ਕਿਲ ਕਾਰਜ ਸੀ। ਇਸ ਦੀਆਂ ਘਟਨਾਵਾਂ ਤੇ ਪਾਤਰਾਂ ਬਾਰੇ ਗੱਲ ਕਰਨਾ, ਸੂਰਜ ਨੂੰ ਦੀਵਾ ਦਿਖਾਉਣ ਦੇ ਤੁਲ ਹੈ। ਇਹ ਮਹਿਸੂਸ ਕਰਦਿਆਂ ਕਿ ਇਸ ਲੇਖ ਨੂੰ ਹੋਰ ਵੀ ਬੇਹਤਰ ਢੰਗ ਨਾਲ਼ ਲਿਖਿਆ ਜਾ ਸਕਦਾ ਸੀ ਮੈਂ ਆਪਣੀ ਅਸਮਰੱਥਾ ਪ੍ਰਵਾਨ ਕਰਦੇ ਹੋਏ ਪੰਜਾਬੀ ਦੇ ਇੱਕ ਸ਼ਾਇਰ ਦੀਆਂ ਕੁਝ ਪੰਕਤੀਆਂ ਰਾਹੀਂ ਆਪਣੀ ਮਨੋਦਿਸ਼ਾ ਬਿਆਨ ਕਰਨਾ ਚਾਹਾਂਗਾ।

ਕਦੇ ਸੂਲੀ ਤੇ, ਕਦੇ ਤੰਬੀ ਤੇ।
ਕਦੇ ਆਰੇ ਤੇ, ਕਦੇ ਰੰਬੀ ਤੇ।
ਕਦੇ ਚਰਖੜੀਆਂ ਦੇ ਦੰਦਿਆਂ ਤੇ,
ਕਦੇ ਸੇਜ ਵਿਛਾਉਣੀ ਕੰਢਿਆਂ ਤੇ।
ਕਦੇ ਤਵੀਆਂ ਤੇ, ਕਦੇ ਛਵੀਆਂ ਤੇ।
ਕਦੇ ਤਲਵਾਰਾਂ ਦੀਆਂ ਨੋਕਾਂ ਤੇ,
ਕੀ ਲਫ਼ਜ਼ਾਂ ਵਿਚ ਬਿਆਨ ਕਰਾਂ।

★ ★ ★

ਮੈਗਸੇਸੇ ਇਨਾਮ ਦੀ ਕਾਲ਼ੀ ਪਿੱਠਭੂਮੀ

● ਸੁਜਯ

ਸਾਡੇ ’ਚੋਂ ਸ਼ਾਇਦ ਹੀ ਕੋਈ ਅਜਿਹਾ ਹੋਵੇ ਜਿਸਨੇ ਮੈਗਸੇਸ ਇਨਾਮ ਦਾ ਨਾਂ ਨਾ ਸੁਣਿਆ ਹੋਵੇ। ਕਈ ਲੋਕ ਇਹ ਵੀ ਜਾਣਦੇ ਹੋਣਗੇ ਕਿ ਮੈਗਸੇਸੇ ਇਨਾਮ ਨੂੰ ਏਸ਼ੀਆਈ ਨੋਬਲ ਦੇ ਨਾਂ ਨਾਲ਼ ਵੀ ਜਾਣਿਆ ਜਾਂਦਾ ਹੈ। ਇਹ ਇਨਾਮ ਫਿਲਿਪੀਂਸ ਦੇ ਰਾਸ਼ਟਰਪਤੀ ਰਹਿ ਚੁੱਕੇ ਰੇਮੋਨ ਮੈਗਸੇਸੇ ਦੇ ਨਾਂ ’ਤੇ ਦਿੱਤਾ ਜਾਂਦਾ ਹੈ। ਇਹ ਵੀ ਬਹੁਤ ਸਾਰੇ ਲੋਕ ਜਾਣਦੇ ਹੋਣਗੇ। ਪਰ ਰੇਮੋਨ ਮੈਗਸੇਸੇ ਕੌਣ ਸਨ ਅਤੇ ਉਹਨਾਂ ਦਾ ਕੀ ਇਤਿਹਾਸ ਹੈ, ਇਸ ਤੋਂ ਘੱਟ ਲੋਕ ਹੀ ਜਾਣੂ ਹੋਣਗੇ। ਆਓ, ਰੇਮੇਨ ਮੈਗਸੇਸੇ ਦੇ ਰਾਜਨੀਤਕ ਇਤਿਹਾਸ ’ਤੇ ਨਜ਼ਰ ਮਾਰੀਏ।

ਰੇਮੇਨ ਮੈਗਸੇਸੇ 31 ਅਗਸਤ 1907 ਨੂੰ ਫਿਲੀਪੀਂਸ ਵਿੱਚ ਪੈਦਾ ਹੋਇਆ। ਉਸ ਸਮੇਂ ਫਿਲੀਪੀਂਸ ਅਮਰੀਕੀ ਅਧੀਨਗੀ ਹੇਠ ਸੀ। ਅਮਰੀਕਾ ਖਿਲਾਫ਼ ਕਈ ਵੱਡੇ ਵਿਦਰੋਹ ਹੋ ਚੁੱਕੇ ਸਨ। ਪਰ ਉਹਨਾਂ ਸਭ ਨੂੰ ਦਬਾਇਆ ਜਾ ਚੁੱਕਾ ਸੀ। ਆਖ਼ਰੀ ਜ਼ਬਰੀ ਕਾਰਵਾਈ ਦੌਰਾਨ ਅਮਰੀਕਾ ਨੇ ਫਿਲੀਪੀਂਸ ਵਾਸੀਆਂ ਦੀ ਜ਼ਬਰਦਸਤ ਨਸਲਕੁਸ਼ੀ ਕੀਤੀ। ਮੈਗਸੇਸੇ ਦੀ ਕਿਸਮਤ ਸੀ ਕਿ ਉਹ ਇਸ ਨਸਲਕੁਸ਼ੀ ਦੇ ਨਿਸ਼ਾਨੇ ’ਤੇ ਨਹੀਂ ਆਇਆ। ਉਸਨੇ ਇੱਕ ਟਰਾਂਸਪੋਰਟ ਕੰਪਨੀ ਵਿੱਚ ਮੈਕੇਨਿਕ ਦੇ ਤੌਰ ’ਤੇ ਕੰਮ ਸ਼ੁਰੂ ਕੀਤਾ। 1941 ਵਿੱਚ ਉਹ ਅਮਰੀਕੀ ਫੌਜ ਵਿੱਚ ਭਰਤੀ ਹੋਇਆ। 1945 ਵਿੱਚ ਉਹ ਉਸਦੇ ਜਨਮ ਸਥਾਨ ਜੇਮਬਾਲੇਸ ਪ੍ਰਾਂਤ ਦਾ ਫੌਜੀ ਗਵਰਨਰ ਨਿਯੁਕਤ ਕੀਤਾ ਗਿਆ। 1941 ਵਿੱਚ ਫਿਲੀਪੀਂਸ ਨੂੰ ਅਜਾਦੀ ਮਿਲੀ। ਮੈਗਸੇਸੇ ਨੇ ਰਾਜਨੀਤੀ ਵਿੱਚ ਸ਼ੁਰੂਆਤ ਕੀਤੀ ਅਤੇ ਸੁਤੰਤਰ ਉਮੀਦਵਾਰ ਦੇ ਰੂਪ ਵਿੱਚ ਚੋਣ ਲੜੀ। ਉਸ ਚੋਣ ਵਿੱਚ ਉਹ ਜੇਤੂ ਰਿਹਾ। ਉਸੇ ਵਰ੍ਹੇ ਉਹ ਲਿਬਰਲ ਪਾਰਟੀ ਵਿੱਚ ਸ਼ਾਮਲ ਹੋ ਗਿਆ। ਇੱਥੋਂ ਹੀ ਅਮਰੀਕਾ ਦੇ ਇੱਕ ਪ੍ਰਸ਼ੰਸਕ ਅਤੇ ਪਿੱਛਲੱਗੂ ਦੇ ਤੌਰ ’ਤੇ ਮੈਗਸੇਸੇ ਦਾ ਰਾਜਨੀਤਕ ਕੈਰੀਅਰ ਸ਼ੁਰੂ ਹੋਇਆ ਅਤੇ ਇਸ ਕੈਰੀਅਰ ਨੂੰ ਮੈਗਸੇਸੇ ਨੇ ਸਭ ਨਸਲਕੁਸ਼ੀਆਂ ਨੂੰ ਅੰਜਾਮ ਦੇ ਕੇ ਚਾਰ ਚੰਨ ਲਾ ਦਿੱਤੇ।

1949 ਵਿੱਚ *ਹੁੱਕ* ਨਾਮਕ ਇੱਕ ਕਿਸਾਨ ਗੁਰਿਲਾ ਗਰੁੱਪ ਨੇ ਵਿਦਰੋਹ ਦੀ ਸ਼ੁਰੂਆਤ ਕੀਤੀ। *ਹੁਕ* ਕਿਸਾਨਾਂ ਦੇ ਲੰਮੇ ਅਸੰਤੋਖ ਨੂੰ ਪ੍ਰਗਟਾ ਦੇ ਰਿਹਾ ਸੀ ਜੋ ਭਿਅੰਕਰ ਲੁੱਟ ਦਾ ਸ਼ਿਕਾਰ ਸਨ। ਮੈਗਸੇਸੇ ਨੇ ਦੋ ਵਰ੍ਹਿਆਂ ਅੰਦਰ ਅਮਰੀਕੀ ਫੌਜ ਦੇ ਸਲਾਹਕਾਰ ਐਡਵਰਡ ਲੇਂਡਸਡੇਲ ਦੀ ਮਦਦ ਨਾਲ਼ ਹੁਕਾਂ ਦੇ ਵਿਦਰੋਹ ਨੂੰ ਬਰਬਰਤਾ ਨਾਲ਼ ਕੁਚਲ ਦਿੱਤਾ। ਮੈਗਸੇਸੇ ਨੇ 1951 ਵਿੱਚ ਖੁੱਲ ਕੇ ਕਿਹਾ ਸੀ ਕਿ ਇਸ ਹਫ਼ਤੇ ਨੂੰ ਅਸੀ ਨਸਲਕੁਸ਼ੀ ਦਾ ਹਫ਼ਤਾ ਬਣਾਵਾਂਗੇ, ਜਿਸਨੂੰ ਉਸ ਵਰ੍ਹੇ ਦੀ *ਟਾਈਮ* ਮੈਗਜ਼ੀਨ ਨੇ ਛਾਪਿਆ ਵੀ ਸੀ। ਕਰੀਬ 1500 ਵਿਦਰੋਹੀਆਂ ਨੂੰ ਮੈਗਸੇਸੇ ਨੇ ਬੇਰਹਿਮੀ ਨਾਲ਼ ਮੌਤ ਦੇ ਘਾਟ ਉਤਾਰ ਦਿੱਤਾ, 487 ਫੜੇ ਗਏ ਅਤੇ ਕਰੀਬ 3000 ਨੂੰ ਸਮਰਪਣ ਕਰਨ ਲਈ ਮਜ਼ਬੂਰ ਕਰ ਦਿੱਤਾ।

ਨਵੰਬਰ 1953 ਵਿੱਚ ਆਪਣੀਆਂ ਅਜਿਹੀਆਂ ਹੀ ਸੇਵਾਵਾਂ ਬਦਲੇ ਮੈਗਸੇਸੇ ਰਾਸ਼ਟਰਪਤੀ ਬਣਿਆ ਅਤੇ ਮਾਰਚ 1957 ਵਿੱਚ ਇੱਕ ਹਵਾਈ ਜਹਾਜ ਦੁਰਘਟਨਾ ਵਿੱਚ ਮਾਰੇ ਜਾਣ ਤੱਕ ਉਹ ਇਸ ਪਦਵੀ ’ਤੇ ਬਣਿਆ ਰਿਹਾ। ਅਮਰੀਕੀ ਸਾਮਰਾਜਵਾਦ ਦੇ ਜ਼ਬਰਦਸਤ ਸਮਰਥਕ ਅਤੇ ਪ੍ਰਸ਼ੰਸਕ ਮੈਗਸੇਸੇ ਇਸ ਤੱਥ ਤੋਂ ਨਾਵਾਕਿਫ਼ ਨਹੀਂ ਸੀ ਕਿ ਅਮਰੀਕੀ ਸਾਮਰਾਜਵਾਦ ਤਹਿਤ 10 ਲੱਖ ਫਿਲੀਪੀਂਸ ਵਾਸੀਆਂ ਦੀ ਨਸਲਕੁਸ਼ੀ ਕੀਤੀ ਗਈ ਸੀ। ਭਾਵ ਕਿ ਪੂਰੀ ਅਬਾਦੀ ਦਾ 10 ਤੋਂ 15 ਪ੍ਰਤੀਸ਼ਤ ਹਿੱਸਾ।

1898 ਤੱਕ ਫਿਲੀਪੀਂਸ ਸਪੇਨ ਦੀ ਬਸਤੀ ਸੀ। ਪਰ ਸਪੇਨ ਅਤੇ ਅਮਰੀਕਾ ਵਿਚਕਾਰ ਯੁੱਧ ਤੋਂ ਬਾਅਦ ਪੇਰਿਸ ਸੰਧੀ ਤਹਿਤ ਫਿਲੀਪੀਂਸ ਸਪੇਨ ਦੇ ਹੱਥੋਂ ਅਮਰੀਕਾ ਦੇ ਹੱਥ ਚਲਾ ਗਿਆ। ਅਮਰੀਕੀ ਬਸਤੀਵਾਦੀਆਂ ਨੇ ਵੀ ਸਪੇਨੀ ਬਸਤੀਵਾਦੀਆਂ ਦੀ ਤਰ੍ਹਾਂ ਹੀ ਬਰਬਰਤਾ ਨਾਲ਼ ਫਿਲੀਪੀਂਸ ਦੇ ਲੋਕਾਂ ਦੇ ਪ੍ਰਤੀਰੋਧ ਨੂੰ ਦਬਾਇਆ। ਮੈਗਸੇਸੇ 1941 ਦੇ ਬਾਅਦ ਤੋਂ ਅਮਰੀਕੀ ਫੌਜ ਵਿੱਚ ਸੀ ਅਤੇ ਇਹਨਾਂ ਕੁਕਰਮਾਂ ਵਿੱਚ ਉਸ ਦੀ ਵੀ ਹਿੱਸੇਦਾਰੀ ਸੀ। 1946 ਵਿੱਚ ਅਮਰੀਕਾ ਨੇ ਫਿਲੀਪੀਂਸ ਨੂੰ ਅਜ਼ਾਦੀ ਦਿੱਤੀ। ਪਰ ਸਾਰੀਆਂ ਫੌਜੀ ਅਤੇ ਆਰਥਿਕ ਸੰਧੀਆਂ ਤਹਿਤ ਫਿਲੀਪੀਂਸ ਲੰਮੇ ਸਮੇਂ ਤੱਕ ਅਮਰੀਕਾ ਦੀ ਬਸਤੀ ਬਣਿਆ ਰਿਹਾ। ਮੈਗਸੇਸੇ ਨੇ ਅਮਰੀਕੀ ਸਾਮਰਾਜਵਾਦ ਦੀ ਇੱਕ ਕਠਪੁਤਲੀ ਦੀ ਤਰ੍ਹਾਂ ਆਚਰਣ ਕੀਤਾ ਅਤੇ ਫਿਲੀਪੀਂਸ ਦੇ ਰਾਸ਼ਟਰਪਤੀ ਦੇ ਰੂਪ ਵਿੱਚ ਅਮਰੀਕੀ ਹਿੱਤਾਂ ਪ੍ਰਤੀ ਵਫ਼ਾਦਾਰ ਬਣਿਆ ਰਿਹਾ। ਫਿਲੀਪੀਂਸ ਵਿੱਚ ਲੋਕਤੰਤਰ ਦਾ ਢੋਂਗ ਰਚਾ ਕੇ ਜੋ ਕਥਿਤ ਲੋਕ ਪ੍ਰਤੀਨਿਧੀ ਚੁਣੇ ਗਏ ਉਹਨਾਂ ਦੀ ਅਸਲੀਅਤ ਤੋਂ ਅੱਜ ਸਾਰੀ ਦੁਨੀਆਂ ਜਾਣੂ ਹੈ। ਚਾਹੇ ਉਹ ਕਵੀਰੀਨੋ ਹੋਵੇ, ਜਾਂ ਮੈਗਸੇਸੇ, ਕਾਰਲੋਸ ਡੀ ਗ੍ਰੇਸਿਓ, ਫਰਦਿਨਾਂਦ ਈ ਮਾਰਕੋਸ, ਜਾਂ ਫਿਰ ਗਲੋਰੀਆ ਮੇਕਾਪਗਾਲ ਏਰੋਆ। ਇਹ ਸਭ ਅਮਰੀਕੀ ਹਿੱਤਾਂ ਦੇ ਰੱਖਿਅਕ ਬਣੇ ਰਹੇ ਅਤੇ ਫਿਲੀਪੀਂਸ ਦੇ ਲੋਕਾਂ ਉੱਤੇ ਕਹਿਰ ਢਾਹੁੰਦੇ ਰਹੇ। ਚਾਹੇ ਉਹ 1930 ਦੇ ਦਹਾਕੇ ਦੇ ਕਿਸਾਨ ਵਿਦਰੋਹ ਹੋਣ, 1940 ਦੇ ਦਹਾਕੇ ਵਿੱਚ ਹੁਕਾਂ ਦੇ ਵਿਦਰੋਹ, 1960 ਦੇ ਦਹਾਕੇ ਵਿੱਚ ਨਿਊ ਪੀਪਲਜ ਆਰਮੀ ਦੀ ਬਗਾਵਤ, ਜਾਂ ਫਿਰ 1970 ਤੋਂ ਬਾਅਦ ਤੋਂ ਮੋਰੂ ਲੋਕਾਂ ’ਤੇ ਜ਼ਬਰ ਹੋਵੇ, ਹਰ ਵਾਰ ਇਹੋ ਗੱਲ ਸਿੱਧ ਹੋਈ ਹੈ।

ਮੈਗਸੇਸੇ ਦੇ ਨਾਂ ਉੱਤੇ ਇਨਾਮ ਦੀ ਸਥਾਪਨਾ ਪੂੰਜੀਵਾਦੀ ਸੰਸਾਰ ਦੁਆਰਾ ਆਪਣੇ ਇੱਕ ਚੌਕਸ ਪਹਿਰੇਦਾਰ ਨੂੰ ਦਿੱਤੀ ਜਾਣ ਵਾਲ਼ੀ ਮਾਨਤਾ ਹੈ। ਮੈਗਸੇਸੇ ਇਨਾਮ ਦੀ ਵੈਬਸਾਈਟ ਉੱਤੇ ਲਿਖਿਆ ਹੈ ਕਿ “ਦੁਨੀਆਂ ਖੁਸ਼ਹਾਲ ਅਤੇ ਬੇਹਤਰ ਹੈ ਕਿਉਂ ਕਿ ਰੇਮੋਨ ਮੈਗਸੇਸੇ ਪੈਦਾ ਹੋਏ ਸਨ।” ਸ਼ਾਇਦ ਇੱਥੇ ਦੁਨੀਆਂ ਤੋਂ ਭਾਵ ਅਮਰੀਕੀ ਅਤੇ ਸਾਮਰਾਜਵਾਦੀਆਂ ਤੋਂ ਹੈ! ਇਹ ਮਹਿਜ ਸੰਯੋਗ ਨਹੀਂ ਹੈ ਕਿ ਮੈਗਸੇਸੇ ਇਨਾਮ ਦੀ ਸਥਾਪਨਾ ਅਮਰੀਕੀ ਦੈਂਤ ਕਾਰਪੋਰੇਸ਼ਨ ਰੌਕਫੇਲਰ ਨੇ ਕੀਤੀ ਸੀ। ਮੈਗਸੇਸੇ ਦੇ ਪਾਲਣ-ਪੋਸ਼ਣ ਦਾ ਕੰਮ ਅਮਰੀਕੀ ਸਾਮਰਾਜਵਾਦ ਨੇ ਕੀਤਾ ਸੀ ਅਤੇ ਉਸਦਾ ਫ਼ਲ ਮੈਗਸੇਸੇ ਨੇ ਬਾਖੂਬੀ ਵਾਪਿਸ ਕੀਤਾ। ਮੈਗਸੇਸੇ ਦੇ ਨਾਂ ’ਤੇ ਇਨਾਮ ਦੀ ਸਥਾਪਨਾ ਦਾ ਅਰਥ ਸੀ ਇੱਕ ਅਮਰੀਕੀ ਪਿੱਛਲੱਗੂ ਦੇ ਨਾਂ ਨੂੰ ਅਮਰ ਕਰ ਦੇਣਾ, ਉਸਦੇ ਆਚਰਣ ਨੂੰ ਆਦਰਸ਼ ਆਚਰਣ ਦੱਸਣਾ ਅਤੇ ਅਮਰੀਕੀ ਸ਼ੈਲੀ ਤੋਂ ਦੁਨੀਆਂ

ਭਰ ਵਿੱਚ 'ਲੋਕਤੰਤਰ' ਅਤੇ 'ਸ਼ਾਂਤੀ' ਲਿਆਉਣ ਦੇ ਰਾਹ ਦਾ ਆਦਰਸ਼ ਦੱਸਣਾ। ਇਹ ਮੈਗਸੇਸੇ ਜਿਹੇ ਲੋਕਾਂ ਦੀ ਰਾਜਨੀਤੀ ਨੂੰ ਆਦਰਸ਼ ਬਣਾਉਣ ਦੀ ਕੋਸ਼ਿਸ਼ ਕਰਨਾ ਸੀ।

1957 ਵਿੱਚ ਇਸ ਇਨਾਮ ਦੇ ਜਨਮ ਤੋਂ ਲੈ ਕੇ ਹੁਣ ਤੱਕ ਕਰੀਬ 268 ਏਸ਼ੀਆਈ ਲੋਕਾਂ ਨੂੰ ਇਹ ਇਨਾਮ ਮਿਲ ਚੁੱਕਾ ਹੈ। ਇਸ ਵਿੱਚ ਸਭ ਤੋਂ ਵੱਧ ਭਾਰਤੀਆਂ ਨੂੰ ਮਿਲੇ ਹਨ-45। ਇਸ ਦੀ ਲੜੀ 1958 ਵਿੱਚ ਵਿਨੋਬਾ ਭਾਵੇ ਤੋਂ ਸ਼ੁਰੂ ਹੋਈ। ਬਾਅਦ ਵਿੱਚ ਇਸ 'ਸਨਮਾਨਿਤ' ਸੂਚੀ ਵਿੱਚ ਪੀ. ਸਾਈਨਾਥ, ਪ੍ਰਕਾਸ਼ ਅਤੇ ਮੰਦਾਕਿਨੀ ਆਮਟੇ, ਅਰਵਿੰਦ ਕੇਜਰੀਵਾਲ, ਰਾਜੇਂਦਰ ਸਿੰਘ, ਸੰਦੀਪ ਪਾਂਡੇ (ਜਿਹਨਾਂ ਨੇ ਫੋਰਡ ਦਾ ਪੈਸਾ ਲੱਗਣ ਵਜੋਂ ਇਨਾਮ ਲੈਣ ਤੋਂ ਇਨਕਾਰ ਕਰ ਦਿੱਤਾ, ਹਾਲਾਂਕਿ ਫੋਰਡ ਅਤੇ ਰੌਕਫੇਲਰ ਦੇ ਪੈਸੇ ਵਿੱਚ ਫਰਕ ਦੱਸਣ ਦਾ ਕੰਮ ਸੰਦੀਪ ਪਾਂਡੇ ਹੀ ਕਰ ਸਕਦੇ ਹਨ), ਕਿਰਨ ਬੇਦੀ, ਟੀ. ਐਨ. ਸ਼ੇਸ਼ਨ, ਵਰਗੀਸ ਕੂਰਿਅਨ, ਈਲਾ ਭੱਟ, ਅਰੁਣ ਸ਼ੌਰੀ ਆਦਿ।

ਇਸ ਸੂਚੀ ਨੂੰ ਵੇਖ ਕੇ ਜਾਗਰੂਕ ਪਾਠਕ ਸਮਝ ਗਏ ਹੋਣਗੇ ਕਿ ਇਹ ਇਨਾਮ ਕਿਹੜੇ ਲੋਕਾਂ ਨੂੰ ਦਿੱਤੇ ਗਏ ਹਨ। ਇਹਨਾਂ ਵਿੱਚ ਜਿਆਦਾਤਰ ਲੋਕ ਅਜਿਹੇ ਹਨ ਜੋ ਜਾਣੇ-ਅਣਜਾਣੇ ਢਾਂਚੇ ਦੀ ਸੇਵਾ ਵਿੱਚ ਲੱਗੇ ਹੋਏ ਹਨ। ਉਹ ਕਈ ਵਾਰ ਲੋਕ-ਪੱਖੀ ਝੁਕਾਅ ਪ੍ਰਦਰਸ਼ਿਤ ਕਰਦੇ ਨਜ਼ਰ ਆਉਂਦੇ ਹਨ। ਪਰ ਉਹਨਾਂ ਦੀਆਂ ਸਰਗਰਮੀਆਂ ਆਮ ਤੌਰ 'ਤੇ ਲੋਕਾਂ ਦੇ ਅਸੰਤੋਖ ਨੂੰ ਸੁਧਾਰ ਦੇ ਪਿੰਜਰੇ ਵਿੱਚ ਕੈਦ ਕਰਨ ਦਾ ਕੰਮ ਕਰਦੀਆਂ ਹਨ ਅਤੇ ਸਮਾਜ ਵਿੱਚ ਤਿੱਖੀਆਂ ਹੁੰਦੀਆਂ ਵਿਰੋਧਤਾਈਆਂ ਨੂੰ ਉਸੇ ਤਰ੍ਹਾਂ ਬਣਾਈ ਰੱਖਣ ਜਾਂ ਨਰਮ ਕਰਨ ਦਾ ਕੰਮ ਕਰਦੀਆਂ ਹਨ। ਕਈਆਂ ਨੇ ਲੋਕ ਪਹਿਲਕਦਮੀ ਦੀਆਂ ਚੰਗੀਆਂ ਕੋਸ਼ਿਸ਼ਾਂ ਵੀ ਕੀਤੀਆਂ ਹਨ। ਪਰ ਜੇ ਕੋਸ਼ਿਸ਼ਾਂ ਅਲੱਗ ਤੋਂ ਟੁੱਟੀਆਂ ਹੋਈਆਂ ਕੋਸ਼ਿਸ਼ਾਂ ਹਨ ਜੋ ਇਹ ਕਿਤੇ ਵੀ ਨਹੀਂ ਦੱਸਦੀਆਂ ਕਿ ਪਾਣੀ ਹੋਵੇ ਜਾਂ ਬਿਜਲੀ, ਜਾਂ ਫਿਰ ਸੂਚਨਾ ਦਾ ਅਧਿਕਾਰ, ਜਾਂ ਫਿਰ ਕੋਈ ਵੀ ਹੋਰ ਲੋਕ ਅਧਿਕਾਰ ਜਾਂ ਜਰੂਰਤ-ਇਹ ਮੁਹੱਈਆ ਕਰਾਉਣ ਦਾ ਕੰਮ ਸਰਕਾਰ ਦਾ ਹੁੰਦਾ ਹੈ। ਲੋਕਾਂ ਦੀ ਨਿਗ੍ਹਾ ਤੋਂ ਸਰਕਾਰ ਅਤੇ ਢਾਂਚੇ ਨੂੰ ਹਟਾ ਦਿੱਤਾ ਜਾਂਦਾ ਹੈ ਅਤੇ ਸਿੱਖਿਆ ਦਿੱਤੀ ਜਾਂਦੀ ਹੈ ਕਿ ਹਰ ਚੀਜ ਵਾਸਤੇ ਸਰਕਾਰ ਦਾ ਮੂੰਹ ਨਾ ਵੇਖੋ! ਪਰ ਇਹ ਨਹੀਂ ਦੱਸਿਆ ਜਾਂਦਾ ਕਿ ਸਰਕਾਰ ਹੈ ਕਿਸ ਲਈ? ਇਹ ਟੈਕਸ ਕਿਉਂ ਵਸੂਲਦੀ ਹੈ? ਜੇ ਸਕੂਲ, ਪਾਣੀ, ਬਿਜਲੀ ਆਦਿ ਲੋੜਾਂ ਲੋਕ ਖੁਦ ਹੀ ਪੂਰੀਆਂ ਕਰਦੇ ਹਨ ਤਾਂ ਉਹਨਾਂ ਲਈ ਅਜਿਹੀ ਸਰਕਾਰ ਦਾ ਕੀ ਮਤਲਬ ਹੈ ਜਿਸ ਦਾ ਕੰਮ ਸਿਰਫ਼ ਪੂੰਜੀਪਤੀਆਂ ਨੂੰ ਮੁਨਾਫ਼ੇ ਦੀਆਂ ਬਿਹਤਰ ਹਾਲਤਾਂ ਮੁਹੱਈਆ ਕਰਵਾਉਣਾ ਹੈ?

ਜਾਹਿਰ ਹੈ ਕਿ ਕੋਈ ਵੀ ਰਾਜਨੀਤਕ ਚੇਤਨਾ ਨਾਲ਼ ਲੈਸ ਵਿਅਕਤੀ ਸਮਝ ਸਕਦਾ ਹੈ ਕਿ ਇਹਨਾਂ ਸ਼ਖਸਿਅਤਾਂ ਨੂੰ ਮੈਗਸੇਸੇ ਇਨਾਮ ਕਿਉਂ ਮਿਲਿਆ ਹੈ। ਮੈਗਸੇਸੇ ਨੇ ਆਪਣੇ ਢੰਗ ਨਾਲ਼ ਸਾਜਰਾਜਵਾਦ ਦੀ ਸੇਵਾ ਕੀਤੀ ਸੀ। ਅੱਜ ਉਸ ਤਰ੍ਹਾਂ ਦੀ ਸੇਵਾ ਦਾ ਸਕੋਪ ਖ਼ਤਮ ਹੁੰਦਾ ਜਾ ਰਿਹਾ ਹੈ। ਅੱਜ ਸਾਮਰਾਜਵਾਦ ਨੇ ਆਪਣੀ ਸੇਵਾ ਲਈ ਫੌਜੀ ਜਨਰਲਾਂ ਦੀ ਬਜਾਇ ਐਨ.ਜੀ.ਓ. ਅਤੇ ਅਖੌਤੀ ਮਨੁੱਖਤਾਵਾਦੀ ਸੁਧਾਰਵਾਦੀਆਂ ਨੂੰ ਰੱਖਿਆ ਹੈ। ਜੋ ਉਹਨਾਂ ਦੇ ਇਸ ਕੰਮ ਨੂੰ ਬਾਖੂਬੀ ਅੰਜਾਮ ਦਿੰਦਾ ਹੈ ਉਸਨੂੰ ਮੈਗਸੇਸੇ ਇਨਾਮ ਨਾਲ਼ ਨਿਵਾਜਿਆ ਜਾਂਦਾ ਹੈ। ਪਰ ਫਿਰ ਵੀ ਇਹਨਾਂ 'ਮਨੁੱਖਤਾਵਾਦੀ' ਹਸਤੀਆਂ ਤੋਂ ਇਹ ਪੁੱਛਣ ਦਾ ਦਿਲ ਕਰਦਾ ਹੈ ਕਿ ਕੀ ਉਹਨਾਂ ਨੂੰ ਨਹੀਂ ਪਤਾ ਕਿ ਮੈਗਸੇਸੇ ਵੀ ਪਿਨੋਸ਼ੇ, ਇਦੀ ਅਮੀਨ, ਥੇਨ ਸੂ ਜਿਹੇ ਅਮਰੀਕਾ ਪ੍ਰਸਤ ਤਾਨਾਸ਼ਾਹਾਂ ਵਿੱਚੋਂ ਇੱਕ ਸੀ? ਕੀ ਉਹ ਪਿਨੋਸ਼ੇ, ਇਦੀ ਅਮੀਨ ਜਿਹੇ ਕਿਸੇ ਹਾਕਮ ਦੀ ਯਾਦ ਵਿੱਚ ਸਥਾਪਿਤ ਇਨਾਮ ਨਾਲ਼ ਨਿਵਾਜਿਆ ਜਾਣਾ ਪਸੰਦ ਕਰਨਗੇ? ਪਰ ਫਿਰ ਬੁੱਧੀ ਦੱਸਦੀ ਹੈ ਕਿ ਇਹਨਾਂ ਲੋਕਾਂ ਨੂੰ ਇਸ ਇਨਾਮ ਨਾਲ਼ ਨਿਵਾਜਿਆ ਜਾਣਾ ਸੁਭਾਵਿਕ ਹੀ ਹੈ। ਆਖਿਰ ਇਹ ਇਨਾਮ ਬਣਾਇਆ ਹੀ ਅਜਿਹੇ ਲੋਕਾਂ ਲਈ ਗਿਆ ਹੈ ਜੋ ਮਨੁੱਖਤਾਵਾਦੀ ਮਖੌਟੇ ਪਾ ਕੇ ਸਾਮਰਾਜਵਾਦ ਦੀ ਸੇਵਾ ਕਰਨ ਅਤੇ ਹਾਲਤ ਨੂੰ ਬਰਕਰਾਰ ਰੱਖਣ ਵਿੱਚ ਆਪਣਾ ਯੋਗਦਾਨ ਦੇਣ!

■ ■ ■ ■ ■ ■ ■ ■

(ਸ਼ਫ਼ਾ 31 ਦਾ ਬਾਕੀ)

ਦੇ ਸਮਝਣ ਵਾਲ਼ੀ ਗੱਲ ਹੈ।

ਫਿਲਿਸਤੀਨੀ ਲੋਕਾਂ ਦਾ ਪ੍ਰਤੀਰੋਧ ਕੁਚਲਿਆ ਨਹੀਂ ਜਾ ਸਕਦਾ (ਨਵੀਨ ਪੰਤ) ਦੇ ਲੇਖ ਵਿੱਚ ਫਿਲਿਸਤੀਨ ਉੱਤੇ ਇਜਰਾਈਲ ਹਮਲੇ ਬਾਰੇ ਸੰਖੇਪ ਵਿੱਚ ਬਹੁਤ ਚੰਗਾ ਦੱਸਿਆ ਗਿਆ ਹੈ ਕਿ ਸੰਯੁਕਤ ਰਾਸ਼ਟਰ ਦੁਆਰਾ ਚਿਤਾਵਨੀ ਦਿੱਤੇ ਜਾਣ ਦਾ ਵੀ ਇਜਰਾਈਲ 'ਤੇ ਕੋਈ ਅਸਰ ਨਹੀਂ ਹੋਇਆ ਕਿਉਂਕਿ ਦੁਨੀਆਂ ਦੇ ਸਭ ਤੋਂ ਵੱਡੇ ਗੁੰਡੇ ਅਮਰੀਕਾ ਦਾ ਹੱਥ ਉਸਦੀ ਪਿੱਠ ਠੋਕ ਰਿਹਾ ਸੀ। ਇਸ ਲੇਖ ਵਿੱਚ ਵੀ ਬਹੁਤ ਸਮਝਣਯੋਗ ਗੱਲਾਂ ਹਨ।

'ਸਵਾਲ ਸਿਰਫ਼ ਲਾਪਰਵਾਹੀ ਦਾ ਨਹੀਂ ਹੈ...' ਲੇਖ ਵਿੱਚ ਲਖਵਿੰਦਰ ਦੁਆਰਾ ਦੱਸੀ ਅੰਮ੍ਰਿਤਸਰ ਦੀ ਫ਼ੌਜੀ ਭਰਤੀ ਦੌਰਾਨ ਮਚੀ ਭਗਦੜ ਵਿੱਚ ਨੌਜਵਾਨਾਂ ਦੇ ਮਾਰੇ ਜਾਣ ਦੀ ਘਟਨਾ ਬਹੁਤ ਦਰਦਨਾਕ ਲੱਗੀ। ਜਿਵੇਂ ਲਖਵਿੰਦਰ ਲਿਖਦਾ ਹੈ-'ਫੌਜ ਦੀਆਂ ਸਿਰਫ਼ 120 ਅਸਾਮੀਆਂ ਵਾਸਤੇ ਦਸ ਹਜਾਰ ਤੋਂ ਵੀ ਵੱਧ ਨੌਜਵਾਨਾਂ ਦੇ ਭਰਤੀ ਹੋਣ ਲਈ ਪਹੁੰਚਣਾ ਕੋਈ ਦੇਸ਼ ਭਗਤੀ ਵੀ ਦੱਸ ਸਕਦਾ ਹੈ। ਪਰ ਇਹ ਤਾਂ ਬੇਰੁਜ਼ਗਾਰੀ ਦੇ ਸਤਾਏ ਨੌਜਵਾਨਾਂ ਦੀ ਰੁਜ਼ਗਾਰ ਪ੍ਰਾਪਤੀ ਲਈ ਦਰ-ਦਰ ਠੋਕਰਾਂ ਖਾਣ ਦੀ ਇੱਕ ਲੰਬੀ ਦਾਸਤਾਨ ਦਾ ਹੀ ਇੱਕ ਕਾਂਡ ਹੈ।' ਨੌਜਵਾਨਾਂ ਨੂੰ ਇਸ ਲੇਖ ਵਿੱਚੋਂ ਸਿੱਖਣ ਲਈ ਹੀ ਨਹੀਂ ਸਗੋਂ ਸਮਝਣ ਦੀ ਵੀ ਜ਼ਰੂਰਤ ਹੈ।

'ਚੋਰ, ਭ੍ਰਿਸ਼ਟ ਅਤੇ ਅੱਯਾਸ਼ ਨੇਤਾਸ਼ਾਹੀ', 'ਅਮੀਰੀ ਦੇ ਤਹਿਖਾਨੇ ਵਿੱਚ ਨਰਕ ਦਾ ਹਨੇਰਾ' ਅਤੇ ਡਾ. ਅੰਮ੍ਰਿਤਪਾਲ ਦਾ ਲੇਖ ਵੀ 'ਸਾਮਰਾਜੀ ਬਰਬਰਤਾ ਦਾ ਇੱਕ ਹੋਰ ਦਰਦਨਾਕ ਮੰਜਰ-ਅਫ਼ਗਾਨੀਸਤਾਨ' ਵੀ ਪੜ੍ਹ ਕੇ ਬਹੁਤ ਕੁਝ ਸਿੱਖਣ ਨੂੰ ਮਿਲਿਆ।

ਲਲਕਾਰ ਮੈਗਜ਼ੀਨ ਜੋ ਨੌਜਵਾਨ ਤੇ ਪੜ੍ਹੇ ਲਿਖੇ ਲੋਕ ਪੜ੍ਹਦੇ ਹਨ ਉਹਨਾਂ ਨੂੰ ਲਲਕਾਰ ਆਪਣੇ ਦੋਸਤਾਂ-ਮਿੱਤਰਾਂ ਅਤੇ ਰਿਸ਼ਤੇਦਾਰਾਂ ਕੋਲ ਜਰੂਰ ਪਹੁੰਚਾਉਣਾ ਚਾਹੀਦਾ ਹੈ ਤਾਂ ਕਿ ਸਾਡੇ ਲੋਕ ਅਤੇ ਨੌਜਵਾਨ ਅਗਿਆਨ ਦੇ ਹਨ੍ਹੇਰੇ ਤੋਂ ਦੂਰ ਹੋ ਸਕਣ। ਤੇ ਇੱਕ ਚੰਗੇ ਲੋਕਾਂ ਦਾ ਸਿਰਜ ਸਕਣ ਜੋ ਸ਼ਹੀਦ ਭਗਤ ਸਿੰਘ ਤੇ ਉਸਦੇ ਸਾਥੀਆਂ ਦੇ ਸੁਪਨਿਆਂ ਦਾ ਸਮਾਜ ਹੋਵੇ।

—ਗੁਰਮੀਤ ਜੌਲੀ

ਮੰਡੀ ਗੋਬਿੰਦਗੜ੍ਹ, ਜਿਲ੍ਹਾ-ਫਤਿਹਗੜ੍ਹ ਸਾਹਿਬ

ਸੰਸਾਰ ਦੇ ਇੱਕ ਅਰਬ ਲੋਕ ਭੁੱਖਮਰੀ ਦੇ ਸ਼ਿਕਾਰ !

● ਲਤਾ

ਭੁੱਖਮਰੀ, ਬੇਰੁਜਗਾਰੀ, ਲੁੱਟ, ਮਹਿੰਗਾਈ, ਕੁਦਰਤ ਦੀ ਤਬਾਹੀ! ਆਪਣੇ ਅਗਾਂਹਵਧੂ ਯੋਗਦਾਨ ਦੇਣ ਦੀ ਲਗਭਗ ਡੇਢ ਸਦੀ ਬੀਤ ਜਾਣ ਬਾਅਦ ਹੁਣ ਪੂੰਜੀਵਾਦ ਦੀ ਝੋਲ਼ੀ ਵਿੱਚ ਮਨੁੱਖਤਾ ਨੂੰ ਦੇਣ ਲਈ ਬਸ ਇਹੋ ਹੀ ਤੋਹਫੇ ਬਚੇ ਹਨ। ਸਮਾਂ ਲੰਘਣ ਦੇ ਨਾਲ਼-ਨਾਲ਼ ਇਹਨਾਂ ਤੋਹਫ਼ਿਆਂ ਦਾ ਆਕਾਰ ਹੋਰ ਵੀ ਵੱਡਾ ਹੁੰਦਾ ਜਾ ਰਿਹਾ ਹੈ ਅਤੇ ਇਸਦੇ ਬੋਝ ਹੇਠ ਦਬਦੇ ਜਾ ਰਹੇ ਨੇ ਆਮ ਕਿਰਤੀ ਲੋਕ। ਪੂੰਜੀਪਤੀਆਂ ਦੇ ਟੁਕੜਿਆਂ 'ਤੇ ਪਲ਼ਣ ਵਾਲੇ ਮੀਡੀਆਂ ਤੋਂ ਮਿਲਣ ਵਾਲ਼ੇ ਠੰਡੇ, 'ਨਿਰਪੱਖ' ਅੰਕੜਿਆਂ ਚੋਂ ਸ਼ਾਇਦ ਅਸੀਂ ਇਹਨਾਂ ਮੁਸੀਬਤਾਂ ਦੀ ਮਾਰ ਝੱਲ ਰਹੇ ਲੋਕਾਂ ਦੀ ਬਦਹਾਲੀ ਅਤੇ ਅਸਹਿਣਯੋਗ ਜੀਵਨ ਹਾਲਤਾਂ ਦੀ ਕਲਪਨਾ ਵੀ ਨਹੀਂ ਕਰ ਸਕਦੇ। ਕੀ ਇਹ ਹੈਰਾਨ ਕਰ ਦੇਣ ਵਾਲ਼ਾ ਅੰਕੜਾ ਨਹੀਂ ਹੈ ਕਿ ਸੰਸਾਰ ਦੇ ਭੁੱਖਮਰੀ ਦੇ ਸ਼ਿਕਾਰ ਲੋਕਾਂ ਦੀ ਸੰਖਿਆ 96.3 ਕਰੋੜ, ਕਹੀਏ ਕਿ ਲੱਗਭਗ 1 ਅਰਬ ਹੈ। ਇਹ ਸੰਖਿਆ ਸੰਸਾਰ ਦੀ ਕੁੱਲ ਅਬਾਦੀ ਦੀ 14 ਪ੍ਰਤੀਸ਼ਤ ਹੈ। ਇਹ ਸਿਰਫ਼ ਅੰਕੜੇ ਨਹੀਂ ਹਨ। ਹਰ ਗਿਣਤੀ ਪਿੱਛੇ ਇੱਕ ਹੱਡ-ਮਾਸ ਦਾ ਇਨਸਾਨ ਖੜਾ ਹੈ ਜੋ ਇਨਸਾਨ ਹੁੰਦੇ ਹੋਏ ਵੀ ਇਨਸਾਨੀਅਤ ਦੀ ਜਿੰਦਗੀ ਨਹੀਂ ਜੀ ਰਿਹਾ। ਖੂਨ-ਪਸੀਨਾ ਵਹਾ ਕੇ, ਹੱਡ ਗਾਲ ਕੇ ਵੀ ਉਸਨੂੰ ਅਤੇ ਉਸਦੇ ਬੱਚਿਆਂ ਨੂੰ ਦੋ ਵਕਤ ਦੀ ਰੋਟੀ ਵੀ ਨਸੀਬ ਨਹੀਂ ਹੁੰਦੀ। ਮਿਲਦੀ ਹੈ ਤਾਂ ਬਸ ਭੁੱਖਮਰੀ ਅਤੇ ਮੌਤ।

ਭੋਜਨ ਅਤੇ ਖੇਤੀਬਾੜੀ ਸੰਸਥਾ (Food & Agricultural Organisation) ਦੀ ਦੇਸ਼ਾਂ ਦੀ ਅਨਾਜ ਅਸੁਰੱਖਿਆ ਉੱਤੇ ਆਈ ਇੱਕ ਰਿਪੋਰਟ ਮੁਤਾਬਿਕ ਭੁੱਖਮਰੀ ਦੇ ਸ਼ਿਕਾਰ ਲੋਕਾਂ ਦੀ ਬਹੁਗਿਣਤੀ ਵਿਕਾਸਸ਼ੀਲ ਦੇਸ਼ ਵਿੱਚ ਹੈ। ਹੋਰ ਤਾਂ ਹੋਰ, ਭੁੱਖਮਰੀ ਦੀ ਸ਼ਿਕਾਰ ਕੁੱਲ ਅਬਾਦੀ ਦਾ 65 ਪ੍ਰਤੀਸ਼ਤ ਸਿਰਫ਼ ਇਹਨਾਂ ਸੱਤ ਦੇਸ਼ਾਂ ਵਿੱਚ ਹੈ-ਭਾਰਤ, ਚੀਨ, ਕਾਂਗੋ, ਬੰਗਲਾਦੇਸ਼, ਇੰਡੋਨੇਸ਼ੀਆ, ਪਾਕਿਸਤਾਨ ਅਤੇ ਇਥੋਪੀਆ। ਨਿਸ਼ਚਿਤ ਹੀ ਭਾਰਤ ਜਿਹੇ ਦੇਸ਼ ਵਿੱਚ, ਜਿੱਥੇ 77 ਪ੍ਰਤੀਸ਼ਤ ਅਬਾਦੀ 20 ਰੁਪਏ ਪ੍ਰਤੀਦਿਨ ਜਾਂ ਉਸ ਤੋਂ ਵੀ ਘੱਟ ਉੱਤੇ ਗੁਜਾਰਾ ਕਰ ਰਹੀ ਹੋਵੇ, ਉੱਥੇ ਲਈ ਇਹ ਸੁਭਾਵਿਕ ਜਿਹੀ ਹੀ ਗੱਲ ਹੈ। ਇਹ ਅਬਾਦੀ ਇਸ ਅਸਮਾਨ ਛੂੰਹਦੀ ਮਹਿੰਗਾਈ ਵਿੱਚ ਕੀ ਖਾ ਰਹੀ ਹੋਵੇਗੀ ਇਸਦਾ ਅੰਦਾਜਾ ਤੁਸੀਂ ਖੁਦ ਹੀ ਲਾ ਸਕਦੇ ਹੋ। ਦਾਲ਼ ਅਤੇ ਸਬਜੀਆਂ ਤਾਂ ਕਿਰਤੀ ਅਬਾਦੀ ਦੀ ਥਾਲੀ ਚੋਂ ਪਹਿਲਾਂ ਹੀ ਗਾਇਬ ਹੋ ਚੁੱਕੀਆਂ ਸਨ, ਹੁਣ ਜੋ ਬਚਿਆ ਹੈ ਉਸਦੀ ਮਾਤਰਾ ਵੀ ਘੱਟ ਹੁੰਦੀ ਜਾ ਰਹੀ ਹੈ। ਨਿਮਨ-ਮੱਧਵਰਗੀ ਅਬਾਦੀ ਦੀ ਹਾਲਤ ਵੀ ਤਰਸਯੋਗ ਹੁੰਦੀ ਜਾ ਰਹੀ ਹੈ।

ਐਫ. ਏ. ਓ. ਨੇ ਸੰਸਾਰ ਭਰ ਵਿੱਚ ਭੁੱਖਮਰੀ ਬਾਰੇ ਆਪਣੀ ਇੱਕ ਤਾਜ਼ਾ ਰਿਪੋਰਟ ਵਿੱਚ ਕਿਹਾ ਹੈ ਕਿ ਇਹ ਹਾਲਤ ਅਨਾਜ ਦੀਆਂ ਵਧਦੀਆਂ ਕੀਮਤਾਂ ਕਰਕੇ ਹੋਈ ਹੈ ਅਤੇ ਇਹ ਚੇਤਾਵਨੀ ਵੀ ਦਿੱਤੀ ਹੈ ਕਿ ਕੌਮਾਂਤਰੀ ਵਿੱਤੀ ਸੰਕਟ ਵਜੋਂ ਇਹ ਹਾਲਤ ਹੋਰ ਵੀ ਖਰਾਬ ਹੋ ਸਕਦੀ ਹੈ। ਪਰ ਅਨਾਜਾਂ ਦੀ ਕੀਮਤ ਕੁਝ ਮਹੀਨੇ ਪਹਿਲਾਂ ਦੇ ਆਪਣੇ ਇਤਿਹਾਸਕ ਉਛਾਲ ਤੋਂ ਬਾਅਦ ਕੁਝ ਘੱਟ ਹੋ ਗਈ ਹੈ ਪਰ ਐਫ. ਏ.ਓ. ਅਨੁਸਾਰ ਇਹ ਕੀਮਤਾਂ ਅਜੇ ਵੀ 2 ਵਰ੍ਹੇ ਪਹਿਲਾਂ ਦੇ ਪੱਧਰ ਤੋਂ 28 ਪ੍ਰਤੀਸ਼ਤ ਉੱਪਰ ਹਨ। ਪਰ ਕੌਮਾਂਤਰੀ ਮੰਡੀ ਵਿੱਚ ਕੀਮਤਾਂ ਦੇ ਇਸ ਵਾਧੇ-ਘਾਟੇ ਦੀ ਇਹ ਖੇਡ ਸਿਰਫ਼ ਥੋਕ ਵਪਾਰ ਨੂੰ ਪ੍ਰਭਾਵਿਤ ਕਰਦੀ ਹੈ, ਖੁਦਰਾ ਵਪਾਰ ਨੂੰ ਨਹੀਂ। ਭਾਵ ਲੋਕਾਂ ਲਈ ਤਾਂ ਕੀਮਤਾਂ ਘਟਣਾ ਤਾਂ ਦੂਰ ਦੀ ਗੱਲ ਹੈ, ਵਧੀਆਂ ਹਨ। ਨਤੀਜੇ ਵਜੋਂ ਨਾ ਤਾਂ ਭੁੱਖਮਰੀ ਵਿੱਚ ਕੋਈ ਕਮੀ ਆਈ ਹੈ ਅਤੇ ਨਾ ਹੀ ਕੁਪੋਸ਼ਣ ਵਿੱਚ। ਇਹ ਸਹੀ ਹੈ ਕਿ ਮਹਿੰਗਾਈ ਹੀ ਇਸ ਭੁੱਖਮਰੀ ਅਤੇ ਕੁਪੋਸ਼ਣ ਦਾ ਮੁੱਖ ਕਾਰਣ ਹੈ। ਇਹ ਵੀ ਸਹੀ ਹੈ ਕਿ ਸੰਸਾਰ ਵਿਆਪੀ ਸੰਕਟ ਇਸ ਨੂੰ ਹੋਰ ਵਧਾਏਗਾ। ਪਰ ਆਖਰ ਅਨਾਜ ਦੀਆਂ ਕੀਮਤਾਂ ਵਧੀਆਂ ਕਿਉਂ ਹਨ ?

ਅਨਾਜ ਸੰਕਟ ਦੀ ਸ਼ੁਰੂਆਤ ਸੰਸਾਰ ਵਿਆਪੀ ਵਿੱਤੀ ਸੰਕਟ ਤੋਂ ਕਾਫ਼ੀ ਪਹਿਲਾਂ ਹੋ ਚੁੱਕੀ ਸੀ। ਇਸ ਸੰਕਟ ਦਾ ਸ਼੍ਰੀ ਗਣੇਸ਼ ਤੀਸਰੀ ਦੁਨੀਆਂ ਦੇ ਦੇਸ਼ਾਂ ਵਿੱਚ ਨਵਉਦਾਰਵਾਦੀ ਨੀਤੀਆਂ ਦੇ ਪੂਰੇ ਜ਼ੋਰ-ਸ਼ੋਰ ਨਾਲ਼ ਲਾਗੂ ਹੋਣ ਨਾਲ਼ ਹੋ ਗਿਆ ਸੀ। ਵਿਸ਼ਵੀਕਰਣ ਦੇ ਦੌਰ ਵਿੱਚ 'ਕਲਿਆਣਕਾਰੀ ਰਾਜ' ਅਤੇ ਨਹਿਰੂ ਸ਼ੈਲੀ ਦੇ 'ਸਮਾਜਵਾਦ' (ਜੋ ਕਿ ਅਸਲ ਵਿੱਚ ਰਾਜਕੀ ਪੂੰਜੀਵਾਦ ਹੀ ਸੀ) ਪੂੰਜੀ ਦੇ ਖੁੱਲੇ ਵਹਾਅ ਵਿੱਚ ਰੁਕਾਵਟ ਬਣ ਗਏ ਸਨ। ਸਾਰੇ ਤੀਸਰੀ ਦੁਨੀਆਂ ਦੇ ਦੇਸ਼ਾਂ ਸਾਹਮਣੇ ਇਹਨਾਂ ਮਖੌਟਿਆਂ ਨੂੰ ਇਹਨਾਂ ਦੀ ਪ੍ਰਸੰਗਿਕਤਾ ਖ਼ਤਮ ਹੋਣ ਨਾਲ਼ ਉਤਾਰ ਸੁੱਟਣਾ ਇੱਕ ਮਜ਼ਬੂਰੀ ਬਣ ਗਈ। 1980 ਦੇ ਦਹਾਕੇ ਦੇ ਦੂਜੇ ਅੱਧ ਤੱਕ ਇਹ ਪ੍ਰਕਿਰਿਆ ਤੀਜੀ ਦੁਨੀਆਂ ਦੇ ਸਾਰੇ ਦੇਸ਼ਾਂ ਵਿੱਚ ਸ਼ੁਰੂ ਹੋ ਚੁੱਕੀ ਸੀ। ਇਸਤੋਂ ਬਾਅਦ ਪੂੰਜੀਵਾਦ ਆਪਣੇ ਅਸਲ ਰੂਪ ਵਿੱਚ ਨੰਗੇ ਚਿੱਟੇ ਰੂਪ ਵਿੱਚ ਸਾਹਮਣੇ ਆ ਗਿਆ। ਸਰਕਾਰ ਦੁਆਰਾ ਖੇਤੀ ਨੂੰ ਦਿੱਤੀ ਜਾਣ ਵਾਲ਼ੀ ਹਿਫ਼ਾਜਤ ਬੰਦ ਕੀਤੀ ਜਾਣ ਲੱਗੀ। ਖੇਤੀ ਵਿੱਚ ਵੱਡੇ ਪੈਮਾਨੇ 'ਤੇ ਵਣਜੀਕਰਣ ਹੋਇਆ ਅਤੇ ਸਾਰਾ ਖੇਤੀ ਖੇਤਰ ਸੰਸਾਰ ਮੰਡੀ ਦੇ ਅਧੀਨ ਆਉਣ ਲੱਗਾ। ਅਜਿਹੇ ਵਿੱਚ ਸਰਵਜਨਿਕ ਵੰਡ ਪ੍ਰਣਾਲੀ ਤੋਂ ਸਰਕਾਰ ਆਪਣਾ ਹੱਥ ਪਿੱਛੇ ਖਿੱਚਣ ਲੱਗ ਪਈ ਕਿਉਂ ਕਿ ਆਈ.ਐਮ.ਐਫ.-ਸੰਸਾਰ ਬੈਂਕ-ਸੰਸਾਰ ਵਿਓਪਾਰ ਸੰਗਠਨ ਦੇ ਨੁਸਖਿਆਂ ਅਨੁਸਾਰ ਇਹ ਸਰਕਾਰ ਲਈ ਗੈਰਉਤਪਾਦਕ ਨਿਵੇਸ਼ ਸੀ ਅਤੇ ਇਹ ਸਰਕਾਰ ਦੀ ਜਿੰਮੇਵਾਰੀ ਨਹੀਂ ਸੀ। ਇਹੋ ਸੀ ਨਵਉਦਾਰੀਕਰਨ ਦਾ ਰਸਤਾ ਜਿਸ 'ਤੇ ਚਲਦੇ ਹੋਏ ਸਰਕਾਰ ਨੇ ਸਾਰੇ ਜਨਤਕ ਅਤੇ ਕਲਿਆਣਕਾਰੀ ਅਦਾਰਿਆਂ ਚੋਂ ਹੱਥ ਖਿੱਚ ਕੇ ਵੱਧ ਤੋਂ ਵੱਧ ਨੰਗੇ ਚਿੱਟੇ ਰੂਪ ਵਿੱਚ ਪੂੰਜੀਪਤੀਆਂ ਦੀ ਮਨੇਜਿੰਗ ਕਮੇਟੀ ਬਣ ਜਾਣਾ ਸੀ। ਅੱਜ ਇਹ ਪ੍ਰਕਿਰਿਆ ਭਾਰਤ ਸਮੇਤ ਸਾਰੇ ਤੀਸਰੀ ਦੁਨੀਆਂ ਦੇ ਦੇਸ਼ਾਂ ਵਿੱਚ ਕਾਫ਼ੀ ਅੱਗੇ ਤੱਕ ਵਿਕਸਿਤ ਹੋ ਚੁੱਕੀ ਹੈ। ਇਹ ਨਵਉਦਾਰੀਕਰਨ ਅਤੇ ਵਿਸ਼ਵੀਕਰਨ ਦੀ ਨੀਤੀ ਅਨਾਜ ਸੰਕਟ ਦੇ ਤੀਜੀ ਦੁਨੀਆਂ ਦੇ ਦੇਸ਼ਾਂ ਵਿੱਚ ਪੈਦਾ ਹੋਣ ਦਾ ਮੁੱਖ ਕਾਰਣ ਹੈ। ਪਰ ਇਹ ਵੀ ਸੱਚ ਹੈ ਕਿ ਪੂੰਜੀਵਾਦੀ ਢਾਂਚੇ ਅੰਦਰ ਇਹਨਾਂ ਦੇਸ਼ਾਂ ਦੀਆਂ ਹਾਕਮ ਜਮਾਤਾਂ ਕੋਲ਼ ਹੋਰ ਕੋਈ

ਬਦਲ ਵੀ ਨਹੀਂ ਸੀ।

ਇਸ ਮੂਲ ਕਾਰਨ ਤੋਂ ਇਲਾਵਾ ਕਈ ਫੌਰੀ ਕਾਰਨ ਵੀ ਸਨ ਜਿਹਨਾਂ ਨੇ ਅਨਾਜ ਸੰਕਟ ਨੂੰ ਜਨਮ ਦਿੱਤਾ। ਇੱਕ ਕਾਰਨ ਹੈ ਅਨਾਜ ਉਤਪਾਦਾਂ ਦੀ ਮੰਡੀ ਵਿੱਚ ਵਧਦੀ ਸੱਟੇਬਾਜੀ। ਅਨਾਜ ਮੰਡੀ ਵਿੱਚ ਸੱਟੇਬਾਜਾਂ ਨੂੰ ਨਿਵੇਸ਼ ਦੀ ਖੁੱਲ, ਫਿਊਚਰਜ ਟ੍ਰੇਡ ਜਿਹੇ ਕਦਮਾਂ ਨੇ ਅਨਾਜ ਮੰਡੀ ਨੂੰ ਵੀ ਅਨਿਸ਼ਚਿਤ ਅਤੇ ਅਸਥਿਰ ਬਣਾ ਦਿੱਤਾ। ਦੂਜਾ ਪ੍ਰਮੁੱਖ ਕਾਰਨ ਹੈ ਸੰਸਾਰ ਮੰਦੀ। ਵਿੱਤੀ ਪੂੰਜੀ ਇਸ ਸੰਕਟ ਦੇ ਸ਼ੁਰੂ ਹੋਣ ਤੋਂ ਬਾਅਦ ਵਿੱਤ ਦੇ ਖੇਤਰ ਤੋਂ ਬਾਹਰ ਨਿੱਕਲ ਕੇ ਹੋਰ ਖੇਤਰਾਂ ਦੀ ਭਾਲ਼ ਕਰ ਰਹੀ ਹੈ। ਇਹਨਾਂ ਨਵੇਂ ਖੇਤਰਾਂ ਵਿੱਚੋਂ ਇੱਕ ਅਨਾਜ ਮੰਡੀ ਵੀ ਹੈ। ਇਸ ਮੰਡੀ ਵਿੱਚ ਵਿੱਤੀ ਪੂੰਜੀ ਦੀ ਘੁਸਪੈਠ ਦੇ ਨਾਲ਼ ਹੀ ਸੱਟੇਬਾਜੀ ਵੀ ਤੇਜ਼ੀ ਨਾਲ਼ ਵਧਦੀ ਹੈ। ਇਸ ਤੋਂ ਇਲਾਵਾ ਤੇਲ ਦੀਆਂ ਕੀਮਤਾਂ ਵੀ ਇੱਕ ਕਾਰਨ ਹਨ, ਜੋ ਫਿਲਹਾਲ਼ ਤਾਂ ਕੁਝ ਹੇਠਾਂ ਆਈਆਂ ਹਨ ਪਰ ਆਉਣ ਵਾਲ਼ੇ ਲੰਮੇ ਸਮੇਂ ਦੇ ਹਿਸਾਬ ਨਾਲ਼ ਹੇਠਾਂ ਜਾਣ ਦਾ ਨਹੀਂ ਸਗੋਂ ਉੱਪਰ ਜਾਣ ਦਾ ਹੀ ਰੁਝਾਨ ਰੱਖਦੀਆਂ ਹਨ। ਤੇਲ ਦੀਆਂ ਕੀਮਤਾਂ ਵਿੱਚ ਵਾਧਾ ਹਰ ਵਸਤੂ ਨੂੰ ਮਹਿੰਗਾ ਬਣਾ ਦਿੰਦਾ ਹੈ ਕਿਉਂ ਕਿ ਤੇਲ ਹਰ ਵਸਤੂ ਦੇ ਉਤਪਾਦਨ ਦੇ ਕਿਸੇ ਨਾ ਕਿਸੇ ਪੱਧਰ ਜਾਂ ਢੋਆ-ਢੋਆਈ ਵਿੱਚ ਜਰੂਰ ਹੀ ਇਸਤੇਮਾਲ ਹੁੰਦਾ ਹੈ। ਨਤੀਜੇ ਵਜੋਂ, ਉਸਦੀਆਂ ਕੀਮਤਾਂ ਵਿੱਚ ਹੋਣ ਵਾਲ਼ਾ ਵਾਧਾ ਸਾਰੀਆਂ ਜਿਣਸਾਂ ਦੀਆਂ ਕੀਮਤਾਂ ਵਿੱਚ ਥਾਂ-ਬਦਲੀ ਕਰ ਲੈਂਦਾ ਹੈ। ਅਨਾਜ ਸੰਕਟ ਦਾ ਇੱਕ ਹੋਰ ਵੱਡਾ ਕਾਰਨ ਹੈ ਜੈਵਿਕ ਬਾਲਣ ਦਾ ਪੈਦਾ ਕੀਤਾ ਜਾਣਾ। ਬਾਲਣ ਅਤੇ ਊਰਜਾ ਸੰਕਟ ਤੋਂ ਆਪਣੇ ਦੇਸ਼ ਦੇ ਪੂੰਜੀਪਤੀਆਂ ਨੂੰ ਉਭਾਰਨ ਲਈ ਬ੍ਰਾਜੀਲ ਅਤੇ ਅਮਰੀਕਾ ਜਿਹੇ ਦੇਸ਼ ਆਪਣੇ ਦੇਸ਼ ਵਿੱਚ ਜੈਵਿਕ ਬਾਲਣ ਦੇ ਉਤਪਾਦਨ ਨੂੰ ਹੱਲਾਸ਼ੇਰੀ ਦੇ ਰਹੇ ਹਨ। ਇਥੇਨੌਲ ਨਾਲ ਜੈਵਿਕ ਬਾਲਣ ਕਈ ਅਜਿਹੀਆਂ ਫ਼ਸਲਾਂ ਤੋਂ ਬਣਾਇਆ ਜਾਂਦਾ ਹੈ ਜਿਹਨਾਂ ਉੱਤੇ ਕਈ ਦੇਸ਼ਾਂ ਦੇ ਲੋਕਾਂ ਦਾ ਭੋਜਨ ਨਿਰਭਰ ਕਰਦਾ ਹੈ, ਜਿਵੇਂ ਕਿ ਮੱਕੀ। ਜੈਵਿਕ ਬਾਲਣ ਦਾ ਉਤਪਾਦਨ ਨਾ ਤਾਂ ਊਰਜਾ ਸੰਕਟ ਤੋਂ ਛੁਟਕਾਰਾ ਦਿਵਾਉਂਦਾ ਹੈ ਅਤੇ ਨਾ ਹੀ ਸਸਤਾ ਬਾਲਣ। ਉਲਟਾ ਅਨਾਜ ਸੰਕਟ ਵਿੱਚ ਜਰੂਰ ਵਾਧਾ ਕਰਦਾ ਹੈ।

ਪੂੰਜੀਵਾਦੀ ਮੁਨਾਫ਼ੇ ਦੇ ਲਾਲਚ ਵਜੋਂ ਵਾਤਾਵਰਣ ਦੀ ਤਬਾਹੀ ਅਨਾਜ ਸੰਕਟ ਦਾ ਇੱਕ ਮਹੱਤਵਪੂਰਨ ਕਾਰਨ ਹੈ। ਮੌਸਮ ਦੇ ਲਗਾਤਾਰ ਗਰਮ ਹੁੰਦੇ ਜਾਣ ਵਜੋਂ ਵਿਗਿਆਨੀਆਂ ਦਾ ਮੰਨਣਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਫਸਲਾਂ ਉੱਤੇ ਕੀੜੇ ਮਕੌੜਿਆਂ ਦਾ ਪ੍ਰਕੋਪ ਵਧੇਗਾ ਅਤੇ ਇਹ ਗਰਮ ਹੁੰਦਾ ਮੌਸਮ ਮਾਰੂਥਲੀਕਰਨ ਅਤੇ ਹੜ੍ਹਾਂ ਦਾ ਇਕੱਠੇ ਹੀ ਕਾਰਨ ਬਣੇਗਾ।

ਆਖਿਰੀ ਪਰ ਇੱਕ ਅਹਿਮ ਵਜ੍ਹਾ ਹੈ ਮੁਨਾਫੇ ’ਤੇ ਟਿਕੇ ਪੂੰਜੀਪਤੀ ਢਾਂਚੇ ਵਿੱਚ ਅਨਾਜ ਉਤਪਾਦਨ ਦੀ ਲਗਾਤਾਰ ਅਣਦੇਖੀ। ਤੁਰੰਤ ਅਤੇ ਜਿਆਦਾ ਤੋਂ ਜਿਆਦਾ ਮੁਨਾਫਾ ਕਮਾਉਣ ਦੀ ਹਵਸ ਉੱਤੇ ਟਿਕੇ ਢਾਂਚੇ ਦੇ ਤਹਿਤ ਖੇਤੀ ਵਿੱਚ ਕਿਸਾਨਾਂ ਦਾ ਝੁਕਾਅ ਨਕਦੀ ਫਸਲਾਂ ਵੱਲ ਹੁੰਦਾ ਹੈ। ਇਸ ਵਜੋਂ ਅਨਾਜ ਉਤਪਾਦਨ ਦੇ ਤਹਿਤ ਆਉਣ ਵਾਲ਼ੀ ਜਮੀਨ ਲਗਾਤਾਰ ਘਟਦੀ ਜਾਂਦੀ ਹੈ। ਦੂਜੇ ਪਾਸੇ, ਖੇਤੀ ਸੰਬੰਧੀ ਖੋਜ ਤੋਂ ਸਰਕਾਰ ਲਗਾਤਾਰ ਆਪਣਾ ਹੱਥ ਖਿੱਚਦੀ ਜਾ ਰਹੀ ਹੈ। ਇੱਕ ਪਾਸੇ ਤਾਂ ਜੈਵਿਕ ਬਾਲਣ ਅਤੇ ਹੋਰ ਨਕਦੀ ਫਸਲਾਂ ਨੂੰ ਸਬਸਿਡੀ ਦਿੱਤੀ ਜਾਂਦੀ ਹੈ ਅਤੇ ਉੱਥੇ ਅਨਾਜ ਉਤਪਾਦਨ ਨੂੰ ਮਿਲਣ ਵਾਲੀ ਸਬਸਿਡੀ ਅਤੇ ਅਸਾਨੀ ਨਾਲ਼ ਉਪਲੱਭਧ ਕਰਜ ਲਗਾਤਾਰ ਖਤਮ ਹੁੰਦੇ ਜਾ ਰਹੇ ਹਨ। ਖੇਤੀ ਯੋਗ ਭੂਮੀ ਨੂੰ ਅਕਵਾਇਰ ਕਰਕੇ ਸ਼ਾਪਿੰਗ ਮਾਲ ਅਤੇ ਮਲਟੀਪਲੈਕਸ ਬਣਾਉਣ ਲਈ ਕਾਰਪੋਰੇਟ ਘਰਾਣਿਆਂ ਨੂੰ ਸੌਂਪਿਆ ਜਾ ਰਿਹਾ ਹੈ।

ਕਹਿਣ ਦੀ ਜ਼ਰੂਰਤ ਨਹੀਂ ਕਿ ਇੱਥੇ ਦੱਸੇ ਗਏ ਕਾਰਨਾਂ ਵਿੱਚ ਇੱਕ ਵੀ ਅਜਿਹਾ ਨਹੀਂ ਜਿਸਦੇ ਜਿੰਮੇਵਾਰ ਆਮ ਕਿਰਤੀ ਲੋਕ ਹੋਣ। ਇਹ ਸਭ ਕਾਰਨ ਇਸੇ ਢਾਂਚੇ ਦੀ ਮੁਨਾਫੇ ਦੀ ਹਵਸ ਵਿੱਚੋਂ ਜੰਮੇ ਹਨ। ਅਨਾਜ ਸੰਕਟ ਪਹਿਲਾਂ ਵੀ ਵਾਰ-ਵਾਰ ਆਏ ਹਨ ਅਤੇ ਅੱਗੇ ਵੀ ਵਾਰ-ਵਾਰ ਆਉਂਦੇ ਰਹਿਣਗੇ। ਇੱਕ ਮੁਨਾਫਾ ਕੇਂਦਰਤ ਢਾਂਚੇ ਵਿੱਚ ਮਨੁੱਖੀ ਜਰੂਰਤਾਂ ਦਾ ਕੋਈ ਮੁੱਲ ਨਹੀਂ ਹੁੰਦਾ। ਹਰ ਕਾਰਜ ਮੁਨਾਫੇ ਲਈ ਕੀਤਾ ਜਾਂਦਾ ਹੈ। ਅਜਿਹੇ ਵਿੱਚ, ਇਹਨਾਂ ਸੰਕਟਾਂ ਤੋਂ ਨਿਜਾਤ ਪਾਉਣ ਬਾਰੇ ਸੋਚਣ ਦਾ ਕੰਮ ਸਾਰੇ ਢਾਂਚੇ ਵਿੱਚ ਮੁੱਢੋਂ-ਸੁੱਢੋਂ ਬਦਲਾਅ ਕਰਨ ਬਾਰੇ ਸੋਚਣ ਤੋਂ ਬਿਨਾਂ ਕੀਤਾ ਹੀ ਨਹੀਂ ਜਾ ਸਕਦਾ। ਕੋਈ ਸੁਧਾਰ ਜਾਂ ਟਾਕੀਸਾਜ਼ੀ ਇਸ ਤੋਂ ਛੁਟਕਾਰਾ ਨਹੀਂ ਦਿਲਾ ਸਕਦੀ।

★★★

(ਸਫ਼ਾ 4 ਦਾ ਬਾਕੀ)

ਕੀਨਸਿਆਈ ਨੁਸਖੇ ਸੁਝਾਉਂਦੇ ਰਹਿੰਦੇ ਹਨ। ਉਨ੍ਹਾਂ ਦਾ ਜ਼ਿਆਦਾ ਜ਼ੋਰ ਇਸ ਗੱਲ ਉੱਤੇ ਰਹਿੰਦਾ ਹੈ ਕਿ ਸਰਕਾਰ ਨੂੰ ਮੰਡੀ ਅਤੇ ਕਲਿਆਣ ਵਿੱਚ ਇੱਕ “ਦਵੰਦਵਾਦੀ” ਤਾਲਮੇਲ ਸਥਾਪਿਤ ਕਰਨਾ ਚਾਹੀਦਾ ਹੈ! ਕਿਉਂਕਿ ਅਜਿਹੇ ਕਲਿਆਣ ਤੋਂ ਬਗੈਰ ਬੇਲ਼ਗਾਮ ਪੂੰਜੀਵਾਦ ਸਮਾਜ ਨੂੰ ਬਗਾਵਤ ਦੇ ਵੱਲ ਲੈ ਜਾਵੇਗਾ। ਇਸ ਲਈ ਬੇਲਗਾਮ ਪੂੰਜੀਵਾਦ ਦੇ ਮੋਢਿਆ ’ਤੇ ਬਹਿ ਕੇ ਉਸਦੇ ਕੰਨਾਂ ਵਿੱਚ ਸਬਰ ਮੰਤਰ ਜਪਦੇ ਰਹਿੰਦੇ ਹਨ ਅਤੇ ਕਲਿਆਣ ਦਾ ਰਾਗ ਸੁਣਾਉਂਦੇ ਰਹਿੰਦੇ ਹਨ।

ਪਰ ਅਫ਼ਸੋਸ ਦੀ ਗੱਲ ਇਹ ਹੈ ਕਿ ਇਹ ਸਾਰੇ ਦਿਲ ਹੀ ਦਿਲ ਵਿੱਚ ਜਾਣਦੇ ਹਨ ਕਿ ਇਸ ਗੁਪਤ ਰੋਗ ਦਾ ਕੋਈ ਇਲਾਜ ਨਹੀਂ ਹੈ। ਉਸਨੂੰ ਕੁੱਝ ਵੀ ਸਕਾਰਾਤਮਕ ਦੇ ਸਕਣ ਦੀ ਨਪੁੰਸਕਤਾ ਤੋਂ ਕੋਈ ਮੁਕਤੀ ਨਹੀਂ ਮਿਲ਼ ਸਕਦੀ। ਇਸ ਲਈ ਜੋ ਵੱਧ ਤੋਂ ਵੱਧ ਕੀਤਾ ਜਾ ਸਕਦਾ ਹੈ ਕਿ ਉਸਦੇ ਨਕਾਰਾਤਮਕ ਉਪ-ਉਤਪਾਦ, ਜਿਵੇਂ ਭੁਖਮਰੀ, ਗਰੀਬੀ, ਬੇਰੁਜਗਾਰੀ, ਮੰਦੀ ਆਦਿ ਉੱਤੇ ਪਰਦਾ ਪਾਇਆ ਜਾਵੇ, ਉਸਦੇ ਅਸਰ ਦੇ ਅਹਿਸਾਸ ਤੋਂ ਲੋਕਾਂ ਦੇ ਦਿਮਾਗ ਨੂੰ ਧੁੰਦਲਾ ਬਣਾਇਆ ਜਾਵੇ। ਪਰ ਇਹ ਗੁਪਤ ਰੋਗ ਪੂੰਜੀਵਾਦ ਦਾ ਅੰਤ ਕਰ ਦੇਣ ਵਾਲ਼ਾ ਰੋਗ ਹੈ। ਸਾਰੇ ਸ਼ਾਹੀ ਸ਼ਫਾਖਾਨੇ ਅਤੇ ਵੈਨਰਲ ਡਿਜੀਜ ਸੈਂਟਰ ਪਹਿਲਾਂ ਵੀ ਫੇਲ੍ਹ ਹੋ ਚੁੱਕੇ ਹਨ ਅਤੇ ਫਿਰ ਫੇਲ੍ਹ ਹੀ ਹੋਣਗੇ। ਪੂੰਜੀਵਾਦ ਦਾ ਅਸਲ ਇਲਾਜ ਮਰਦਾਨਗੀ ਦੀ ਦਵਾਈ ਦੇਣ ਵਾਲ਼ੇ ਇਨ੍ਹਾਂ ਹਕੀਮਾਂ ਕੋਲ਼ ਨਹੀਂ ਹੈ। ਇਹ ਲੋਕਾਂ ਕੋਲ਼ ਹੈ। ਇਹ ਇਲਾਜ ਹੈ, ਪੂੰਜੀਵਾਦ ਨੂੰ ਹਰ ਤਰ੍ਹਾਂ ਦੇ ਸੰਸਾਰਿਕ ਤਾਪ ਤੋਂ ਮੁਕਤੀ ਦੇ ਕੇ ਤਾਬੂਤ ਵਿੱਚ ਪਹੁੰਚਾ ਦੇਣਾ!

ਗਰੀਬਾਂ ਦੇ ਬੱਚਿਆਂ ਨੂੰ ਨਿਗਲ਼ ਰਿਹਾ ਪੂੰਜੀਵਾਦੀ ਢਾਂਚਾ

● **ਰਜਿੰਦਰ**

ਦਿਨ-ਦਿਹਾੜੇ ਗਰੀਬਾਂ ਅਤੇ ਕਿਰਤੀ ਲੋਕਾਂ ਦੇ ਬੱਚਿਆਂ ਦੇ ਚੁੱਕੇ ਜਾਣ ਦਾ ਸਿਲਸਿਲਾ ਰੁਕਣ ਦਾ ਨਾਂ ਹੀ ਨਹੀਂ ਲੈ ਰਿਹਾ। *ਕੌਮੀ ਮਨੁੱਖੀ ਅਧਿਕਾਰ ਕਮੀਸ਼ਨ* ਅਨੁਸਾਰ ਸਾਡੇ ਦੇਸ਼ ਵਿੱਚ ਹਰ ਸਾਲ 45,000 ਤੋਂ ਵੀ ਵੱਧ ਬੱਚੇ ਗੁਆਚ ਜਾਂਦੇ ਹਨ। ਗੈਰ-ਸਰਕਾਰੀ ਅੰਕੜਿਆਂ ਮੁਤਾਬਿਕ ਬੱਚਿਆਂ ਦੇ ਗੁਆਚੇ ਜਾਣ ਦੇ ਸਾਰੇ ਕੇਸਾਂ ਵਿੱਚੋਂ ਦਸ ਫ਼ੀਸਦੀ ਕੇਸ ਹੀ ਦਰਜ ਕੀਤੇ ਜਾਂਦੇ ਹਨ। ਇਸ ਲਈ ਗੁਆਚੇ ਜਾਣ ਵਾਲ਼ੇ ਬੱਚਿਆ ਦੀ ਗਿਣਤੀ ਇਸ ਅੰਕੜੇ ਤੋਂ ਵੀ ਕਿਤੇ ਵੱਧ ਭਾਵ 4,50,000 ਸਾਲਾਨਾ ਹੈ। ਸੰਨ 2006 'ਚ ਦਿੱਲੀ ਵਿੱਚ ਹੀ 14,411 ਲੋਕਾਂ ਦੇ ਗੁਆਚੇ ਜਾਣ ਦੀ ਰਿਪੋਰਟ ਦਰਜ ਕੀਤੀ ਗਈ ਜਿਨ੍ਹਾਂ ਵਿੱਚ 6,683 ਨਾਬਾਲਿਗ ਸਨ।

ਪੂੰਜੀਵਾਦ ਦਾ ਬੀਜ਼ ਸ਼ਬਦ ਮੁਨਾਫ਼ਾ ਹੈ। ਪੂੰਜੀਪਤੀ ਜਮਾਤ ਮੁਨਾਫ਼ੇ ਲਈ ਮਜ਼ਦੂਰ ਜਮਾਤ ਦੀ ਕਿਰਤ ਸ਼ਕਤੀ ਦੀ ਲੁੱਟ ਕਰਦੀ ਹੈ ਅਤੇ ਉਸਨੂੰ ਉਤਪਾਦਨ ਦੇ ਸਾਧਨਾਂ ਤੋਂ ਵਾਂਝੇ ਕਰਦੀ ਜਾਂਦੀ ਹੈ। ਇਹ ਪ੍ਰਕ੍ਰਿਆ ਜਿਵੇਂ ਜਿਵੇਂ ਤੇਜ਼ ਹੁੰਦੀ ਹੈ ਇੱਕ ਪਾਸੇ ਤਾਂ ਸਾਰੇ ਉਤਪਾਦਨ ਦੇ ਸਾਧਨਾਂ 'ਤੇ ਪੂੰਜੀਪਤੀ ਜਮਾਤ ਦਾ ਗਲਬਾ ਸਥਾਪਤ ਹੋ ਜਾਂਦਾ ਹੈ ਪਰ ਦੂਜੇ ਪਾਸੇ ਇੱਕ ਵੱਡੀ ਅਬਾਦੀ ਆਪਣੀ ਕਿਰਤ ਸ਼ਕਤੀ ਵੇਚ ਕੇ ਗੁਜਾਰਾ ਕਰਨ ਲਈ ਮਜ਼ਬੂਰ ਹੋ ਜਾਂਦੀ ਹੈ। ਹੁਣ ਕਿਉਂਕਿ ਪੂੰਜੀਪਤੀ ਜਮਾਤ ਜਿਹੜਾ ਉਤਪਾਦਨ ਕਰਾਉਂਦੀ ਹੈ ਉਸਨੂੰ ਖਰੀਦਣ ਤੋਂ ਸਮਾਜ ਦੀ ਇੱਕ ਵੱਡੀ ਅਬਾਦੀ ਆਪਣੀ ਸਮਰਥਾ ਗੁਆ ਚੁੱਕੀ ਹੁੰਦੀ ਹੈ, ਇਸੇ ਲਈ ਪੂੰਜੀਵਾਦ ਵੱਧ ਤੋਂ ਵੱਧ ਜੂਆਰੀ, ਸੱਟੇਬਾਜ ਅਤੇ ਪਰਜੀਵੀ ਹੁੰਦਾ ਜਾਂਦਾ ਹੈ। ਜਦੋਂ ਇਸ ਦੀ ਹਵਸ ਕਿਰਤੀ ਅਤੇ ਗਰੀਬ ਲੋਕਾਂ ਦੇ ਬੱਚਿਆਂ ਅਤੇ ਔਰਤਾਂ ਦੀ ਸਸਤੀ ਕਿਰਤ ਸ਼ਕਤੀ ਲੁੱਟ ਕੇ ਵੀ ਨਹੀਂ ਬੁੱਝਦੀ ਤਾਂ ਇਹ ਉਨ੍ਹਾਂ ਨੂੰ ਵੇਚਣ, ਉਨ੍ਹਾਂ ਦੇ ਸਰੀਰਾਂ ਨੂੰ ਵੱਢਣ-ਖਾਣ ਅਤੇ ਉਨ੍ਹਾਂ ਦੇ ਅੰਗ ਕੱਢ ਕੇ ਅਤੇ ਖੂਨ ਕੱਢ ਕੇ ਵੇਚਣ ਦੀ ਹੱਦ ਤੱਕ ਡਿੱਗ ਜਾਂਦਾ ਹੈ। ਨਿਠਾਰੀ ਕਾਂਡ ਦੇ ਵਾਪਰਨ ਤੋਂ ਅੱਜ ਦੋ ਸਾਲ ਬਾਅਦ ਤੱਕ ਵੀ ਕੋਈ ਮੀਡੀਆ ਸੰਸਥਾ ਜਾਂ ਕੋਈ ਏਜੰਸੀ ਜੇਕਰ ਇਸ ਛੁਪੇ ਹੋਏ ਨੈਟਵਰਕ, ਜਿਹੜਾ ਅਰਬਾਂ ਦਾ ਕਾਰੋਬਾਰ ਕਰ ਰਿਹਾ ਹੈ, ਦਾ ਪਰਦਾਫਾਸ਼ ਨਹੀਂ ਕਰ ਸਕੀ ਤਾਂ ਸਾਫ਼ ਹੈ ਕਿ ਇਸ ਵਿੱਚ ਪੂੰਜੀਪਤੀ-ਨੇਤਾ-ਅਫ਼ਸਰ ਸਭ ਸ਼ਾਮਲ ਹਨ। ਯੂਰਪੀ ਕੌਂਸਲ ਦੀ ਇੱਕ ਰਿਪੋਰਟ 16-11-2003 ਮੁਤਾਬਿਕ 1980 ਦੇ ਦਹਾਕੇ ਤੋਂ ਹੀ ਭਾਰਤ ਅਤੇ ਦੱਖਣੀ ਪੂਰਬੀ ਏਸ਼ੀਆਂ ਦੇ ਦੇਸ਼ਾਂ ਦੇ ਗਰੀਬਾਂ ਤੋਂ ਮਨੁੱਖੀ ਅੰਗ ਖਰੀਦੇ ਜਾਂਦੇ ਰਹੇ ਹਨ। ਰਿਪੋਰਟ ਦੱਸਦੀ ਹੈ ਕਿ ਯੂਰਪ ਵਿੱਚ 15 ਤੋਂ 30 ਫੀਸਦੀ ਮਰੀਜ ਅੰਗਾਂ ਦੇ ਮਿਲਣ ਦੀ ਉਡੀਕ ਵਿੱਚ ਮਰ ਜਾਂਦੇ ਹਨ। ਅੰਗ ਵਿਸਥਾਪਨ ਲਈ 2003 ਵਿੱਚ ਜਿੱਥੇ ਤਿੰਨ ਸਾਲ ਦੀ ਉਡੀਕ ਕਰਨੀ ਹੁੰਦੀ ਸੀ, ਸੰਨ 2010 ਤੱਕ ਮਰੀਜਾਂ ਨੂੰ 10 ਸਾਲਾਂ ਦੀ ਉਡੀਕ ਕਰਨੀ ਹੋਵੇਗੀ। ਮੰਗ ਅਤੇ ਪੂਰਤੀ ਦੇ ਇਸ ਅਸਾਵੇਂਪਣ ਨੂੰ ਕੌਮਾਂਤਰੀ ਅੰਗਾਂ ਦੇ ਵਿਉਪਾਰੀ ਗਿਰੋਹਾਂ ਨੇ ਅਰਬਾਂ ਡਾਲਰ ਮੁਨਾਫ਼ੇ ਦੇ ਧੰਦੇ ਵਿੱਚ ਬਦਲ ਦਿੱਤਾ ਹੈ।

ਅੱਜ ਵੀ ਜਿਹੜੇ ਗਰੀਬ ਰਿਪੋਰਟਾਂ ਲਿਖਵਾਉਣ ਜਾਂਦੇ ਹਨ ਉਨ੍ਹਾਂ ਨੂੰ ਡਰਾ-ਧਮਕਾ ਅਤੇ ਬੇਇੱਜਤ ਕਰਕੇ ਵਾਪਸ ਭੇਜ ਦਿੱਤਾ ਜਾਂਦਾ ਹੈ। ਇੱਥੋਂ ਤੱਕ ਕਿ ਪੁਲਿਸ ਵਾਲ਼ੇ ਗਰੀਬਾਂ ਤੋਂ ਵੀ ਵੱਢੀ ਖਾਣ ਦੀ ਫ਼ਿਰਾਕ ਵਿੱਚ ਰਹਿੰਦੇ ਹਨ। ਅਪਰਾਧੀ ਦੀ ਸੂਹ ਜੇਕਰ ਪੁਲਿਸ ਵਾਲ਼ਿਆਂ ਨੂੰ ਦੇ ਵੀ ਦਿਓ ਤਾਂ ਵੀ ਉਹ ਕੋਈ ਕਾਰਵਾਈ ਨਹੀਂ ਕਰਦੇ। ਵੱਖ-ਵੱਖ ਰਾਜਨੀਤਿਕ ਪਾਰਟੀਆਂ, ਗੱਠਜੋੜਾਂ ਅਤੇ ਸਰਕਾਰਾਂ ਨੇ ਵੋਟਾਂ ਖਾਤਰ ਗੈਰ-ਮੁੱਦਿਆਂ ਨੂੰ ਮੁੱਦਾ ਬਣਾ ਕੇ ਲੋਕਾਂ ਦੇ ਅਸਲੀ ਮੁੱਦਿਆਂ ਨੂੰ ਹਾਸ਼ੀਏ 'ਤੇ ਧੱਕ ਦਿੱਤਾ ਹੈ। ਅੱਜ ਰਾਜਨੀਤਿਕ ਪਾਰਟੀਆਂ ਅਤੇ ਗੁੰਡੇ ਬਦਮਾਸ਼ਾਂ ਦੇ ਟੋਲਿਆਂ ਵਿੱਚ ਕੋਈ ਫਰਕ ਨਹੀਂ ਹੈ। ਅਫ਼ਸਰਸ਼ਾਹੀ ਲੋਟੂ ਅਤੇ ਠੱਗ ਹੈ, ਪੁਲਿਸ ਸੰਗਠਿਤ ਅਤੇ ਵਰਦੀਧਾਰੀ ਗੁੰਡਿਆਂ ਦਾ ਗਿਰੋਹ ਹੈ। ਇਹ ਸਭ ਪੂੰਜੀਪਤੀ ਜਮਾਤ ਦੇ ਤਿੱਖੇ-ਤਿੱਖੇ ਅਤੇ ਮਜ਼ਬੂਤ ਦੰਦ ਹਨ ਜਿਹੜੇ ਕਿਰਤੀ ਲੋਕਾਂ ਨੂੰ ਡਰਾਉਣ ਅਤੇ ਕੁਚਲਣ ਲਈ ਵਰਤੇ ਜਾਂਦੇ ਹਨ। ਅਦਾਲਤਾਂ ਦੇ ਵਿੰਗੇ-ਟੇਡੇ ਕਾਰਨਾਮੇ ਸਿਰਫ਼ ਲੋਕਾਂ ਨੂੰ ਉੱਲੂ ਬਣਾਉਣ ਲਈ ਹਨ। ਜੇਕਰ ਕਿਸੇ ਕੋਰਟ-ਕਚਿਹਰੀ ਵਿੱਚ ਕਿਸੇ ਇੱਕ ਅੱਧੇ ਨੂੰ ਇਨਸਾਫ਼ ਮਿਲ ਵੀ ਗਿਆ ਤਾਂ ਉਹ ਨੋਟਾਂ ਦੀ ਗੱਠੀਆਂ ਨਾਲ਼ ਹੀ ਮਿਲਿਆ ਹੈ। ਜੇਕਰ ਇਹ ਕਚਿਹਰੀਆਂ ਕੁੱਝ ਕੁ ਬਦਮਾਸ਼ਾਂ ਨੂੰ ਸਜ਼ਾ ਦੇ ਵੀ ਦੇਣ ਤਾਂ ਇਹ ਪੂਰਾ ਨੈਟਵਰਕ ਬੰਦ ਨਹੀਂ ਹੋਣ ਲੱਗਾ। ਬੱਚਿਆਂ ਦੇ ਗੁਆਚਣ ਦੀਆਂ ਘਟਨਾਵਾਂ ਸਾਨੂੰ ਇਹ ਯਾਦ ਦਿਵਾ ਰਹੀਆਂ ਹਨ ਕਿ ਗਰੀਬਾਂ ਅਤੇ ਕਿਰਤੀਆਂ ਦੇ ਜਿਉਂਦੇ ਰਹਿਣ ਦੀ ਸ਼ਰਤ ਹੈ ਇਸ ਮੁਨਾਫਾ ਕੇਂਦਰਿਤ ਪੂੰਜੀਵਾਦੀ ਪ੍ਰਬੰਧ ਦੀ ਤਬਾਹੀ। ਅੱਜ ਇਹ ਹੀ ਉਮੀਦ ਕੀਤੀ ਜਾ ਸਕਦੀ ਹੈ ਕਿ ਦੇਸ਼ ਦੇ ਜਾਗਰੂਕ ਕਿਰਤੀ ਲੋਕ, ਸੰਵੇਦਨਸ਼ੀਲ ਅਤੇ ਇਨਸਾਫਪਸੰਦ ਨੌਜਵਾਨ ਇਸ ਲੁੱਟ ਅਧਾਰਿਤ ਢਾਂਚੇ ਨੂੰ ਢਹਿ ਢੇਰੀ ਕਰਨ ਦਾ ਜ਼ਰੂਰ ਹੀ ਸੰਕਲਪ ਲੈਣਗੇ।

ਲਾਪਤਾ ਬੱਚੇ, ਕੁੱਝ ਦਿਲ ਕੰਬਾਊ ਅੰਕੜੇ

—ਕੌਮੀ ਅਪਰਾਧ ਰਿਕਾਰਡ ਬਿਊਰੋ ਅਨੁਸਾਰ ਹਰ ਸਾਲ ਦੇਸ਼ ਵਿੱਚ ਕਰੀਬ 44,000 ਬੱਚੇ ਗੁਆਚ ਜਾਂਦੇ ਹਨ। ਇਨ੍ਹਾਂ ਵਿੱਚੋਂ 11,000 ਬੱਚਿਆਂ ਦਾ ਕੁੱਝ ਪਤਾ ਨਹੀਂ ਲੱਗਦਾ। ਗੈਰ ਸਰਕਾਰੀ ਰਿਪੋਰਟਾਂ ਅਨੁਸਾਰ ਅਸਲ ਸੰਖਿਆ ਇਨ੍ਹਾਂ ਅੰਕੜਿਆਂ ਤੋਂ ਕਿਤੇ ਵੱਧ ਹੈ ਕਿਉਂਕਿ ਬਹੁਤ ਸਾਰੇ ਮਾਮਲਿਆਂ ਵਿੱਚ ਰਿਪੋਰਟ ਦਰਜ ਹੀ ਨਹੀਂ ਹੁੰਦੀ।

—ਇਸਤਰੀਆਂ ਅਤੇ ਬੱਚਿਆਂ ਤੋਂ ਜਬਰਦਸਤੀ ਵੇਸ਼ਵਾਗਮਨੀ ਕਰਾਉਣ ਦਾ ਘਿਨੋਣਾ ਧੰਦਾ ਹਥਿਆਰਾਂ ਅਤੇ ਨਸ਼ੀਲੀਆਂ ਦਵਾਈਆਂ ਦੇ ਕਾਰੋਬਾਰ ਤੋਂ ਬਾਅਦ ਦੁਨੀਆਂ ਦਾ ਸਭ ਤੋਂ ਵੱਡਾ ਗੈਰ-ਕਾਨੂੰਨੀ ਕਾਰੋਬਾਰ ਬਣ ਚੁੱਕਿਆ ਹੈ। ਇੱਕ ਅਨੁਮਾਨ ਅਨੁਸਾਰ ਬੱਚਿਆਂ ਦੇ ਯੌਨ ਸ਼ੋਸ਼ਣ ਲਈ ਪੱਛਮੀ ਦੇਸ਼ਾਂ ਤੋਂ "ਸੈਲਾਨੀ" ਹਰ ਸਾਲ ਏਸ਼ੀਆ, ਅਫਰੀਕਾ ਅਤੇ ਲਾਤੀਨੀ ਅਮਰੀਕਾ ਦੇ ਦੇਸ਼ਾਂ ਵਿੱਚ ਆਉਂਦੇ ਹਨ। ਇੰਟਰਨੈਟ 'ਤੇ ਅਸ਼ਲੀਲ ਚਿੱਤਰਾਂ ਲਈ ਬੱਚਿਆਂ ਦੀ ਲੁੱਟ ਦਾ ਕਾਰੋਬਾਰ ਅਰਬਾਂ ਡਾਲਰ ਦਾ ਹੋ ਚੁੱਕਿਆ ਹੈ।

—ਇੱਕ ਰਿਪੋਰਟ ਮੁਤਾਬਿਕ ਏਸ਼ੀਆਂ ਵਿੱਚੋਂ ਪਿਛਲੇ

(ਬਾਕੀ ਸਫ਼ਾ 29 'ਤੇ)

ਚੇਨਈ ਦੇ ਸੀਵਰ ਹੋਲਾਂ ਵਿੱਚੋਂ ਦਿੱਸਦਾ ਪੂਰੇ ਦੇਸ਼ ਦਾ ਨਕਸ਼ਾ

● ਅਜੇ ਪਾਲ

ਅੱਜ ਦੇ ਯੁੱਗ ਵਿੱਚ ਹਰ ਕੋਈ ਆਪਣੇ-ਆਪ ਨੂੰ ਸੱਭਿਅਕ ਅਖਵਾਉਂਦਾ ਹੈ। ਗੰਦਗੀ ਬਿਲਕੁਲ ਪਸੰਦ ਨਹੀਂ ਕਰਦਾ। ਆਪਣੇ ਸਮੇਂ ਦੇ ਮਸ਼ਹੂਰ ਭਾਰਤੀ ਫ਼ਿਲਮਕਾਰ ਸਤਿਆਜੀਤ ਰੇਅ ਨੇ ਆਪਣੀ ਇੱਕ ਫਿਲਮ ਅਮਰੀਕਾ ਵਿੱਚ ਪ੍ਰਦਰਸ਼ਿਤ ਕੀਤੀ ਤਾਂ ਪਹਿਲੇ ਸ਼ੋਅ ਵਿੱਚ ਹੀ ਅਮਰੀਕੀ ਫ਼ਿਲਮ ਵਿੱਚੇ ਛੱਡ ਕੇ ਬਾਹਰ ਆ ਗਏ ਕਿਉਂਕਿ ਸਤਿਆਜੀਤ ਰੇਅ ਨੇ ਫਿਲਮ ਦੇ ਇੱਕ ਸੀਨ ਵਿੱਚ ਭਾਰਤੀ ਲੋਕਾਂ ਨੂੰ ਹੱਥਾਂ ਨਾਲ਼ ਰੋਟੀ ਖਾਂਦਿਆਂ ਦਿਖਾਇਆ ਸੀ ਤੇ ਅਮਰੀਕੀ ਕਦੇ ਹੱਥ ਨਾਲ਼ (ਬਿਨਾਂ ਛੁਰੀ ਕਾਂਟੇ ਤੋਂ) ਰੋਟੀ ਖਾਣ ਬਾਰੇ ਸੋਚ ਹੀ ਨਹੀਂ ਸਕਦੇ। ਅਤੇ ਹੁਣ ਜੇ ਕਿਤੇ ਇਨ੍ਹਾਂ ਨੂੰ ਰੇਅ ਮਨੁੱਖੀ ਹੱਥਾਂ ਨਾਲ਼ ਸੀਵਰੇਜ ਦੀ ਸਫ਼ਾਈ ਹੁੰਦੀ ਦਿਖਾ ਦਿੰਦੇ ਤਾਂ ਸ਼ਾਇਦ ਅਮਰੀਕੀ ਬੇਹੋਸ਼ ਹੋ ਜਾਂਦੇ। ਸਿਰਫ਼ ਅਮਰੀਕੀ ਹੀ ਨਹੀਂ ਅਗਰ ਅਸੀਂ ਇਸ 'ਨਰਕ' ਸਬੰਧੀ ਸਾਮ੍ਹਣੇ ਆਏ ਤੱਥਾਂ ਵਿੱਚ ਜਾਈਏ ਤਾਂ ਕਈ ਭਾਰਤੀ ਵੀ ਬੇਹੋਸ਼ ਹੋ ਜਾਣਗੇ। ਤੁਸੀਂ ਆਪਣੇ ਘਰਾਂ ਵਿੱਚ ਇੱਕ ਸਾਫ ਸੁਥਰਾ ਪਖ਼ਾਨਾ ਵਰਤਦੇ ਹੋ ਪਰ ਸ਼ਾਇਦ ਹੀ ਕਦੀ ਤੁਸੀਂ ਸੋਚਿਆ ਹੋਵੇ ਕਿ ਇਸ ਤੁਹਾਡੇ ਪਖ਼ਾਨੇ ਨੂੰ ਸਾਫ਼ ਕਰਨ ਲਈ ਬਹੁਤ ਲੋਕ ਇਸ ਦੁਨੀਆਂ ਵਿੱਚ ਐਸੇ ਨੇ ਜੋ ਆਪਣੀ ਜਾਨ ਦਿੰਦੇ ਹਨ। ਸਿਰਫ਼ ਇਸ ਲਈ ਕਿ ਤੁਸੀਂ ਇੱਕ ਸਾਫ਼-ਸੁਥਰੀ, ਡਾਕਟਰੀ ਭਾਸ਼ਾ ਵਾਲ਼ੀ ਹਾਈਜਿਨਕ ਜ਼ਿੰਦਗੀ ਜੀ ਸਕੋ। ਕੀ ਕਦੇ ਸੋਚਿਆ ਹੈ ਕਿ ਕੀ ਹੋਵੇ ਜੇ ਕਦੇ ਸੀਵਰੇਜ ਬਲਾਕ ਹੋ ਜਾਵੇ ?

ਪਰ ਬਹੁਤ ਸਾਰੀਆਂ ਜ਼ਿੰਦਗੀਆਂ ਇਸ ਤਰ੍ਹਾਂ ਦੀਆਂ ਵੀ ਹਨ ਜੋ ਹਰ ਰੋਜ਼ ਮਨੁੱਖੀ ਗੰਦਗੀ ਨਾਲ਼ ਭਰੇ ਗਟਰਾਂ-ਮੈਨ ਹੋਲਾਂ ਆਦਿ ਵਿੱਚ ਉੱਤਰਦੀ ਹੈ ਮਹਿਜ਼ 90 ਜਾਂ ਹੱਦ 110 ਰੁਪਏ ਦਿਹਾੜੀ ਕਮਾਉਣ ਲਈ। ਪਿਛਲੇ ਦਿਨੀਂ ਚੇਨਈ ਮਿਉਂਸੀਪਲ ਕਾਰਪੋਰੇਸ਼ਨ ਸਬੰਧੀ ਆਈਆਂ ਕੁੱਝ ਰਿਪੋਰਟਾਂ ਅਜਿਹੇ ਹੀ ਤੱਥ ਪੇਸ਼ ਕਰਦੀਆਂ ਹਨ। ਚੇਨਈ ਮੈਟਰੋ ਜਲ ਪੂਰਤੀ ਅਤੇ ਸੀਵਰੇਜ ਬੋਰਡ ਦਾ ਕਹਿਣਾ ਹੈ ਕਿ 24 ਮਈ 2003 ਅਤੇ 17 ਅਕਤੂਬਰ 2008 ਵਿੱਚਕਾਰ 17 ਸੀਵਰ ਕਾਮਿਆਂ ਦੀ ਮੌਤ ਸੀਵਰਾਂ, ਮੈਨ-ਹੋਲਾਂ ਜਾਂ ਗਟਰਾਂ ਦੀ ਸਫ਼ਾਈ ਕਰਨ ਮੌਕੇ ਗੰਦੀ ਜ਼ਹਿਰਲੀ ਗੈਸ ਚੜ੍ਹਨ ਕਰਕੇ ਹੋ ਗਈ। ਸਫ਼ਾਈ ਕਰਮਚਾਰੀਆਂ ਦੀਆਂ ਟਰੇਡ-ਯੂਨੀਅਨਾਂ ਦਾ ਕਹਿਣਾ ਹੈ ਕਿ ਇਹ ਗਿਣਤੀ ਪਿਛਲੇ ਦੋ ਦਹਾਕਿਆਂ ਵਿੱਚ 1000 ਦੇ ਨੇੜੇ ਅਪੜਦੀ ਹੈ। ਇਹੀ ਨਹੀਂ ਜੋ ਕਾਮੇ ਜ਼ਿੰਦਾ ਵੀ ਹਨ, ਉਹ ਹਰ ਵਕਤ ਕਾਰਬਨ ਮੋਨੋਆਕਸਾਈਡ, ਹਾਈਡਰੋਜਨ ਸਲਫਾਈਡ ਅਤੇ ਮੀਥੇਨ ਵਰਗੀਆਂ ਜ਼ਹਿਰੀਲੀਆਂ ਗੈਸਾਂ ਦੇ ਸਿੱਧੇ ਸੰਪਰਕ ਵਿੱਚ ਰਹਿਣ ਕਾਰਣ ਕਈ ਕਿਸਮ ਦੀਆਂ ਸਾਹ ਅਤੇ ਦਿਮਾਗੀ ਬਿਮਾਰੀਆਂ ਦੇ ਸ਼ਿਕਾਰ ਹਨ। ਇਹੀ ਨਹੀਂ ਦਸਤ, ਟਾਈਫਾਈਡ ਅਤੇ ਹੈਪੀਟਾਈਟਸ-ਏ ਇਨ੍ਹਾਂ ਕਾਮਿਆਂ ਵਿੱਚ ਆਮ ਕਰਕੇ ਪਾਏ ਜਾਂਦੇ ਰੋਗ ਹਨ। ਈ. ਕੋਲੀ ਨਾਮਕ ਬੈਕਟੀਰੀਆ ਮਿਹਦੇ ਸਬੰਧੀ ਬਹੁਤ ਗੰਭੀਰ ਰੋਗਾਂ ਦਾ ਜਨਮਦਾਤਾ ਹੈ ਅਤੇ ਕਲੋਸਟਰੀਡਮ ਟੈਟਨੀ ਨਾਮਕ ਬੈਕਟੀਰੀਆ ਖੁੱਲ੍ਹੇ ਜ਼ਖਮਾਂ ਦੇ ਸਿੱਧੇ ਸੰਪਰਕ ਵਿੱਚ ਆਉਣ ਨਾਲ਼ ਟੈਟਨਸ ਦਾ ਕਾਰਣ ਬਣਦਾ ਹੈ ਅਤੇ ਇਹ ਸਾਰੇ ਬੈਕਟੀਰੀਆ ਗੰਦੇ ਪਾਣੀ ਵਿੱਚ ਆਮ ਕਰਕੇ ਪਾਏ ਜਾਂਦੇ ਹਨ ਅਤੇ ਚਮੜੀ ਦੇ ਰੋਗ ਇੰਨੇ ਹਨ ਕਿ ਗਿਣਤੀ ਤੋਂ ਬਾਹਰ ਹਨ।

ਚੇਨਈ ਦੇ 5.63 ਲੱਖ ਘਰਾਂ ਦੇ ਕਨੈਕਸ਼ਨਾਂ ਵਾਲ਼ਾ, 78,861 ਮੈਨ-ਹੋਲਾਂ ਸਮੇਤ 2,671 ਕਿ. ਮੀ. ਲੰਮੇਂ ਸੀਵਰੇਜ਼ ਨੈਟੱਵਰਕ ਨੂੰ ਸੰਭਾਲਣ ਲਈ ਸਿਰਫ਼ 4,000 ਕਾਮੇ ਹਨ ਜਦੋਂਕਿ 1978 ਵਿੱਚ ਇਨ੍ਹਾਂ ਦੀ ਗਿਣਤੀ 11,000 ਸੀ। ਇਸ ਸਭ ਵਰਤਾਰੇ ਵਿੱਚ ਜੋ ਸਭ ਤੋਂ ਗੈਰ-ਮਨੁੱਖੀ ਗੱਲ ਹੈ ਉਹ ਇਹ ਹੈ ਕਿ ਅੱਜ ਵੀ ਮੈਨ-ਹੋਲਾਂ ਨੂੰ ਸਾਫ਼ ਕਰਨ ਲਈ ਸਫਾਈ ਕਾਮੇ ਮੈਨ-ਹੋਲ ਦੇ ਅੰਦਰ ਉਤਰਦੇ ਹਨ ਤੇ ਸਾਰੀ ਸਫਾਈ ਆਪਣੇ ਹੱਥੀਂ ਕਰਦੇ ਹਨ। *ਇੰਪਲਾਈਮੈਂਟ ਆਫ ਮੈਨੁਅਲ ਸਕੈਵੈਨਜਰਜ਼ ਐਂਡ ਕੰਸਟ੍ਰਕਸ਼ਨ ਆਫ਼ ਡਰਾਈ ਲੈਟਰੀਨਜ਼ (ਪ੍ਰੋਹੀਵੀਜ਼ਨਲ) ਐਕਟ 1993* ਤਹਿਤ ਮਨੁੱਖੀ ਹੱਥਾਂ ਨਾਲ਼ ਮੈਨ-ਹੋਲ ਜਾਂ ਗਟਰ ਤਾਂ ਕੀ ਘਰਾਂ ਦੇ ਸੈਪਟਿਕ ਟੈਂਕ ਸਾਫ਼ ਕਰਨਾ ਵੀ ਗੈਰ-ਕਾਨੂੰਨੀ ਹੈ। ਪਰ ਸਾਡੇ ਦੇਸ਼ ਦੇ ਹੋਰ ਸਭ ਮਹਾਨ ਕਾਨੂੰਨਾਂ ਵਾਂਗ ਇਹ ਵੀ ਮਹਿਜ਼ ਕਾਗਜ਼ੀ ਹੀ ਹੈ। ਇਸ ਕਾਨੂੰਨ ਦੀ ਧੱਜੀਆਂ ਉੱਡਦੀਆਂ ਤੁਸੀਂ ਕਿਸੇ ਵੀ ਮੈਨ-ਹੋਲ 'ਤੇ ਚਲਦੇ ਕੰਮ ਸਮੇਂ ਦੇਖ ਸਕਦੇ ਹੋ। ਇੱਥੋਂ ਤੱਕ ਕਿ ਇਨ੍ਹਾਂ ਸਫ਼ਾਈ ਕਾਮਿਆਂ ਨੂੰ ਸੁਰਖਿਆ ਦੇ ਇੰਤਜ਼ਾਮ ਤੱਕ ਨਹੀਂ ਮੁਹੱਈਆ ਕਰਵਾਏ ਜਾਂਦੇ। ਕਾਨੂੰਨਨ ਆਕਸੀਜ਼ਨ ਸਿਲੰਡਰ ਹਰ ਵਕਤ ਕਾਮਿਆਂ ਕੋਲ਼ ਹੋਣਾ ਚਾਹੀਦਾ ਹੈ ਪਰ ਅਫਸਰਸ਼ਾਹੀ ਵਿੱਚ ਚਲਦੇ ਭ੍ਰਿਸ਼ਟਾਚਾਰ ਨੇ ਇਹ ਸਭ ਹੋਣਾ ਨਹੀਂ ਲਿਖਿਆ। ਵੱਡੀ ਗਿਣਤੀ ਸਫਾਈ-ਕਾਮੇ ਠੇਕੇ 'ਤੇ ਭਰਤੀ ਕੀਤੇ ਜਾਂਦੇ ਹਨ। ਇੰਨੇ ਵੱਡੇ ਸ਼ਹਿਰ ਚੇਨਈ ਦੇ ਮੈਨ-ਹੋਲਾਂ ਵਿੱਚਲੀ ਸਿਲਟ ਸਾਫ ਕਰਨ ਦਾ ਢੰਗ ਅਗਰ ਉੱਨਤ ਤਕਨੀਕਾਂ ਰਾਹੀਂ ਕੀਤਾ ਜਾਵੇ ਤਾਂ ਇਹ ਮੌਤਾਂ ਬਚਾਈਆਂ ਜਾ ਸਕਦੀਆਂ ਹਨ। ਵੈਸੇ ਇਸ ਵਾਸਤੇ ਤਾਮਿਲਨਾਡੂ ਸਰਕਾਰ ਨੇ ਅੰਡਰ-ਗਰਾਊਂਡ ਸੀਵਰੇਜ ਸਕੀਮ ਦੀ ਛੁਰਲੀ ਵੀ ਪਿਛਲੇ ਕਈ ਸਾਲਾਂ ਤੋਂ ਛੱਡ ਰੱਖੀ ਹੈ। ਜਿਸ ਤਹਿਤ ਸਾਰੇ ਸੀਵਰੇਜ ਮਹਿਕਮੇ ਦਾ ਮਸ਼ੀਨੀਕਰਨ ਕੀਤਾ ਜਾਵੇਗਾ। ਇਸ ਸਕੀਮ ਦੀ ਹਵਾ ਉਦੋਂ ਨਿਕਲਦੀ ਦਿਸਦੀ ਹੈ ਜਦੋਂ ਇਹ ਪਤਾ ਲਗਦਾ ਹੈ ਕਿ 148 ਨਗਰ ਨਿਗਮਾਂ ਵਿੱਚੋਂ ਸਿਰਫ਼ ਛੇ ਨਗਰ ਨਿਗਮਾਂ 'ਚ ਹੀ ਇਹ ਸਕੀਮ ਪੂਰੀ ਹੋ ਪਾਈ ਹੈ।

ਉੱਪਰ ਦਿੱਤਾ ਵੇਰਵਾ ਸਿਰਫ਼ ਚੇਨਈ ਦੇ ਸਫ਼ਾਈ ਕਾਮਿਆਂ ਦੇ ਹਾਲ ਹੀ ਨਹੀਂ ਦੱਸਦਾ ਸਗੋਂ ਇਹ ਤਾਂ ਪੂਰੇ ਦੇਸ਼ ਦੇ ਸਫਾਈ ਕਾਮਿਆਂ ਦੀ ਜ਼ਿੰਦਗੀ ਦੀ ਬਹੁਤ ਹੀ ਧੁੰਦਲੀ ਜਿਹੀ ਇੱਕ ਤਸਵੀਰ ਹੈ ਜੋ ਹਮੇਸ਼ਾਂ ਖੂਬਸੂਰਤ ਸ਼ਹਿਰਾਂ ਦੀਆਂ ਤੈਹਾਂ ਹੇਠ ਲੁਕੀ ਰਹਿੰਦੀ ਹੈ। ਅਸਲ ਤਸਵੀਰ ਤਾਂ ਇਸ ਤੋਂ ਵੀ ਭਿਆਨਕ ਹੈ। ■■■■■■

192ਵੇਂ ਜਨਮ ਦਿਨ ’ਤੇ ਵਿਸ਼ੇਸ਼



ਕਾਰਲ ਮਾਰਕਸ
(5 ਮਈ 1818-14 ਮਾਰਚ 1883)

ਜ਼ਿੰਦਗੀ ਦਾ ਮਕਸਦ

ਔਕੜਾਂ ਤੋਂ ਸੱਖਣੀ ਜ਼ਿੰਦਗੀ
ਮੇਰੇ ਲਈ ਨਹੀਂ,
ਨਹੀਂ, ਮੇਰੇ ਤੂਫ਼ਾਨੀ ਮਨ ਨੂੰ ਇਹ ਮਨਜ਼ੂਰ ਨਹੀਂ ।
ਮੈਂ ਤਾਂ ਚਾਹੁੰਨਾਂ ਹਾਂ ਇੱਕ ਮਹਾਨ ਉੱਚਾ ਮਕਸਦ
ਤੇ, ਉਹਦੇ ਲਈ ਜ਼ਿੰਦਗੀ ਭਰ ਸੰਘਰਸ਼ਾਂ ਦਾ ਅਟੁੱਟ ਸਿਲਸਿਲਾ।
ਐ ਕਲਾ ! ਤੂੰ ਖੋਲ੍ਹ
ਮਨੁੱਖਤਾ ਦੀ ਵਿਰਾਸਤ, ਆਪਣੇ ਅਣਮੋਲ ਖਜਾਨਿਆਂ ਦੇ ਬੂਹੇ
ਮੇਰੇ ਲਈ ਖੋਲ੍ਹ !
ਆਪਣੀ ਸਮਝ ਅਤੇ ਭਾਵਨਾਵਾਂ ਦੀ ਗਲਵਕੜੀ ਵਿੱਚ
ਸਾਰੇ ਸੰਸਾਰ ਨੂੰ ਲੈ ਲਵਾਂਗਾਂ ਮੈਂ !
ਆਓ, ਅਸੀਂ ਔਕੜਾਂ ਭਰੇ ਲੰਮੇ ਸਫ਼ਰ ’ਤੇ ਚੱਲੀਏ
ਆਓ, ਕਿਉਂਕਿ ਸਾਨੂੰ ਮਨਜ਼ੂਰ ਨਹੀਂ
ਪੇਤਲੀ, ਉਦੇਸ਼ਹੀਣ ਅਤੇ ਟੀਚਾ ਰਹਿਤ ਜ਼ਿੰਦਗੀ
ਅਸੀਂ ਊਂਘਦੇ, ਕਲਮ ਘਸਾਉਂਦੇ
ਬਦਹਾਲੀ ਤੇ ਬੇਵਸੀ ਵਿੱਚ ਨਹੀਂ ਜਿਆਂਗੇ।
ਅਸੀਂ—ਅਭਿਲਾਖ਼ਾ, ਰੋਹ, ਜੋਸ਼ ਅਤੇ
ਮਾਣ ਨਾਲ਼ ਜਿਆਂਗੇ
ਅਸਲੀ ਇਨਸਾਨ ਦੀ ਤਰ੍ਹਾਂ ਜਿਆਂਗੇ।

(੧੮ ਵਰ੍ਹੇ ਦੀ ਉਮਰ ਵਿੱਚ ਲਿਖੀ ਕਵਿਤਾ-ਸੰਪਾ.)

...ਉਸ ਦਿਨ ਭਲੇ ਲੋਕਾਂ ਦੀਆਂ ਅੱਖਾਂ ਵਿੱਚੋਂ ਸਾਡੇ ਲਈ ਗਰਮ ਹੰਝੂ ਵਹਿਣਗੇ...

‘ਕਿੱਤੇ ਦੀ ਚੋਣ ਸੰਬੰਧੀ ਇੱਕ ਨੌਜਵਾਨ ਦੇ ਵਿਚਾਰ’ ਨਾਮਕ ਲੇਖ ਵਿੱਚੋਂ ਕੁਝ ਅੰਸ਼

....ਜ਼ਿੰਦਗੀ ਦੀਆਂ ਹਾਲਤਾਂ ਜੇਕਰ ਸਾਨੂੰ ਆਪਣਾ ਮਨਪਸੰਦ ਕਿੱਤਾ ਚੁਨਣ ਦਾ ਮੌਕਾ ਦੇਣ ਤਾਂ ਅਸੀਂ ਉਹ ਕਿੱਤਾ ਚੁਣ ਸਕਦੇ ਹਾਂ ਜੋ ਸਾਨੂੰ ਸਭ ਤੋਂ ਮਹਾਨ ਖ਼ੂਬੀ ਪ੍ਰਦਾਨ ਕਰੇ, ਜੋ ਉਹਨਾਂ ਵਿਚਾਰਾਂ ’ਤੇ ਅਧਾਰਿਤ ਹੋਵੇ ਜਿਨ੍ਹਾਂ ਦੀ ਸੱਚਾਈ ਨਾਲ਼ ਅਸੀਂ ਦਿਲੋਂ ਸਹਿਮਤ ਹੋਈਏ, ਜੋ ਸਾਨੂੰ ਸਮੁੱਚੀ ਮਨੁੱਖਤਾ ਦੀ ਸੇਵਾ ਕਰਨ ਦਾ ਤੇ ਨਾਲ਼ ਹੀ ਸਾਡੇ ਲਈ ਆਪਣੇ ਆਮ ਮਕਸਦ—ਸੰਪੂਰਨਤਾ—ਤੱਕ ਪਹੁੰਚ ਕਰਨ ਦਾ ਮੌਕਾ ਮੁਹੱਈਆ ਕਰਵਾਵੇ, ਹਰੇਕ ਕਿੱਤਾ ਜਿੱਥੇ ਪਹੁੰਚਣ ਦਾ ਮਹਿਜ਼ ਇੱਕ ਜ਼ਰੀਆ ਹੁੰਦਾ ਹੈ।

ਖ਼ੂਬੀ ਉਸ ਨੂੰ ਕਹਿੰਦੇ ਹਨ ਜੋ ਮਨੁੱਖ ਨੂੰ ਸਭ ਤੋਂ ਵੱਧ ਉੱਪਰ ਚੁੱਕੇ, ਜੋ ਉਸਦੀਆਂ ਸਾਰੀਆਂ ਕੋਸ਼ਿਸ਼ਾਂ ਅਤੇ ਕੰਮਾਂ ਵਿੱਚ ਉੱਤਮ ਚੰਗਿਆਈ ਭਰੇ ਜੋ ਉਸਨੂੰ ਅਜਿੱਤ ਬਣਾਵੇ, ਲੋਕ ਜਿਸਦੀ ਪ੍ਰਸ਼ੰਸਾ ਕਰਨ ਅਤੇ ਉਸਨੂੰ ਸਾਰਿਆਂ ਤੋਂ ਉੱਪਰ ਉਠਾਵੇ।

ਪਰ ਖ਼ੂਬੀ ਸਾਨੂੰ ਕੇਵਲ਼ ਉਹੀ ਕਿੱਤਾ ਹਾਸਿਲ ਕਰਵਾ ਸਕਦਾ ਹੈ ਜਿਸ ਵਿੱਚ ਅਸੀਂ ਗੁਲਾਮਾਂ ਦੀ ਤਰ੍ਹਾਂ ਸਿਰਫ਼ ਔਜਾਰ ਨਹੀਂ ਹੁੰਦੇ, ਸਗੋਂ ਆਪਣੇ ਕੰਮ-ਖੇਤਰ ਦੇ ਅੰਦਰ ਅਜ਼ਾਦਾਨਾ ਤੌਰ ’ਤੇ ਵਿਚਰੀਏ। ਕੇਵਲ ਉਹੀ ਕਿੱਤਾ ਸਾਨੂੰ ਖ਼ੂਬੀ ਪ੍ਰਦਾਨ ਕਰ ਸਕਦਾ ਹੈ ਜੋ ਨਿੰਦਣਯੋਗ ਕੰਮ ਕਰਨ ਦੀ ਸਾਡੇ ਤੋਂ ਮੰਗ ਨਹੀਂ ਕਰਦਾ, ਭਾਵੇਂ ਉਹ ਸਿਰਫ਼ ਬਾਹਰੀ ਦਿੱਖ ਪੱਖੋਂ ਹੀ ਨਿੰਦਣਯੋਗ ਕਿਉਂ ਨਾ ਹੋਵੇ। ਇੱਕ ਕਿੱਤਾ ਜਿਸਨੂੰ ਸਭ ਤੋਂ ਚੰਗੇ ਇਨਸਾਨ ਅਪਣਾਉਣ ਵਿੱਚ ਮਾਣ ਮਹਿਸੂਸ ਕਰਨ। ਇੱਕ ਕਿੱਤਾ ਜਿਹੜਾ ਇਹ ਸਭ ਕੁਝ ਸਭ ਤੋਂ ਵੱਧ ਯਕੀਨੀ ਬਣਾਉਂਦਾ ਹੈ ਭਾਂਵੇਂ ਸਦਾ ਸਭ ਤੋਂ ਉੱਚਾ ਨਾ ਹੋਵੇ ਪਰ ਹਮੇਸ਼ਾਂ ਉਸੇ ਨੂੰ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ।...

...ਕੋਈ ਵਿਅਕਤੀ ਜੇਕਰ ਕੇਵਲ ਆਪਣੇ ਲਈ ਕੰਮ ਕਰਦਾ ਹੈ ਤਾਂ ਹੋ ਸਕਦਾ ਹੈ ਕਿ, ਉਹ ਇੱਕ ਪ੍ਰਸਿੱਧ ਵਿਦਵਾਨ ਬਣ ਜਾਵੇ, ਇੱਕ ਮਹਾਨ ਸੰਤ ਬਣ ਜਾਵੇ, ਇੱਕ ਸ਼ਾਨਦਾਰ ਕਵੀ ਬਣ ਜਾਵੇ, ਪਰ ਉਹ ਕਦੇ ਵੀ ਸੰਪੂਰਨ ਤੇ ਅਸਲੀ ਅਰਥਾਂ ਵਿੱਚ ਮਹਾਨ ਇਨਸਾਨ ਨਹੀਂ ਬਣ ਸਕਦਾ।

ਇਤਿਹਾਸ ਉਹਨਾਂ ਵਿਅਕਤੀਆਂ ਨੂੰ ਹੀ ਸਭ ਤੋਂ ਮਹਾਨ ਮੰਨਦਾ ਹੈ ਜੋ ਸਾਂਝੇ ਕਾਜ ਲਈ ਕੰਮ ਕਰਦੇ ਹੋਏ ਆਪਣੇ ਆਪ ਨੂੰ ਨੇਕ ਬਣਾਉਂਦੇ ਹਨ। ਤਜ਼ਰਬਾ ਇਸ ਦੀ ਗਵਾਹੀ ਭਰਦਾ ਹੈ ਕਿ ਉਹ ਮਨੁੱਖ ਹੀ ਸਭ ਤੋਂ ਵੱਧ ਖੁਸ਼ ਹੁੰਦਾ ਹੈ ਜੋ ਵੱਧ ਤੋਂ ਵੱਧ ਲੋਕਾਂ ਨੂੰ ਖੁਸ਼ੀਆਂ ਵੰਡਦਾ ਹੈ।

ਜੇਕਰ ਅਸੀਂ ਜਿੰਦਗੀ ਵਿੱਚ ਅਜਿਹਾ ਕਿੱਤਾ ਚੁਣਿਆ ਹੈ ਜਿਸ ਦੁਆਰਾ ਅਸੀਂ ਮਨੁੱਖਤਾ ਦੀ ਅਸੀਂ ਵੱਧ ਤੋਂ ਵੱਧ ਸੇਵਾ ਕਰ ਸਕੀਏ, ਤਾਂ ਕੋਈ ਵੀ ਬੋਝ ਸਾਨੂੰ ਝੁਕਾ ਨਹੀਂ ਸਕੇਗਾ, ਕਿਉਂਕਿ ਉਹ ਸਭ ਦੀ ਭਲਾਈ ਲਈ ਕੀਤੀਆਂ ਕੁਰਬਾਨੀਆਂ ਹਨ। ਫਿਰ ਅਸੀਂ ਨਿਗੂਣਾ, ਸੀਮਤ, ਸਵਾਰਥੀ ਆਨੰਦ ਨਹੀਂ ਦੇਖਾਂਗੇ, ਸਗੋਂ ਸਾਡੀ ਖੁਸ਼ੀ ਲੱਖਾਂ ਲੋਕਾਂ ਦੀ ਖੁਸ਼ੀ ਨਾਲ਼ ਜੁੜ ਜਾਵੇਗੀ। ਸਾਡੇ ਕਾਰਜ ਚੁੱਪ-ਚੁਪੀਤੇ ਪਰ ਨਿਰੰਤਰ ਕਾਰਜਸ਼ੀਲ ਰਹਿਣਗੇ ਅਤੇ ਸਾਡੀ ਮੌਤ ’ਤੇ ਭਲੇ ਲੋਕਾਂ ਦੀਆਂ ਅੱਖਾਂ ਵਿੱਚੋਂ ਸਾਡੇ ਲਈ ਗਰਮ ਹੰਝੂ ਵਹਿਣਗੇ।

[ਸ੍ਰੋਤ-ਸੰਗ੍ਰਹਿਤ ਲਿਖਤਾਂ, ਮਾਰਕਸ-ਏਂਗਲਜ, (ਅੰਗਰੇਜੀ) ਸੈਂਚੀ-1]

ਪੁਸਤਕ ਜਾਣ-ਪਹਿਚਾਣ

ਸਪਾਰਟਕਸ

ਜ਼ਿੰਦਗੀ ਪ੍ਰਤੀ ਅਸੀਮ ਇਸ਼ਕ ਤੇ ਸੰਘਰਸ਼ ਦੀ ਅਮਰ ਕਹਾਣੀ

— ਸੁਖਪਾਲ ਨਸਰਾਲ਼ੀ

ਦਹਿਕਦੇ ਅੰਗਿਆਰਾਂ ਤੇ ਸੌਂਦੇ ਰਹੇ ਨੇ ਲੋਕ।
ਇਸ ਤਰ੍ਹਾਂ ਵੀ ਰਾਤ, ਰੁਸ਼ਨਾਉਂਦੇ ਰਹੇ ਨੇ ਲੋਕ।
ਨਾ ਕਤਲ ਹੋਏ, ਨਾ ਹੋਵਣਗੇ ਇਸ਼ਕ ਦੇ ਗੀਤ ਇਹ,
ਮੌਤ ਦੀ ਸਰਦਲ ਤੇ ਬਹਿ, ਗਾਉਂਦੇ ਰਹੇ ਨੇ ਲੋਕ।
ਨ੍ਹੇਰੀਆਂ ਨੂੰ ਜੇ ਭੁਲੇਖਾ ਹੈ ਹਨੇਰਾ ਪਾਉਣ ਦਾ,
ਨ੍ਹੇਰੀਆਂ ਨੂੰ ਰੋਕ ਵੀ ਪਾਉਂਦੇ ਰਹੇ ਨੇ ਲੋਕ।

—ਪਾਸ਼

ਇਨਕਲਾਬੀ ਕਵੀ ਪਾਸ਼ ਦੀਆਂ ਇਹ ਪੰਕਤੀਆਂ ਉਸ ਵਰਤਾਰੇ ਵੱਲ ਇਸ਼ਾਰਾ ਕਰਦੀਆਂ ਹਨ, ਜੋ ਮਨੁੱਖੀ ਸੱਭਿਅਤਾ ਦੇ ਜਮਾਤੀ ਸਮਾਜ ਵਿੱਚ ਪ੍ਰਵੇਸ਼ ਕਰਨ ਤੋਂ ਬਾਅਦ, ਅੱਜ ਤੱਕ ਚੱਲਿਆ ਆ ਰਿਹਾ ਹੈ।ਆਦਿ ਕਮਿਊਨ ਤੋਂ ਬਾਅਦ ਜਦੋਂ ਮਨੁੱਖੀ ਸੱਭਿਅਤਾ ਗੁਲਾਮਦਾਰੀ ਯੁੱਗ ਵਿੱਚ ਦਾਖਲ ਹੋਈ, ਜਮਾਤੀ ਵੰਡ ਵਾਲ਼ੇ ਸਮਾਜ ਦਾ ਦੌਰ ਸ਼ੁਰੂ ਹੋਇਆ, ਜੋ ਫਿਰ ਜਾਗੀਰਦਾਰੀ ਯੁੱਗ ਤੋਂ ਲੰਘਦਾ ਹੋਇਆ-ਅੱਜ ਪੂੰਜੀਵਾਦ ਵਿੱਚ ਬਦਲ ਚੁੱਕਿਆ ਹੈ, ਪਰ ਇਹਨਾਂ ਤਿੰਨਾਂ ਸਟੇਜਾਂ ਵਿੱਚਕਾਰ ਹਮੇਸ਼ਾ ਇੱਕ ਖਾਸ ਸਮਾਨਤਾ ਰਹੀ ਹੈ — ਜਮਾਤੀ ਸੰਘਰਸ਼।

ਇਤਿਹਾਸ ਹਮੇਸ਼ਾ ਗਵਾਹ ਰਿਹਾ ਹੈ ਕਿ ਜਿੱਥੇ ਵੀ ਲੁੱਟ-ਖ਼ਸੁੱਟ ਅਤੇ ਜ਼ੁਲਮ ਹੁੰਦਾ ਹੈ ਉੱਥੇ ਇਸ ਦਾ ਟਾਕਰਾ ਵੀ ਹੁੰਦਾ ਹੈ। ਅਤੇ ਲੋਕ ਅੰਗਿਆਰਾਂ 'ਤੇ ਸੌਂ ਕੇ ਵੀ ਰਾਤਾਂ ਰੁਸ਼ਨਾਉਂਦੇ ਰਹਿੰਦੇ ਨੇ।

ਸਪਾਰਟਕਸ ਵੀ ਅਜਿਹੇ ਰਾਤਾਂ ਰੁਸ਼ਨਾਉਂਣ ਵਾਲ਼ੇ ਜ਼ਿੰਦਗੀ ਦੇ ਆਸ਼ਕਾਂ ਦੀ ਕਹਾਣੀ ਹੈ।ਆਦਿ ਕਮਿਊਨ ਤੋਂ ਬਾਅਦ ਜਦੋਂ ਗੁਲਾਮਦਾਰੀ ਯੁੱਗ ਸ਼ੁਰੂ ਹੋਇਆ, ਸਮਾਜ ਮੁੱਖ ਤੌਰ 'ਤੇ ਦੋ ਹਿੱਸਿਆ ਵਿੱਚ ਵੰਡਿਆ ਗਿਆ।ਗੁਲਾਮ ਮਾਲਕ ਅਤੇ ਗੁਲਾਮ। ਯੁੱਧ ਵਿੱਚ ਕੈਦ ਕੀਤੇ ਫੌਜੀ ਅਤੇ ਛੋਟੇ-ਮੋਟੇ ਕਬੀਲਿਆਂ ਨੂੰ ਜਿੱਤ ਕੇ ਲੋਕਾਂ ਨੂੰ ਗੁਲਾਮ ਬਣਾਇਆ ਜਾਣ ਲੱਗਿਆ ਤੇ ਉਹਨਾਂ ਨੂੰ ਵੱਡੀਆਂ-ਵੱਡੀਆਂ ਰੋਮ ਵਰਗੀਆਂ ਸੱਭਿਅਤਾਵਾਂ ਉਸਾਰਨ ਦੇ ਕੰਮ ਵਿੱਚ ਸਭ ਤੋਂ ਹੇਠਲੇ ਪੱਧਰ 'ਤੇ ਲਗਾਇਆ ਜਾਂਦਾ।ਜਾਨਵਰਾਂ ਤੋਂ ਵੀ ਘਟੀਆ ਮਾਹੌਲ ਵਿੱਚ ਰੱਖਿਆ ਜਾਂਦਾ ਤੇ ਬੇਕਿਰਕੀ ਨਾਲ਼ ਮਰਨ ਤੱਕ ਸਖਤ ਤੋਂ ਸਖਤ ਕੰਮ ਲਿਆ ਜਾਂਦਾ।ਉਹਨਾਂ ਸਮਿਆਂ ਵਿੱਚ ਵੀ ਗੁਲਾਮਾਂ ਦੀਆਂ ਕੁਝ ਬਗਾਵਤਾਂ ਹੁੰਦੀਆਂ ਰਹਿੰਦੀਆਂ ਸਨ।ਸਪਾਰਟਕਸ ਦੀ ਕਹਾਣੀ ਵੀ ਅਜਿਹੀ ਇੱਕ ਬਗਾਵਤ ਦੇ ਦੁਆਲੇ ਘੁੰਮਦੀ ਹੈ।ਭਾਵੇਂ ਕਿ ਇਸ ਬਗਾਵਤ ਨੂੰ ਕੁਚਲ ਦਿੱਤਾ ਗਿਆ ਸੀ ਤੇ ਛੇ ਹਜ਼ਾਰ ਤੋਂ ਜ਼ਿਆਦਾ ਗੁਲਾਮਾਂ ਨੂੰ ਸਜ਼ਾ ਵਜੋਂ ਰੋਮ ਤੋਂ ਕੈਪੂਆ ਤੱਕ ਇੱਕ ਸੜਕ ਦੇ ਕਿਨਾਰੇ 'ਤੇ ਸੂਲੀਆਂ 'ਤੇ ਟੰਗਿਆ ਗਿਆ।ਪਰ ਇਹ ਵਰਤਾਰਾ ਮਨੁੱਖੀ ਸੱਭਿਅਤਾ ਵਿੱਚ ਇੱਕ ਆਸ ਦੀ ਕਿਰਨ ਬਲਦੀ ਛੱਡ ਗਿਆ, ਜਿਸ ਨੇ ਅੱਗੇ ਚੱਲਕੇ ਇੱਕ ਖ਼ੂਬਸੂਰਤ ਦੁਨੀਆਂ ਸਿਰਜਣ ਦੇ ਸੁਪਨੇ ਲੈਣ ਵਾਲ਼ੇ ਲੋਕਾਂ ਲਈ ਰਾਹ ਦਿਖਾਉਣ ਦਾ ਕੰਮ ਕੀਤਾ।

ਸਪਾਰਟਕਸ ਜਿਹੀ ਮਹਾਨ ਇਨਕਲਾਬੀ ਰਚਨਾ ਕਰਨ ਵਾਲ਼ੇ ਸਾਹਿਤਕਾਰ ਦਾ ਨਾਮ ਹਾਵਰਡ ਫਾਸਟ ਹੈ।ਹਾਵਰਡ ਫਾਸਟ ਅਮਰੀਕਾ ਦੇ ਇੱਕ ਪ੍ਰਗਤੀਵਾਦੀ ਲੇਖਕ ਸਨ ਜਿਹਨਾਂ ਨੇ 70 ਦੇ ਕਰੀਬ ਨਾਵਲ ਅਤੇ ਕੁਝ ਕਹਾਣੀਆਂ ਤੇ ਦੋ ਦਰਜਨ ਦੇ ਕਰੀਬ ਹੋਰ ਵੀ ਕਿਤਾਬਾਂ ਦੀ ਰਚਨਾ ਕੀਤੀ।ਉਹਨਾਂ ਦਾ ਜਨਮ 11 ਨਵੰਬਰ 1914 ਨੂੰ ਨਿਊਯਾਰਕ ਵਿਖੇ ਹੋਇਆ।ਉਹ ਇੱਕ ਗਰੀਬ ਮਜ਼ਦੂਰ ਪਰਿਵਾਰ ਨਾਲ਼ ਸਬੰਧ ਰੱਖਦੇ ਸਨ।ਬਚਪਨ ਤੋਂ ਹੀ ਰੋਜ਼ ਰੋਟੀ ਕਮਾਉਣ ਲਈ ਉਹਨਾਂ ਨੂੰ ਮਜ਼ਦੂਰੀ ਕਰਨੀ ਪਈ। 21 ਸਾਲ ਦੀ ਉਮਰ ਤੱਕ ਉਹਨਾਂ ਨੇ ਅਖਬਾਰ ਵੰਡਣ, ਫਰਸ਼ ਸਾਫ਼ ਕਰਨ ਤੇ ਕਾਰਖਾਨਿਆਂ ਵਿੱਚ ਕੰਮ ਕਰਨ ਤੱਕ ਹਰ ਤਰ੍ਹਾਂ ਦੀ ਮਜ਼ਦੂਰੀ ਕੀਤੀ।ਆਪਣੇ ਬਾਰੇ ਉਹ ਕਿਹਾ ਕਰਦੇ ਸਨ, "ਮੈਂ ਖੁਦ-ਪੜ੍ਹਿਆ ਇਨਸਾਨ ਹਾਂ।ਹੋ ਸਕਦਾ ਹੈ, ਸਾਹਿਤ ਸਿਰਜਣ ਦੀ ਕੁਝ ਕੁਦਰਤੀ ਸਮਰੱਥਾ ਮੇਰੇ ਅੰਦਰ ਰਹੀ ਹੋਵੇ, ਪਰ ਲਿਖਦਿਆਂ-ਲਿਖਦਿਆਂ ਸਿੱਖਿਆ ਹੈ।" 1954 ਵਿੱਚ ਉਹਨਾਂ ਨੂੰ ਉਹਨਾਂ ਦੇ ਸਾਹਿਤਕ ਅਤੇ ਸਮਾਜਿਕ ਯੋਗਦਾਨ ਬਦਲੇ 'ਸਟਾਲਿਨ ਅਮਨ ਪੁਰਸਕਾਰ' ਨਾਲ਼ ਸਨਮਾਨਿਤ ਕੀਤਾ ਗਿਆ। ਸਪੇਨ ਜੰਗ ਵਿੱਚ ਕਿਸੇ ਮਾਮਲੇ ਨਾਲ਼ ਜੁੜੇ ਹੋਣ ਕਾਰਨ ਉਹਨਾਂ ਨੂੰ 3 ਮਹੀਨੇ ਦੀ ਜੇਲ੍ਹ ਵੀ ਹੋਈ।ਅਮਰੀਕਾ ਸਰਕਾਰ ਨੇ ਉਸ ਤੋਂ ਬਾਅਦ ਉਹਨਾਂ ਦੀਆਂ ਕਈ ਕਿਤਾਬਾਂ ਉੱਤੇ ਪਾਬੰਦੀ ਲਗਾ ਦਿੱਤੀ।

ਉਹਨਾਂ ਦੀਆਂ ਲਿਖਤਾਂ ਉੱਤੇ ਪਾਬੰਦੀ ਲੱਗੀ ਹੋਣ ਕਰਕੇ ਸਪਾਰਟਕਸ ਨੂੰ ਛਾਪਣ ਲਈ ਕੋਈ ਵੀ ਪ੍ਰਕਾਸ਼ਕ ਅੱਗੇ ਨਹੀਂ ਆਇਆ।ਫਾਸਟ ਤੇ ਉਹਨਾਂ ਦੇ ਕੁਝ ਸਾਥੀਆਂ ਨੇ ਖੁਦ ਹੀ ਨਿੱਜੀ ਤੌਰ 'ਤੇ ਸਪਾਰਟਕਸ ਨੂੰ ਕਿਤਾਬੀ ਰੂਪ ਵਿੱਚ ਤਿਆਰ ਕਰਵਾਇਆ।

1956 ਵਿੱਚ ਸੋਵੀਅਤ ਯੂਨੀਅਨ ਵਿੱਚ ਹੋਈ ਪੂੰਜੀਵਾਦੀ ਮੁੜ ਬਹਾਲੀ ਨੇ ਪੂਰੀ ਦੁਨੀਆਂ ਵਿੱਚ ਵਿਚਾਰਧਾਰਕ ਘਚੋਲੇ ਨੂੰ ਜਨਮ ਦਿੱਤਾ। ਇਸ ਘਚੋਲ਼ੇ ਦਾ ਸ਼ਿਕਾਰ ਹਾਵਰਡ ਫਾਸਟ ਵੀ ਹੋਏ।1956 ਵਿੱਚ ਭਾਵੇਂ ਰਸਮੀ ਤੌਰ 'ਤੇ ਉਹਨਾਂ ਨੇ ਕਮਿਊਨਿਸਟ ਪਾਰਟੀ ਨੂੰ ਛੱਡ ਦਿੱਤਾ ਪਰ ਫਿਰ ਵੀ ਉਹ ਮਰਦੇ ਦਮ ਤੱਕ ਕਮਿਊਨਿਜ਼ਮ ਨਾਲ ਜੁੜੇ ਰਹੇ। ਇਸ ਬਾਰੇ ਉਹਨਾਂ ਨੇ ਇੱਕ ਵਾਰ ਕਿਹਾ ਸੀ ਕਿ "ਮੈਂ ਇੱਕ ਖੱਬੇਪੱਖੀ ਹਾਂ, ਖੱਬੇਪੱਖੀ ਹੀ ਪੈਦਾ ਹੋਇਆ ਅਤੇ ਖੱਬੇਪੱਖੀ ਹੀ ਮਰਾਂਗਾਂ।"

12 ਮਾਰਚ 2003 ਨੂੰ ਦੁਨੀਆਂ ਦੇ ਇਸ ਮਹਾਨ ਇਨਕਲਾਬੀ ਤੇ ਪ੍ਰਗਤੀਵਾਦੀ ਸਾਹਿਤਕਾਰ ਨੇ ਸਰੀਰਕ ਤੌਰ 'ਤੇ ਇਸ ਦੁਨੀਆਂ ਨੂੰ ਅਲਵਿਦਾ ਕਹਿ ਦਿੱਤਾ।ਪਰ ਉਹਨਾਂ ਦੀਆਂ ਲਿਖਤਾਂ ਅੱਜ ਵੀ ਅਤੇ ਹਮੇਸ਼ਾ ਇਨਸਾਨੀਅਤ ਦੀ ਸੇਵਾ ਕਰਦੀਆਂ ਰਹਿਣਗੀਆਂ ਤੇ ਆਉਣ ਵਾਲੇ ਸਮਿਆਂ ਵਿੱਚ ਸਪਾਰਟਕਸ ਦਾ ਸੁਪਨਾ ਸੱਚ ਕਰਨ ਲਈ ਸੰਘਰਸ਼ਸ਼ੀਲ ਯੋਧਿਆਂ

ਲਈ ਪ੍ਰੇਰਨਾ ਸਰੋਤ ਬਣਨਗੀਆਂ।

ਗੁਲਾਮਦਾਰੀ ਯੁੱਗ ਵਿੱਚ ਹੋਈ ਗੁਲਾਮਾਂ ਦੀ ਬਗਾਵਤ ਨੂੰ ਕੇਂਦਰੀ ਥੀਮ ਵਜੋਂ ਵਰਤ ਕੇ ਅਜੋਕੇ ਦੌਰ ਦੀਆਂ ਤਲਖ਼ ਹਕੀਕਤਾਂ ਅਤੇ ਪ੍ਰਸਥਿਤੀਆਂ ਦਾ ਚਿਤਰਨ ਕਰਨ ਲਈ ਇਸ ਨਾਵਲ ਨੂੰ ਲੇਖਕ ਨੇ ਅੱਠ ਹਿੱਸਿਆ ਵਿੱਚ ਵੰਡ ਕੇ ਲਿਖਿਆ ਹੈ। ਹਰ ਹਿੱਸਾ ਇੱਕ ਵੱਡੀ ਕਹਾਣੀ ਵਜੋਂ ਭੂਮਿਕਾ ਨਿਭਾਉਂਦਾ ਹੋਇਆ ਨਾਵਲ ਦੀ ਕਥਾ ਨੂੰ ਅੱਗੇ ਚਲਾਉਂਦਾ ਰਹਿੰਦਾ ਹੈ। ਕਹਾਣੀ, ਪਾਤਰ-ਚੋਣ, ਪ੍ਰਸਥਿਤੀਆਂ ਨੂੰ ਬਿਆਨ ਕਰਨ ਦੀ ਕਲਾ, ਅਜੋਕੇ ਸੰਦਰਭ ਵਿੱਚ ਰੱਖ ਕੇ ਇਤਿਹਾਸ ਨੂੰ ਪੇਸ਼ ਕਰਨ ਦਾ ਵਲ ਅਤੇ ਮਨੋਵਿਗਿਆਨਕ ਤਰੀਕੇ ਨਾਲ ਗੱਲਬਾਤ ਦੁਆਰਾ ਪਾਤਰਾਂ ਦੀ ਮਾਨਸਿਕ ਦਸ਼ਾ ਦੀ ਤਰਜਮਾਨੀ ਕਰਨਾ ਇਸ ਨਾਵਲ ਦੇ ਹਾਸਿਲ ਰਹੇ ਹਨ।

ਨਾਵਲ ਦੇ ਪਹਿਲੇ ਭਾਗ ਵਿੱਚ ਤਿੰਨ ਪਾਤਰਾਂ ਕਾਇਸ ਕਰਾਸਸ, ਉਸਦੀ ਭੈਣ ਹੈਲਿਨ ਅਤੇ ਉਸਦੀ ਸਹੇਲੀ ਕਲਾਡੀਆ ਵੱਲੋਂ ਰੋਮ ਤੋਂ ਲੈ ਕੇ ਕੈਪੂਆ ਤੱਕ ਦੇ ਸਫ਼ਰ ਨੂੰ ਬਿਆਨ ਕੀਤਾ ਗਿਆ ਹੈ। ਇਹ ਉਹੀ ਸੜਕ ਹੈ ਜਿਸ ਦੇ ਕਿਨਾਰਿਆਂ ਤੇ ਸਪਾਰਟਕਸ ਦੇ 6 ਹਜ਼ਾਰ ਤੋਂ ਵੱਧ ਸਾਥੀਆਂ ਨੂੰ ਸੂਲੀਆਂ 'ਤੇ ਟੰਗਿਆ ਹੋਇਆ ਹੈ।

ਕਾਇਸ ਰੋਮ ਦੇ ਇੱਕ ਵੱਡੇ ਤੇ ਅਮੀਰ ਘਰਾਣੇ ਨਾਲ਼ ਸਬੰਧਤ ਨੌਜਵਾਨ ਹੈ। ਉਸ ਦੀ ਭੈਣ ਤੇ ਉਸ ਦੀ ਸਹੇਲੀ ਉਸ ਨਾਲ਼ ਕੈਪੂਆ ਤੱਕ ਦਾ ਸਫ਼ਰ ਤੈਅ ਕਰਦੀਆਂ ਹਨ। ਲੇਖਕ ਨੇ ਇਸ ਹਿੱਸੇ ਵਿੱਚ ਅਮੀਰਾਂ ਦਾ ਅਤੇ ਲੋਟੂ ਜਮਾਤ ਦਾ ਗੁਲਾਮਾਂ ਅਤੇ ਗੁਲਾਮ ਬਗਾਵਤ ਪ੍ਰਤੀ ਦ੍ਰਿਸ਼ਟੀਕੋਣ ਬਿਆਨ ਕੀਤਾ ਹੈ। ਕਿਸ ਤਰ੍ਹਾਂ ਉਹ ਲੋਕ ਗੁਲਾਮਾਂ ਨੂੰ ਨਫ਼ਰਤ ਕਰਦੇ ਹਨ ਤੇ ਕਿਸ ਤਰ੍ਹਾਂ ਉਹ ਸੂਲੀ 'ਤੇ ਲਟਕ ਰਹੇ ਗੁਲਾਮਾਂ ਨੂੰ ਦੇਖ ਕੇ ਮਨ ਹੀ ਮਨ ਤਸੱਲੀ ਦਾ ਪ੍ਰਗਟਾਵਾ ਕਰਦੇ ਹਨ, ਇਸ ਦਾ ਚਿਤਰਨ ਬਹੁਤ ਹੀ ਖ਼ੂਬਸੂਰਤੀ ਨਾਲ ਕੀਤਾ ਗਿਆ ਹੈ।

ਰਾਹ ਵਿੱਚ ਇਕ ਜਗ੍ਹਾ ਵਿਲਾ ਸੈਲੇਰੀਆ ਜੋ ਕਿ ਕਾਇਸ ਦੇ ਮਾਮੇ ਦੀ ਜਾਗੀਰ ਹੈ ਉਹ ਇਕ ਰਾਤ ਲਈ ਠਹਿਰਦੇ ਹਨ। ਜਿੱਥੇ ਉਹਨਾਂ ਦਾ ਸੰਪਰਕ ਗਰਾਕਸ ਜੋ ਕਿ ਇੱਕ ਨੀਤੀਵਾਨ ਹੈ, ਸਿਸਰੋ ਜੋ ਨੌਜਵਾਨ ਲੇਖਕ ਅਤੇ ਨੀਤੀਵਾਨ ਹੈ ਅਤੇ ਕਰਾਸਸ ਜੋ ਇੱਕ ਫੌਜੀ ਜਰਨੈਲ ਹੈ (ਜਿਸਨੇ ਗੁਲਾਮਾਂ ਦੀ ਬਗਾਵਤ ਨੂੰ ਕੁਚਲਿਆ ਸੀ) ਨਾਲ਼ ਹੁੰਦਾ ਹੈ। ਇਹਨਾਂ ਸਾਰਿਆਂ ਦੀਆਂ ਗੱਲਾਬਾਤਾਂ ਰਾਹੀਂ ਲੇਖਕ ਨੇ ਉਸ ਸਮੇਂ ਦੀ ਲੋਟੂ ਜਮਾਤ ਦਾ ਸੰਸਾਰ ਪ੍ਰਤੀ, ਆਪਣੀ 'ਮਹਾਨ' ਰੋਮ ਸੱਭਿਅਤਾ ਪ੍ਰਤੀ ਤੇ ਗੁਲਾਮਾਂ ਪ੍ਰਤੀ ਦ੍ਰਿਸ਼ਟੀਕੋਣ ਪੇਸ਼ ਕੀਤਾ ਹੈ। ਪੂਰੇ ਹਿੱਸੇ ਵਿੱਚ ਇਹਨਾਂ ਲੋਕਾਂ ਦੀ ਜੀਵਨ-ਸ਼ੈਲੀ ਨੂੰ ਜਿਸ ਅੰਦਾਜ਼ ਵਿੱਚ ਬਿਆਨ ਕੀਤਾ ਗਿਆ ਹੈ ਉਹ ਲਾਜਵਾਬ ਹੈ। ਰੋਮਨ ਸੱਭਿਅਤਾ ਦੀ ਜਾਣਕਾਰੀ ਬਾਰੇ ਪਾਠਕਾਂ ਨੂੰ ਲੇਖਕ ਦੀ ਸਿਆਣਪ 'ਤੇ ਕੋਈ ਸ਼ੱਕ ਨਹੀਂ ਰਹਿੰਦਾ ਜਦੋਂ ਉਹ ਉਸ ਸਮੇਂ ਦੇ ਭਵਨ ਨਿਰਮਾਣ ਕਲਾ ਤੋਂ ਲੈ ਕੇ ਹਰ ਛੋਟੀ-ਵੱਡੀ ਚੀਜ਼ ਦਾ ਵਰਣਨ ਕਰਦਾ ਹੈ। ਉਦਾਹਰਣ ਦੇ ਤੌਰ 'ਤੇ "ਵਿਲਾ-ਸੈਲੇਰੀਆ ਦਾ ਇਹ ਕਮਰਾ ਫਿਨੀਸ਼ੀਅਨ ਢੰਗ ਦਾ ਬਣਿਆ ਸੀ ਜਿਸ ਦੀ ਛੱਤ ਖੱਟੇ ਪੀਲੇ ਸ਼ੀਸ਼ੇ ਦੀ ਬਣੀ ਹੋਈ ਸੀ। ਛੁਪ ਰਹੇ ਸੂਰਜ ਦੀ ਸੁਰਮਈ ਰੌਸ਼ਨੀ ਫਰਕ ਤੇ ਤਪਤ ਖੰਡ ਦੇ ਪੌਦਿਆਂ ਅਤੇ ਕਈ ਹੋਰ ਤਰ੍ਹਾਂ ਦੇ ਪੌਦਿਆਂ ਵਿੱਚੋਂ ਲੰਘਦੀ ਹੋਈ ਇੱਕ ਅਜੀਬ ਕਾਲਪਨਿਕ ਨਜ਼ਾਰਾ ਪੇਸ਼ ਕਰ ਰਹੀ ਸੀ।"

ਇਹਨਾਂ ਸਾਰੇ ਪਾਤਰਾਂ ਦੀ ਜੀਵਨ ਸ਼ੈਲੀ ਅਤੇ ਐਸ਼-ਮਸਤੀ ਨਾਲ ਭਰੇ ਜੀਵਨ ਨੂੰ ਪਿੱਠਭੂਮੀ ਵਜੋਂ ਵਰਤ ਕੇ ਉਹਨਾਂ ਦੀਆਂ ਗੱਲਾਬਾਤਾਂ ਦੁਆਰਾ ਮਾਨਸਿਕ ਹਾਲਾਤ ਪੇਸ਼ ਕਰਨ ਦਾ ਬਹੁਤ ਹੀ ਖ਼ੂਬਸੂਰਤ ਤਰੀਕਾ ਵਰਤਿਆ ਗਿਆ ਹੈ। ਉਦਾਹਰਣ ਵਜੋਂ ਰਾਤ ਦੇ ਖਾਣੇ 'ਤੇ ਬੈਠਕੇ ਜਦੋਂ ਉਹ ਗੁਲਾਮ ਬਗਾਵਤ ਬਾਰੇ ਗੱਲਾਂ ਕਰ ਰਹੇ ਹੁੰਦੇ ਹਨ ਤਾਂ ਸਿਸਰੋ ਦਾ ਇਹ ਬਿਆਨ ਉਸ ਸਮੇਂ ਦੀ ਸੱਚਾਈ ਨੂੰ ਹੂ-ਬ-ਹੂ ਪੇਸ਼ ਕਰਦਾ ਹੈ। "ਉਹ (ਗੁਲਾਮ) ਹਮੇਸ਼ਾ ਸਾਡੇ ਨਾਲ਼ ਰਹਿੰਦੇ ਹਨ, ਅਸੀਂ ਗੁਲਾਮਾਂ ਅਤੇ ਗੁਲਾਮ ਦੌਰ ਦੀ ਨਿਰਾਲੀ ਪੈਦਾਵਾਰ ਹਾਂ। ਜੇ ਤੁਸੀਂ ਸੱਚ-ਪੁੱਛੋ ਤਾਂ ਅਸੀਂ ਰੋਮਨ ਇਹਨਾਂ ਤੋਂ ਹੀ ਬਣੇ ਹਾਂ। ਸਾਡਾ ਮੇਜ਼ਬਾਨ ਇਸ ਮਹਾਨ ਬਾਗਾਤ ਉੱਤੇ ਰਹਿੰਦਾ ਹੈ - ਜਿਸ ਕਰਕੇ ਮੈਨੂੰ ਉਸਤੋਂ ਸਾੜਾ ਹੈ- ਤੇ ਇਹ ਸਭ ਹਜ਼ਾਰ ਗੁਲਾਮਾਂ ਦੀ ਬਖਸ਼ਿਸ਼ ਹੈ। ਕਰਾਸਸ ਦੀ ਰੋਮ ਵਿੱਚ ਚਰਚਾ ਹੈ ਕਿਉਂਕਿ ਉਸਨੇ ਗੁਲਾਮ ਬਗਾਵਤ ਨੂੰ ਦਬਾਇਆ ਹੈ, ਤੇ ਗਰਾਕਸ ਨੂੰ ਗੁਲਾਮ ਮੰਡੀ ਤੋਂ ਆਮਦਨ ਹੈ। .....ਅਤੇ ਉਸ ਨੌਜਵਾਨ- ਕਾਇਸ ਵੱਲ ਇਸ਼ਾਰਾ ਕਰਦਿਆਂ ਤੇ ਮੁਸਕੁਰਾਉਂਦਿਆਂ ਉਸਨੇ ਕਿਹਾ - ਇਹ ਨੌਜਵਾਨ ਮੈਨੂੰ ਸ਼ੱਕ ਹੈ, ਜੋ ਕਿ ਗੁਲਾਮਾਂ ਦੀ ਇੱਕ ਵਿਲੱਖਣ ਪੈਦਾਵਾਰ ਹੈ ਕਿਉਂਕਿ ਮੈਨੂੰ ਯਕੀਨ ਹੈ ਕਿ ਉਹਨਾਂ ਨੇ ਹੀ ਇਸ ਨੂੰ ਖਵਾਇਆ, ਪਾਲਿਆ-ਪੋਸਿਆ, ਤੁਰਾਇਆ-ਫਿਰਾਇਆ ਤੇ ਇਲਾਜ ਕੀਤਾ ਏ.....।"

ਇਹਨਾਂ ਦੀ ਜ਼ਿੰਦਗੀ ਦਾ ਚਿਤਰਣ ਕਰਦੇ ਸਮੇਂ ਲੇਖਕ ਨੇ ਬਾਖੂਬੀ ਉਹਨਾਂ ਦੀਆਂ ਆਦਤਾਂ, ਧੋਖੇ ਤੇ ਬੇਵਫਾਈਆਂ ਨਾਲ਼ ਭਰੇ ਰਿਸ਼ਤਿਆਂ ਦਾ ਵਰਨਣ ਕੀਤਾ ਹੈ। ਕਾਇਸ ਦਾ ਮਾਮਾ ਉਸ ਦੀ ਭੈਣ ਦੀ ਸਹੇਲੀ ਕਲਾਡੀਆ 'ਤੇ ਫਿਦਾ ਹੋ ਜਾਂਦਾ ਹੈ ਅਤੇ ਉਸ ਦੀ ਮਾਮੀ ਉਸ ਨਾਲ (ਕਾਇਸ) ਸਬੰਧ ਸਥਾਪਤ ਕਰਨ ਦੀ ਕੋਸ਼ਿਸ਼ ਕਰਦੀ ਹੈ ਜਦਕਿ ਕਾਇਸ ਜੋ ਇੱਕ ਸਮਲਿੰਗੀ ਨੌਜਵਾਨ ਹੈ, ਫੌਜੀ ਜਰਨੈਲ ਕਰਾਸਸ ਨਾਲ ਸਬੰਧ ਸਥਾਪਤ ਕਰਦਾ ਹੈ। ਇਸ ਤਰ੍ਹਾਂ ਲੇਖਕ ਉਸ ਜਮਾਤ ਦੀ ਖੋਖ਼ਲੀ ਤੇ ਬੇਰੰਗੀ ਪਰ ਐਸ਼ੋ-ਇਸ਼ਰਤ ਨਾਲ਼ ਭਰਪੂਰ ਜ਼ਿੰਦਗੀ ਦਾ ਬਾਖੂਬੀ ਚਿਤਰਣ ਕਰਨ ਵਿੱਚ ਸਫ਼ਲ ਹੋਇਆ ਹੈ।

ਨਾਵਲ ਦਾ ਦੂਜਾ ਹਿੱਸਾ ਕਰਾਸਸ ਅਤੇ ਬੇਟੀਏਟਸ ਵਿਚਲੀ ਗੱਲਬਾਤ 'ਤੇ ਅਧਾਰਿਤ ਹੈ। ਬੇਟੀਏਟਸ ਉਹ ਸਖਸ਼ ਹੈ ਜਿਸਨੇ ਸਪਾਰਟਕਸ ਨੂੰ ਸੋਨੇ ਦੀਆਂ ਖਾਣਾ ਵਿੱਚੋਂ ਖਰੀਦਿਆ ਸੀ ਤੇ ਉਸਨੂੰ ਲੜਾਕਾ ਬਣਾਉਣ ਲਈ ਆਪਣੇ ਸਕੂਲ ਵਿੱਚ ਰੱਖਿਆ ਸੀ। ਉਹਨਾਂ ਸਮਿਆਂ ਵਿੱਚ ਦੋ ਗੁਲਾਮਾਂ ਨੂੰ ਲੜਾਉਣ ਦੀ ਖੇਡ ਪੂਰੀ ਸਿਖਰਾਂ 'ਤੇ ਸੀ। ਰੋਮਨ ਲੋਕਾਂ ਲਈ ਇਹ ਇੱਕ ਨਸ਼ਾ ਬਣ ਚੁੱਕੀ ਸੀ ਤੇ ਵਪਾਰੀਆਂ ਲਈ ਬਹੁਤ ਵੱਡਾ ਵਪਾਰ। ਬੇਟੀਏਟਸ ਦੇ ਲੜਾਕੂ ਸਕੂਲ ਵਿੱਚ ਹੀ ਸਪਾਰਟਕਸ ਤੇ ਉਸਦੇ ਸਾਥੀਆਂ ਨੇ ਬਗਾਵਤ ਸ਼ੁਰੂ ਕੀਤੀ ਸੀ ਜਿਸ ਨੇ ਰੋਮਨ ਸਾਮਰਾਜ ਦੀਆਂ ਤਿੰਨ ਚੌਥਾਈ ਫੌਜਾਂ ਨੂੰ ਤਬਾਹ ਕਰ ਦਿੱਤਾ ਸੀ। ਤੇ ਫੌਜੀ ਜਰਨੈਲ ਕਰਾਸਸ ਨੂੰ ਇਹੀ ਬਗਾਵਤ ਕੁਚਲਣ ਲਈ ਭੇਜਿਆ ਗਿਆ ਸੀ। ਪਰ ਉਸਨੇ ਕਦੇ ਸਪਰਟਕਸ ਨੂੰ ਵੇਖਿਆ ਤੱਕ ਨਹੀਂ ਸੀ ਇਸ ਲਈ ਉਸਨੇ ਬੇਟੀਏਟਸ ਨੂੰ ਸਪਾਰਟਕਸ ਬਾਰੇ ਕੁਝ ਜਾਣਕਾਰੀ ਲੈਣ

ਲਈ ਬੁਲਾਇਆ ਸੀ। ਕਰਾਸਸ ਦੀ ਫੌਜੀ ਤੇ ਡਰਪੋਕ ਮਾਨਸਿਕਤਾ ਨੂੰ ਸਮਝਣ ਲਈ ਕੁਝ ਪੰਕਤੀਆਂ ਹੀ ਕਾਫ਼ੀ ਹਨ। "......ਤੇ ਮੈਂ ਇਸ ਸੁਪਨੇ ਵਿੱਚ ਅੱਖਾਂ ਉੱਤੇ ਪੱਟੀ ਬੰਨ ਕੇ ਲੜਦਾ ਹਾਂ। ਇਹ ਡਰਾਉਣਾ ਜ਼ਰੂਰ ਹੈ, ਪਰ ਹੈ ਧਿਆਨ ਕਰਨ ਵਾਲਾ।....ਕਈ ਸੁਪਨੇ ਤਾਂ ਜਾਗਦੇ ਹੋਏ ਇਨਸਾਨ ਨੂੰ ਪੇਸ਼ ਆਉਣ ਵਾਲੀਆਂ ਮੁਸ਼ਕਿਲਾਂ ਦਾ ਅਕਸ ਹੀ ਹੁੰਦੇ ਹਨ। ਸਪਾਰਟਕਸ ਨਾ ਜਾਣੀ ਹੋਈ ਚੀਜ਼ ਹੈ। ਮੈਂ ਉਸ ਨਾਲ ਲੜਨ ਜਾਂਦਾ ਹਾਂ, ਮੈਂ ਉਸ ਤੋਂ ਨਾਵਾਕਫ਼ ਹਾਂ। ਅਜਿਹੀ ਗੱਲ ਹੋਰਨਾਂ ਹਾਲਤਾਂ ਵਿੱਚ ਨਹੀਂ ਸੀ। ਕਿਉਂਕਿ ਮੈਂ ਜਾਣਦਾ ਹਾਂ ਗ਼ਾਲ ਕਿਉਂ ਲੜਦੇ ਹਨ, ਮੈਂ ਜਾਣਦਾ ਹਾਂ ਕਿ ਯੂਨਾਨੀ, ਸਪੇਨੀ ਤੇ ਜਰਮਨ ਕਿਉਂ ਲੜਦੇ ਹਨ। ਉਹ ਇੱਕੋ ਜਿਹੇ ਕਾਰਨਾਂ ਕਰਕੇ ਲੜਦੇ ਹਨ।.... ਪਰ ਮੈਂ ਨਹੀਂ ਜਾਣਦਾ ਕਿ ਗੁਲਾਮ ਕਿਉਂ ਲੜਦਾ ਹੈ। ਮੈਂ ਇਹ ਨਹੀਂ ਜਾਣਦਾ ਕਿ ਇਹ ਲੋਕਾਂ ਦੀ ਭੀੜ ਕਿਵੇਂ ਮਗਰ ਲਾ ਲੈਂਦਾ ਹੈ ਅਤੇ ਗੰਦਗੀ ਤੇ ਕੂੜੇ ਕਰਕਟ ਦੇ ਢੇਰ ਨੂੰ ਵਰਤ ਕੇ, ਦੁਨੀਆਂ ਦੀਆਂ ਸਭ ਤੋਂ ਵਧੀਆ ਫੌਜਾਂ ਨੂੰ ਤਬਾਹ ਕਰਦਾ ਹੈ। ਇੱਕ ਫੌਜੀ ਨੂੰ ਬਣਾਉਣ ਵਾਸਤੇ ਪੰਜ ਸਾਲ ਲੱਗਦੇ ਹਨ - ਉਸ ਨੂੰ ਇਹੀ ਸਮਝਾਉਣ ਤੇ ਪੰਜ ਸਾਲ ਲੱਗ ਜਾਂਦੇ ਹਨ ਕਿ ਉਸਦਾ ਜੀਵਨ ਫਜ਼ੂਲ ਹੈ, ਤੇ ਸਿਰਫ਼ ਫੌਜ ਹੀ ਇੱਕ ਚੰਗੀ ਚੀਜ਼ ਹੈ ਅਤੇ ਇਹ ਕਿ ਉਸ ਨੂੰ ਹੁਕਮ ਜ਼ਰੂਰ ਮੰਨਣਾ ਚਾਹੀਦਾ ਹੈ, ਕੋਈ ਵੀ ਹੁਕਮ। ਸਿਖਲਾਈ ਦੇ ਦਸ ਸਾਲ, ਹਰ ਰੋਜ਼ ਦਸ ਘੰਟੇ. .. . ਫਿਰ ਵੀ ਇਹਨਾਂ ਗੁਲਾਮਾਂ ਨੇ ਰੋਮ ਦੀਆਂ ਸਭ ਤੋਂ ਚੰਗੀਆਂ ਫੌਜਾਂ ਨੂੰ ਤਬਾਹ ਕੀਤਾ ਹੈ। ਇਹ ਇਸੇ ਕਰਕੇ ਹੈ ਕਿ ਮੈਂ ਤੈਨੂੰ ਕੈਪੂਆ ਤੋਂ ਇੱਥੇ ਆਉਣ ਲਈ ਕਿਹਾ ਹੈ — ਤਾਂ ਕਿ ਮੈਨੂੰ ਸਪਾਰਟਕਸ ਬਾਰੇ ਦੱਸ ਸਕੇਂ। ਇਸ ਤਰ੍ਹਾਂ ਮੈਂ ਆਪਣੀਆਂ ਅੱਖਾਂ ਤੋਂ ਪੱਟੀ ਲਾਹ ਸਕਦਾ ਹਾਂ।"

ਫਿਰ ਬੇਟੀਏਟਸ ਉਸ ਨੂੰ ਸਪਾਰਟਕਸ ਦੀ ਕਹਾਣੀ ਦੱਸਦਾ ਹੈ। ਸਪਾਰਟਕਸ ਗੁਲਾਮਾਂ ਦੀ ਤੀਸਰੀ ਪੀੜ੍ਹੀ ਵਿਚ ਪੈਦਾ ਹੋਇਆ ਗੁਲਾਮ ਹੈ। ਜਦੋਂ ਬੇਟੀਏਟਸ ਉਸ ਨੂੰ ਖਰੀਦਦਾ ਹੈ ਉਹ ਨੂਬੀਆਂ ਦੀਆਂ ਸੋਨੇ ਦੀਆਂ ਖਾਣਾਂ ਵਿੱਚ ਕੰਮ ਕਰਦਾ ਸੀ। ਨੂਬੀਆਂ ਦੀਆਂ ਖਾਣਾਂ ਧਰਤੀ ਉੱਤੇ ਇੱਕ ਨਰਕ ਹਨ। ਇਸ ਬਾਰੇ ਬੇਟੀਏਟਸ ਇਸ ਤਰ੍ਹਾਂ ਬਿਆਨ ਕਰਦਾ ਹੈ। "ਫਿਰ ਜਾਓ ਇਸ ਮਾਰੂਥਲ ਵਿਚ– ਇਸ ਚਿੱਟੇ ਘੱਟੇ ਵਿੱਚ ਸਖ਼ਤ ਕੰਮ ਕਰੋ। ਤੁਹਾਡੀ ਪਿੱਠ ਉੱਤੇ ਗਰਮੀ ਦੀਆਂ ਭਿਆਨਕ ਲਹਿਰਾਂ ਵਾਰ-ਵਾਰ ਵਜਦੀਆਂ ਹਨ। ਇਹ ਗਰਮੀ ਦੀ ਹੱਦ ਹੈ ਅਤੇ ਅਜੇ ਵੀ ਬੰਦੇ ਨੂੰ ਜਿਊਣ ਦੀ ਆਗਿਆ ਦਿੰਦੀ ਹੈ।.....ਇਸ ਗਰਮ ਅਤੇ ਭਿਆਨਕ ਮਾਰੂਥਲ ਵਿੱਚ ਇੱਕ ਰਸਤਾ ਬਣਾਓ, ਸਮਾਂ ਤੇ ਸਥਾਨ ਡਰਾਉਣੇ ਹੋ ਜਾਣਗੇ। ਪਰ ਤੁਸੀਂ ਚੱਲਣਾ ਜਾਰੀ ਰੱਖਦੇ ਹੋ।......ਨਰਕ ਕੀ ਹੈ ? ਨਰਕ ਸ਼ੁਰੂ ਹੋ ਜਾਂਦਾ ਹੈ ਅਤੇ...... ਹੁਣ ਇੱਥੇ ਚੱਲਣਾ, ਸਾਹ ਲੈਣਾ, ਦੇਖਣਾ, ਸੋਚਣਾ, ਡਰਾਉਣਾ ਹੋ ਜਾਂਦਾ ਹੈ।"

ਗੁਲਾਮਾਂ ਦੀ ਜ਼ਿੰਦਗੀ (ਸਿਰਫ਼ ਸਾਹ ਲੈਣਾ) ਨੂੰ ਚਿਤਰਨ ਵਿੱਚ ਲੇਖਕ ਨੇ ਕੋਈ ਕਸਰ ਨਹੀਂ ਛੱਡੀ। ਅਣਮਨੁੱਖੀ ਹਾਲਤਾਂ, ਨੰਗੇ ਸਰੀਰ, ਆਪਣੇ ਹੀ ਮਲ-ਮੂਤਰ ਨਾਲ ਲਿਬੜੇ ਹੋਏ, ਗਲ਼ਾਂ ਤੇ ਪੈਰਾਂ ਵਿੱਚ ਸੰਗਲ, ਲਾਸਾ ਨਾਲ ਭਰੇ ਸਰੀਰ, ਜਖ਼ਮ ਆਦਿ ਵਰਗੇ ਬਿੰਬਾ ਦੀ ਵਰਤੋਂ ਕਰਕੇ ਜਿਸ ਸ਼ਿੱਦਤ ਤੇ ਨਾਜ਼ੁਕਤਾ ਨਾਲ਼ ਇਸ ਮਹੀਨ ਦ੍ਰਿਸ਼ ਨੂੰ ਚਿਤਰਿਆ ਹੈ ਉਹ ਹਾਵਰਡ ਫਾਸਟ ਤੋਂ ਬਿਨਾਂ ਸ਼ਾਇਦ ਹੀ ਕੋਈ ਹੋਰ ਕਰ ਸਕਦਾ। ਸਪਾਰਟਕਸ ਦਾ ਚਿੱਤਰ ਖਿੱਚਦਿਆਂ ਲੇਖਕ ਉਸਨੂੰ ਹੂ-ਬ-ਹੂ ਪਾਠਕ ਦੀਆਂ ਨਜ਼ਰਾਂ ਸਾਹਮਣੇ ਪੇਸ਼ ਕਰ ਦਿੰਦਾ ਹੈ।

"ਲੰਬਾ ਹੈ ਜਾਂ ਨਿੱਕਾ ਕਹਿਣਾ ਮੁਸ਼ਕਿਲ ਹੈ। ਕਿਉਂਕਿ ਸੰਗਲਾਂ ਵਿੱਚ ਬੱਝੇ ਹੋਏ ਆਦਮੀ ਤਣ ਕੇ ਨਹੀਂ ਚੱਲਦੇ, ਪਰ ਸਰੀਰ ਚਾਬੁਕ ਦੇ ਨਿਸ਼ਾਨਾਂ ਨਾਲ ਭਰਿਆ ਹੋਇਆ, ਧੁੱਪ ਨਾਲ ਲੂਸਿਆ ਪਿੰਡਾ, ਖੁਸ਼ਕ ਤੇ ਪਾਣੀ ਤੋਂ ਬਗੈਰ ਹੈ, ਪਰ ਬੇਮਾਸ ਨਹੀਂ। ਕਿਉਂਕਿ ਸਿੱਟੇ ਚੁਣਨ, ਤੂੜੀ ਤੇ ਦਾਣੇ ਵੱਖ ਕਰਨ ਅਤੇ ਥਰੇਸ ਦੀਆਂ ਚੱਟਾਨੀ ਪਹਾੜੀਆਂ ਉੱਤੇ, ਜਿੱਥੇ ਜ਼ਿੰਦਗੀ ਕਦੇ ਵੀ ਸੌਖੀ ਨਹੀਂ ਸੀ ਹੋਈ, ਦੇ ਕਈ ਪੁਸ਼ਤਾਂ ਦੇ ਦੌਰ ਵਿੱਚ ਜੋ ਕੁਝ ਬਚਿਆ ਸੀ ਉਹ ਸਖ਼ਤ ਸੀ ਤੇ ਉਸਦੀ ਜ਼ਿੰਦਗੀ ਉੱਤੇ ਘੁਟਵੀਂ ਪਕੜ ਸੀ। ਕਣਕ ਦੀ ਇੱਕ ਬੁੱਕ, ਜੋ ਉਹ ਰੋਜ਼ ਖਾਂਦਾ ਹੈ ਅਤੇ ਜੌਆਂ ਦੀਆਂ ਖੁਸ਼ਕ ਰੋਟੀਆਂ ਹੀ ਉਸਦੇ ਜਵਾਨ ਸਰੀਰ ਨੂੰ ਜ਼ਿੰਦਾ ਰੱਖਦੀਆਂ ਹਨ। ਧੌਣ ਮੋਟੀ ਤੇ ਪੱਠੇਦਾਰ ਹੈ ਅਤੇ ਇਸ ਉੱਤੇ ਅੱਲੇ ਜਖ਼ਮ ਹਨ ਜਿੱਥੇ ਕਾਂਸੀ ਦਾ ਪਹੀਆ ਰਗੜ ਖਾਂਦਾ ਰਹਿੰਦਾ ਹੈ।......ਚਿਹਰਾ ਚੌੜਾ ਹੈ, ਅਤੇ ਕਿਉਂਕਿ ਨੱਕ ਇੱਕ ਵਾਰ ਕਿਸੇ ਉਵਰਸੀਅਰ ਦੇ ਡੰਡੇ ਨਾਲ ਟੁੱਟ ਗਿਆ ਸੀ। ਇਹ ਵੇਖਣ ਵਿੱਚ ਚੌੜਾ ਲਗਦਾ ਹੈ ਅਤੇ ਕਿਉਂਕਿ ਅੱਖਾਂ ਕਾਲੀਆਂ ਤੇ ਚੌੜੀਆਂ ਹਨ, ਉਹ ਭੇਡ ਵਰਗਾ ਲਗਦਾ ਹੈ।"

ਸਪਾਰਟਕਸ ਦੀ ਬਾਹਰੀ ਦਿੱਖ ਅਤੇ ਅੰਦਰੂਨੀ ਭਾਵਨਾਵਾਂ ਦੀ ਵਜਾ ਨਾਲ਼ ਉਹ ਆਪਣੇ ਸਾਥੀਆਂ ਵਿੱਚ ਹਰਮਨ ਪਿਆਰਾ ਰਹਿੰਦਾ ਹੈ। ਉਸਦੇ ਸਾਥੀ ਉਸਨੂੰ 'ਬਾਪੂ' ਕਹਿ ਕੇ ਬੁਲਾਉਂਦੇ ਹਨ। ਤੇ ਉਹ ਨਿੱਕੀ ਜਿਹੀ ਉਮਰ ਵਿੱਚ (21 ਸਾਲ) ਹੀ ਆਪਣੇ ਸਾਥੀਆਂ ਦਾ ਆਗੂ ਬਣ ਜਾਂਦਾ ਹੈ। ਜ਼ਿੰਦਗੀ ਪ੍ਰਤੀ ਉਸ ਵਿੱਚ ਇੱਕ ਅਜੀਬ ਖਿੱਚ ਹੈ। ਉਹ ਜ਼ਿੰਦਗੀ ਨੂੰ ਬਹੁਤ ਪਿਆਰ ਕਰਦਾ ਹੈ। ਅਤੇ ਹਮੇਸ਼ਾ ਆਪਣੇ ਸਾਥੀਆਂ ਦੇ ਮਨੋਬਲ ਨੂੰ ਉੱਚਾ ਰੱਖਣ ਦੀ ਕੋਸ਼ਿਸ਼ ਕਰਦਾ ਹੈ। ਕਿਉਂਕਿ ਉਸ ਨੂੰ ਉਮੀਦ ਹੈ ਕਿ ਇੱਕ ਦਿਨ ਅਜਿਹਾ ਸਮਾਂ ਆਵੇਗਾ ਜਦੋਂ ਜ਼ਿੰਦਗੀ ਬਹੁਤ ਖੂਬਸੂਰਤ ਹੋ ਜਾਵੇਗੀ ਤੇ ਸਭ ਆਜ਼ਾਦ ਰਹਿਣਗੇ। ਇਹੀ ਸੁਪਨਾ ਹੈ ਜੋ ਬਚਪਨ ਤੋਂ ਉਸਦੇ ਅੰਦਰ ਪਲ ਰਿਹਾ ਹੈ ਅਤੇ ਹੌਲੀ-ਹੌਲੀ ਜਵਾਨ ਹੁੰਦਾ ਜਾ ਰਿਹਾ ਹੈ।

ਤੀਸਰੇ ਹਿੱਸੇ ਵਿੱਚ ਲੜਾਕੇ ਗੁਲਾਮਾਂ ਦੇ ਦੋ ਜੋੜਿਆਂ ਦੀ ਲੜਾਈ ਦੀ ਕਹਾਣੀ ਨੂੰ ਰੂਪਮਾਨ ਕੀਤਾ ਗਿਆ ਹੈ ਜੋ ਕਾਇਸ ਤੇ ਉਸਦੇ ਦੋਸਤ ਬਰਾਕਸ ਵੱਲੋਂ ਦੋ ਜੋੜਿਆਂ ਨੂੰ ਮਰਦੇ ਦਮ ਤੱਕ ਲੜਦੇ ਵੇਖਣ ਦੇ ਖਬਤ ਬਾਰੇ ਹੈ। ਇਸ ਹਿੱਸੇ ਵਿੱਚ ਲੇਖਕ ਨੇ ਇਸ ਪੂਰੀ ਖੇਡ ਬਾਰੇ ਤੇ ਰੋਮਨਾਂ ਦੀ ਗੰਧਲੀ ਮਾਨਸਿਕਤਾ ਬਾਰੇ ਲਿਖਦਿਆਂ ਹੋਇਆ ਉਸ ਸਮੇਂ ਦੀਆਂ ਕੁਝ ਤਲਖ ਹਕੀਕਤਾਂ ਤੇ ਘਟਨਾਵਾਂ 'ਤੇ ਚਾਨਣ ਪਾਇਆ ਹੈ। ਕਾਇਸ ਤੇ ਬਰਾਕਸ ਲੜਨ ਲਈ ਚਾਰ ਗੁਲਾਮਾਂ ਨੂੰ ਚੁਣਦੇ ਹਨ, ਜਿਸ ਵਿੱਚ ਸਪਾਰਟਕਸ ਵੀ ਹੈ। ਦੋ ਗੁਲਾਮ ਲੜਾਈ ਦੌਰਾਨ ਮਾਰੇ ਜਾਂਦੇ ਹਨ ਇੱਕ ਗੁਲਾਮ ਇਸ ਲੜਾਈ ਵਿੱਚ ਸਪਾਰਟਕਸ ਨਾਲ ਲੜਨ ਤੋਂ ਨਾਹ ਕਰ ਦਿੰਦਾ ਹੈ ਅਤੇ ਬਗਾਵਤ ਕਰ ਦਿੰਦਾ ਹੈ। ਪਰ ਉਸ ਨੂੰ ਉੱਥੇ ਹੀ ਖ਼ਤਮ ਕਰ ਦਿੱਤਾ ਜਾਂਦਾ ਹੈ। ਇਹ ਲੜਾਈ ਹੀ ਉਸ ਬਗਾਵਤ

ਦਾ ਕਾਰਨ ਬਣਦੀ ਹੈ। ਜਿਸਦੇ ਦੁਆਲੇ ਇਹ ਪੂਰਾ ਨਾਵਲ ਘੁੰਮਦਾ ਹੈ।

ਗੁਲਾਮਾਂ ਦੀ ਮਾਨਸਿਕਤਾ ਤੇ ਉਹਨਾਂ ਦੀ ਦਸ਼ਾ ਨੂੰ ਬਹੁਤ ਹੀ ਮਾਰਮਿਕ ਢੰਗ ਨਾਲ ਚਿਤਰਿਆ ਗਿਆ ਹੈ। ਕਿਤੇ-ਕਿਤੇ ਕੁਝ ਪੰਕਤੀਆਂ ਇਸ ਤਰ੍ਹਾਂ ਦਾ ਅਸਰ ਕਰਦੀਆਂ ਹਨ ਕਿ ਹਰ ਪਾਠਕ ਨੂੰ ਅੰਦਰੋਂ ਝੰਜੋੜ ਦਿੰਦੀਆਂ ਹਨ ਤੇ ਉਸਨੂੰ ਅਜਿਹੇ ਪ੍ਰਬੰਧ ਨਾਲ ਨਫ਼ਰਤ ਕਰਨ ਲਈ ਮਜਬੂਰ ਕਰ ਦਿੰਦੀਆਂ ਹਨ। ਅਜਿਹੇ ਅਣਮਨੁੱਖੀ ਹਾਲਤਾਂ ਵਿੱਚ ਰਹਿੰਦੇ ਹੋਏ ਵੀ ਗੁਲਾਮਾਂ ਵਿੱਚ ਇੱਕ ਅਜੀਬ ਕਸ਼ਿਸ਼ ਤੇ ਜੀਣ ਪ੍ਰਤੀ ਆਸ ਬਾਕੀ ਰਹਿੰਦੀ ਹੈ। "ਉਹ ਇਸ ਅਸਲੀਅਤ ਬਾਰੇ ਡੂੰਘੀ ਸੋਚ ਵਿੱਚ ਹੈ ਕਿ ਸਾਰੇ ਆਦਮੀ, ਭਾਵੇਂ ਉਹ ਬਹੁਤ ਹੀ ਨਿਮਾਣੇ ਕਿਉਂ ਨਾ ਹੋਣ, ਪਿਆਰ, ਚਾਹਤ, ਚੁੰਮਣਾ, ਖੇਡ, ਖੁਸ਼ੀ, ਗੀਤ ਅਤੇ ਨਾਚ ਦੀਆਂ ਯਾਦਾਂ ਰੱਖਦੇ ਹਨ ਅਤੇ ਸਾਰੇ ਆਦਮੀ ਮਰਨ ਤੋਂ ਡਰਦੇ ਹਨ। ਇੱਥੋਂ ਤੱਕ ਕਿ ਜਦੋਂ ਜ਼ਿੰਦਗੀ ਫਜੂਲ ਵੀ ਹੋ ਜਾਂਦੀ ਹੈ ਉਹ ਇਸ ਨੂੰ ਚਿੰਬੜੇ ਰਹਿੰਦੇ ਹਨ। ਇੱਥੋਂ ਤੱਕ ਕਿ ਜਦੋਂ ਉਹ ਇੱਕਲੇ ਘਰ ਤੋਂ ਬਹੁਤ ਦੂਰ ਹੁੰਦੇ ਹਨ ਅਤੇ ਘਰ ਮੁੜਨ ਦੀ ਹਰ ਇੱਕ ਆਸ ਮੁੱਕ ਚੁੱਕੀ ਹੁੰਦੀ ਹੈ ਅਤੇ ਹਰ ਤਰ੍ਹਾਂ ਦੇ ਅਪਮਾਨ, ਦਰਦ ਤੇ ਜ਼ੁਲਮ ਦੇ ਅਧੀਨ ਹੁੰਦੇ ਹਨ ਤੇ ਦੂਸਰਿਆ ਦੇ ਮਜ਼ੇ ਲਈ ਲੜਨਾ ਸਿਖਾਏ ਜਾਂਦੇ ਹਨ - ਇਸ ਸਭ ਦੇ ਬਾਵਜੂਦ ਉਹ ਜ਼ਿੰਦਗੀ ਨਾਲ ਚਿੰਬੜੇ ਰਹਿੰਦੇ ਹਨ।"

ਚੌਥੇ ਅਤੇ ਪੰਜਵੇਂ ਹਿੱਸੇ ਵਿੱਚ ਕਹਾਣੀ ਆਪਣੀ ਪੂਰੀ ਰਵਾਨਗੀ ਨਾਲ਼ ਅੱਗੇ ਚਲਦੀ ਹੈ। ਇਸ ਵਿੱਚ ਗੁਲਾਮਾਂ ਦੀ ਬਗਾਵਤ ਨੂੰ ਚਿਤਰਿਆ ਗਿਆ ਹੈ। ਕਿਸ ਤਰ੍ਹਾਂ ਸਪਾਰਟਕਸ ਤੇ ਉਸਦੇ ਸਾਥੀ ਬਗਾਵਤ ਕਰਦੇ ਹਨ, ਕਿਸ ਤਰ੍ਹਾਂ ਉਹ ਰੋਮ ਦੀ ਫੌਜ ਨੂੰ ਤਬਾਹ ਕਰਦੇ ਹਨ ਅਤੇ ਕਿਸ ਤਰ੍ਹਾਂ ਉਹਨਾਂ ਨੂੰ ਰਾਜ (State) ਵਲੋਂ ਕੁਚਲਿਆ ਜਾਂਦਾ ਹੈ। ਇਹ ਹਿੱਸਾ ਨਾਵਲ ਦਾ ਦਿਲ ਹੈ, ਕੇਂਦਰੀ ਥੀਮ ਹੈ। ਇਸ ਨੂੰ ਪਾਠਕਾਂ ਦੁਆਰਾ ਖੁਦ ਹੀ ਪੜ੍ਹਿਆ ਜਾਣਾ ਚਾਹੀਦਾ ਹੈ। ਇਸ ਬਾਰੇ ਲਿਖਕੇ ਪਾਠਕਾਂ ਦੀ ਦਿਲਚਸਪੀ ਖਤਮ ਹੋਣ ਦਾ ਡਰ ਰਹਿੰਦਾ ਹੈ ਅਤੇ ਨਾਵਲ ਨਾਲ ਬੇਇਨਸਾਫ਼ੀ ਹੈ। ਇਹਨਾਂ ਦੋਹਾਂ ਹਿੱਸਿਆ ਵਿੱਚ ਗੁਲਾਮਾਂ ਅਤੇ ਰੋਮਨ ਫੌਜਾਂ ਦਾ ਟਕਰਾਅ, ਗੁਲਾਮਾਂ ਦੀਆਂ ਕੁਰਬਾਨੀਆਂ, ਰਾਜਨੀਤੀ ਤੇ ਫੌਜਾਂ ਦੇ ਜ਼ੁਲਮ ਨੂੰ ਜਿਸ ਖੂਬਸੂਰਤੀ ਤੇ ਸ਼ਿੱਦਤ ਨਾਲ਼ ਪੇਸ਼ ਕੀਤਾ ਹੈ ਉਸ ਦੀ ਸਾਹਿਤ ਵਿੱਚ ਹੋਰ ਕਿਤੇ ਕੋਈ ਮਿਸਾਲ ਨਹੀਂ ਮਿਲਦੀ। ਚੰਗੀ ਦੁਨੀਆਂ ਬਣਾਉਣ ਵਿੱਚ ਰੁੱਝੇ ਬਹਾਦਰ ਲੋਕਾਂ ਨੂੰ ਮੈਂ ਇਸ ਨਾਵਲ ਤੇ ਖਾਸ ਕਰ ਚੌਥਾ ਤੇ ਪੰਜਵਾ ਹਿੱਸਾ ਪੜ੍ਹਨ ਦੀ ਨਿੱਜੀ ਤੌਰ 'ਤੇ ਸਿਫ਼ਾਰਸ਼ ਕਰਦਾ ਹਾਂ ਤੇ ਖੁਦ ਪੜ੍ਹਕੇ ਉਸ ਦੌਰ ਦੇ ਵਰਤਾਰੇ ਨੂੰ ਮਹਿਸੂਸ ਕਰ ਸਕਣ ਦੀ ਆਜ਼ਾਦੀ ਵੀ।

ਨਾਵਲ ਦੇ ਛੇਵੇਂ ਹਿੱਸੇ ਵਿੱਚ ਸਪਾਰਟਕਸ ਤੇ ਉਸਦੇ ਸਾਥੀਆਂ ਦੀ ਬਗਾਵਤ ਕੁਚਲੇ ਜਾਣ ਤੋਂ ਬਾਅਦ ਫੜੇ ਗਏ ਡੇਢ ਹਜ਼ਾਰ ਗੁਲਾਮਾਂ ਵਿੱਚੋਂ ਆਖਰੀ ਨੂੰ ਸੂਲੀ 'ਤੇ ਚੜਾਉਣ ਦੀ ਕਹਾਣੀ ਹੈ। ਬਹੁਤ ਹੀ ਦਰਦਨਾਕ ਤਰੀਕੇ ਨਾਲ਼ ਉਸ ਨੂੰ ਸੂਲੀ 'ਤੇ ਚੜਾਇਆ ਜਾਂਦਾ ਹੈ ਜਿਸ ਦੀ ਹੂ-ਬ-ਹੂ ਤਸਵੀਰ ਖਿੱਚਣ ਵਿੱਚ ਲੇਖਕ ਪੂਰੀ ਤਰ੍ਹਾਂ ਸਫ਼ਲ ਹੋਇਆ ਹੈ। ਇਸ ਹਿੱਸੇ ਨੂੰ ਪੜ ਲੈਣ ਤੋਂ ਬਾਅਦ ਪਾਠਕ ਆਪਣੇ ਆਪ ਨੂੰ ਵਿਚਲਿਤ ਮਹਿਸੂਸ ਕਰਦਾ ਹੈ। ਪਰ ਨਾਲ਼ ਹੀ ਉਹਨਾਂ ਸੂਰਬੀਰਾਂ ਨੂੰ ਸਲਾਮ ਵੀ, ਜਿਹਨਾਂ ਦੀਆਂ ਲਾਸਾਨੀ ਸ਼ਹਾਦਤਾਂ ਦੁਆਰਾ ਹੀ ਸੰਭਵ ਹੋਇਆ ਹੈ ਕਿ ਮਨੁੱਖਤਾ ਨੇ ਗੁਲਾਮੀ ਦੇ ਕਾਲੇ ਧੱਬੇ ਨੂੰ ਆਪਣੇ ਚਿਹਰੇ ਤੋਂ ਧੋ ਦਿੱਤਾ ਹੈ। ਬੇਸ਼ਕ ਕਿ ਗੁਲਾਮੀ ਅਜੇ ਵੀ ਪੂਰੀ ਤਰ੍ਹਾਂ ਖਤਮ ਨਹੀਂ ਹੋਈ ਉਹ ਆਪਣਾ ਰੂਪ ਬਦਲ ਕੇ ਅੱਜ ਵੀ ਸਾਡੇ ਸਾਹਮਣੇ ਖੜੀ ਹੈ। ਅਜੋਕੇ ਮਜ਼ਦੂਰਾਂ ਦੀਆਂ ਹਾਲਤਾਂ ਵੀ ਉਹਨਾਂ ਗੁਲਾਮਾਂ ਨਾਲੋਂ ਕਿਸੇ ਤਰ੍ਹਾਂ ਵੀ ਵੱਖ ਨਹੀਂ ਹਨ। ਪਰ ਉਹਨਾਂ ਹਜ਼ਾਰਾਂ ਲੋਕਾਂ ਦੀਆਂ ਸ਼ਹਾਦਤਾਂ ਨੇ ਜੋ ਬੀਜ ਬੀਜੇ ਸਨ ਉਹਨਾਂ ਦੇ ਫੁੱਲਾਂ ਦੀਆਂ ਮਹਿਕਾਂ ਅੱਜ ਵੀ ਇੱਕ ਖੂਬਸੂਰਤ ਦੁਨੀਆਂ ਲਈ ਸੰਘਰਸ਼ਸ਼ੀਲ ਅਤੇ ਸਪਾਰਟਕਸ ਦਾ ਸੁਪਨਾ ਪੂਰਾ ਕਰਨ ਵਿੱਚ ਰੁੱਝੇ ਲੋਕਾਂ ਨੂੰ ਪ੍ਰੇਰਨਾ ਦਿੰਦੀਆਂ ਹਨ ਅਤੇ ਹਮੇਸ਼ਾ ਦਿੰਦੀਆਂ ਰਹਿਣਗੀਆਂ।

ਸੂਲੀ ਚੜਾਏ ਜਾਣ ਦਾ ਮਾਰਮਿਕ ਦ੍ਰਿਸ਼ ਜਿਸ ਸ਼ਿੱਦਤ ਨਾਲ਼ ਪੇਸ਼ ਕੀਤਾ ਗਿਆ ਹੈ ਉਹ ਬੇ-ਮਿਸਾਲ ਹੈ। "ਭਾਵੇਂ ਉੱਪਰ ਖਿੱਚੇ ਜਾਂਦਿਆਂ ਉਸ ਦਾ ਨੰਗਾ ਸਰੀਰ ਮਰੋੜਿਆ ਗਿਆ, ਪਰ ਉਸਦਾ ਚਿਹਰਾ ਅਡੋਲ ਰਿਹਾ। ਰੱਸੇ ਦੇ ਖਿੱਚੇ ਜਾਣ ਵੇਲੇ ਵੀ ਉਸਨੇ ਪੀੜ ਦਾ ਕੋਈ ਇਜ਼ਹਾਰ ਨਹੀਂ ਸੀ ਕੀਤਾ। ਉਹ ਉਸ ਸਮੇਂ ਵੀ ਅਹਿਲ ਤੇ ਅਡੋਲ ਲਟਕਿਆ ਰਿਹਾ, ਜਦ ਇੱਕ ਫੌਜੀ ਨੇ ਉਸ ਦੀਆਂ ਬਾਹਾਂ ਦੇ ਥੱਲਿਓ ਦੀ ਛਾਤੀ ਦੁਆਲੇ ਰੱਸੇ ਦਾ ਪਹਿਲਾ ਵਲ ਪਾਇਆ ਤੇ ਸਲੀਬ ਦੇ ਉੱਪਰਲੇ ਪਾਸੇ ਵੱਲ ਗੰਢਾਂ ਦਿੱਤੀਆਂ। ਫਿਰ ਪਹਿਲਾ ਰੱਸਾ ਜ਼ਮੀਨ ਤੇ ਵਾਪਸ ਖਿੱਚ ਲਿਆ ਗਿਆ। ਫਿਰ ਉਸਦੇ ਹੱਥਾਂ ਨੂੰ ਬੰਨ ਰਹੀ ਰੱਸੀ ਨੂੰ ਕੱਟ ਦਿੱਤਾ ਗਿਆ ਤੇ ਦੋਹਾਂ ਫੌਜੀਆਂ ਨੇ ਉਸਦੀਆਂ ਬਾਹਾਂ ਨੂੰ ਉਤਾਂਹ ਖਿੱਚ ਲਿਆ ਤੇ ਫਿਰ ਉਹਨਾਂ ਨੇ ਉਸ ਨੂੰ ਗੁੱਟਾਂ ਦੇ ਨੇੜਿਓ ਸਲੀਬ ਨਾਲ਼ ਬੰਨ ਦਿੱਤਾ। ਜਦ ਤੱਕ ਦੂਜੇ ਫੌਜੀ ਨੇ ਉਸਦੀ ਹਥੇਲੀ ਖੋਲ੍ਹ ਕੇ ਉਸ ਵਿੱਚ ਹਥੌੜੇ ਦੀ ਇੱਕੋ ਸੱਟ ਨਾਲ਼ ਕਿੱਲ ਨੂੰ ਲੱਕੜ ਦੇ ਅੰਦਰ ਤੱਕ ਨਹੀਂ ਠੋਕ ਦਿੱਤਾ ਲੜਾਕੇ ਨੇ ਪੀੜ ਦਾ ਪ੍ਰਤੀਕਰਮ ਨਹੀਂ ਦਿਖਾਇਆ। ਉਦੋਂ ਵੀ ਉਸਨੇ ਕੋਈ ਸ਼ਬਦ ਨਹੀਂ ਬੋਲਿਆ। ਨਾ ਹੀ ਉਸਨੇ ਚੀਕ ਮਾਰੀ ਪਰ ਉਸਦਾ ਚਿਹਰਾ ਹੋਰ ਖਿੱਚਿਆ ਗਿਆ ਸੀ। ਉਸ ਦੇ ਸਰੀਰ ਨੇ ਤਿੱਖੇ ਵਲ ਖਾਧੇ ਜਿਸ ਨਾਲ਼ ਉਸਦੇ ਪੱਠੇ ਉੱਭਰ ਆਏ। ਤਿੰਨ ਹੋਰ ਸੱਟਾਂ ਨੇ ਕਿੱਲ ਨੂੰ ਪੰਜ ਇੰਚ ਤੱਕ ਲੱਕੜ ਵਿੱਚ ਖੋਭ ਦਿੱਤਾ ਤੇ ਇੱਕ ਅਖੀਰਲੀ ਸੱਟ ਨਾਲ਼ ਕਿੱਲ ਦੇ ਸਿਰ ਨੂੰ ਮੋੜ ਦਿੱਤਾ ਗਿਆ ਤਾਂ ਕਿ ਹੱਥ ਨਾ ਤਿਲਕ ਸਕੇ। ਫਿਰ ਦੂਸਰੇ ਹੱਥ ਨਾਲ਼ ਵੀ ਇਸੇ ਤਰ੍ਹਾਂ ਕੀਤਾ ਗਿਆ। ਜਿਵੇਂ ਹੀ ਕਿੱਲ ਉਸਦੇ ਹੱਥ ਦੇ ਪੱਠਿਆ ਨੂੰ ਪਾੜਦਾ ਲੰਘਿਆ ਇੱਕ ਵਾਰ ਫਿਰ ਉਸਦਾ ਚਿਹਰਾ ਖਿੱਚਿਆ ਗਿਆ। ਇਸ ਪਿੱਛੋਂ ਉਹ ਪੀੜ ਨਾਲ਼ ਛਟਪਟਾਇਆ। ਪਰ ਫਿਰ ਵੀ ਉਹ ਚੀਕਿਆਂ ਨਹੀਂ ਭਾਵੇਂ ਉਸ ਦੀਆਂ ਅੱਖਾਂ ਵਿੱਚੋਂ ਅੱਥਰੂ ਤੇ ਖੁੱਲੇ ਮੂੰਹ ਵਿੱਚੋਂ ਕੁਝ ਥੁੱਕ ਡਿੱਗੀ। ਹੁਣ ਉਸਦੀ ਛਾਤੀ ਦੁਆਲੇ ਦਾ ਰੱਸਾ ਕੱਟ ਦਿੱਤਾ ਗਿਆ ਤਾਂ ਕਿ ਉਹ ਪੂਰੀ ਤਰ੍ਹਾਂ ਆਪਣੇ ਹੱਥਾਂ 'ਤੇ ਲਟਕ ਜਾਵੇ, ਸਿਰਫ਼ ਗੁੱਟਾਂ ਦੇ ਨਾਲ਼ ਬੱਝੀ ਰੱਸੀ ਰਹਿਣ ਦਿੱਤੀ ਗਈ ਤਾਂ ਕਿ ਕਿੱਲਾਂ 'ਤੇ ਬਹੁਤਾ ਭਾਰ ਨਾ ਪਵੇ। ....ਫਿਰ ਲੜਾਕਾ ਬੇਹੋਸ਼ ਹੋ ਗਿਆ।"

ਨਾਵਲ ਦਾ ਸੱਤਵਾਂ ਤੇ ਅੱਠਵਾਂ ਹਿੱਸਾ ਮੁੱਖ ਤੌਰ 'ਤੇ ਸਪਾਰਟਕਸ ਦੀ ਪਤਨੀ ਵਰੀਨੀਆ ਦੁਆਲੇ ਘੁੰਮਦਾ ਹੈ। ਸਪਾਰਟਕਸ ਦੀ ਮੌਤ ਤੋਂ ਬਾਅਦ ਕਰਾਸਸ ਉਸ ਨੂੰ ਬੰਦੀ ਬਣਾ ਲੈਂਦਾ ਹੈ। ਲੜਾਈ ਵਿੱਚ ਬੇਸ਼ਕ ਕਰਾਸਸ ਸਪਾਰਟਕਸ ਨੂੰ ਹਰਾ

ਦਿੰਦਾ ਹੈ, ਪਰ ਮਰ ਕੇ ਵੀ ਸਪਾਰਟਕਸ ਕਰਾਸਸ ਲਈ ਇੱਕ ਹਊਆ ਬਣਿਆ ਰਹਿੰਦਾ ਹੈ, ਤੇ ਕਰਾਸਸ ਕਦੇ ਵੀ ਉਸ ਤੋਂ ਜਿੱਤ ਨਾ ਸਕਿਆ। ਆਪਣੇ ਜ਼ਿਹਨ ਅੰਦਰਲੀ ਇਸ ਭਾਵਨਾ ਤੋਂ ਬਚਣ ਲਈ ਅਤੇ ਕਿਸੇ ਵੀ ਤਰੀਕੇ ਨਾਲ਼ ਸਪਾਰਟਕਸ ਨੂੰ ਬੇਜ਼ਿਤ ਕਰਨ ਦੀ ਕੋਸ਼ਿਸ਼ ਵਿੱਚ ਉਹ ਵਰੀਨੀਆਂ ਨੂੰ ਬੰਦੀ ਬਣਾ ਲੈਂਦਾ ਹੈ ਤੇ ਉਸ ਨੂੰ ਮਜ਼ਬੂਰ ਕਰਦਾ ਹੈ ਕਿ ਉਹ ਸਪਾਰਟਕਸ ਨੂੰ ਭੁੱਲ ਕੇ ਉਸ ਨੂੰ ਪਿਆਰ ਕਰੇ। ਵਰੀਨੀਆਂ ਨੂੰ ਉਹ ਇੱਕ ਸ਼ਹਿਜ਼ਾਦੀ ਵਜੋਂ ਰੱਖਦਾ ਹੈ ਅਤੇ ਆਪਣੀ ਪੂਰੀ ਦੌਲਤ ਨਾਲ਼ ਉਸਨੂੰ ਭਰਮਾਉਣ ਦੀ ਕੋਸ਼ਿਸ਼ ਕਰਦਾ ਹੈ। ਪਰ ਵਰੀਨੀਆ ਉਸ ਨੂੰ ਕਦੇ ਵੀ ਸਫ਼ਲ ਨਹੀਂ ਹੋਣ ਦਿੰਦੀ।

ਉਧਰ ਗਰਾਕਸ ਜੋ ਕਿ ਰਾਜਨੀਤਿਕ ਤੌਰ 'ਤੇ ਸਪਾਰਟਕਸ ਦਾ ਵਿਰੋਧੀ ਹੈ ਪਰ ਦਿਲੋਂ ਉਸਦੀ ਇੱਜ਼ਤ ਕਰਦਾ ਹੈ। ਉਹ ਵਰੀਨੀਆਂ ਨੂੰ ਕਰਾਸਸ ਦੇ ਚੁੰਗਲ 'ਚੋਂ ਛੁਡਾ ਕੇ ਉਸ ਨੂੰ ਆਜ਼ਾਦ ਕਰ ਦਿੰਦਾ ਹੈ। ਅਤੇ ਇਸ ਤਰ੍ਹਾਂ ਵਰੀਨੀਆ ਸਪਾਰਟਕਸ ਨੂੰ ਦਿੱਤਾ ਆਪਣਾ ਵਚਨ ਕਿ ਉਹ ਕਿਸੇ ਵੀ ਹਾਲਤ ਵਿੱਚ ਜਿਉਂਦੀ ਰਹੇਗੀ ਤੇ ਸੁਪਨੇ ਦੇਖਦੀ ਹੋਈ ਖੂਬਸੂਰਤ ਜ਼ਿੰਦਗੀ ਦੀ ਉਡੀਕ ਕਰੇਗੀ, ਨਿਭਾਉਂਦੀ ਹੈ।

ਕਹਾਣੀ, ਵਿਸ਼ਾ-ਵਸਤੂ ਅਤੇ ਇੱਕ ਨਾਜ਼ੁਕ ਵਿਸ਼ੇ ਨੂੰ ਅੰਤਾਂ ਦੀ ਖੂਬਸੂਰਤੀ ਅਤੇ ਸ਼ਿੱਦਤ ਨਾਲ਼ ਨਿਭਾ ਸਕਣ ਦੀ ਕਲਾ ਦੇ ਨਾਲ਼-ਨਾਲ਼ ਨਾਵਲ ਵਿੱਚ ਕੁਝ ਹੋਰ ਵੀ ਵਿਸ਼ੇਸ਼ਤਾਈਆਂ ਹਨ, ਜਿਹਨਾਂ ਦਾ ਜ਼ਿਕਰ ਕਰੇ ਬਿਨਾਂ ਇਸ ਲੇਖ ਦਾ ਕੋਈ ਮਹੱਤਵ ਨਹੀਂ ਰਹਿ ਜਾਂਦਾ। ਲੇਖਕ ਨੇ ਘਟਨਾਵਾਂ ਅਤੇ ਪਾਤਰਾਂ ਦਾ ਚਿਤਰਣ ਕਰਦੇ ਸਮੇਂ ਦਵੰਦਵਾਦੀ ਨਜ਼ਰੀਆ ਅਪਣਾਇਆ ਹੈ ਜੋ ਕਿ ਇਸ ਨੂੰ ਆਮ ਆਦਰਸ਼ਵਾਦੀ ਲਿਖਤਾਂ ਤੋਂ ਵੱਖ ਕਰਦਾ ਹੈ। ਉਦਾਹਰਣ ਵਜੋਂ ਜਦੋਂ ਸਪਾਰਟਕਸ ਅਤੇ ਉਸਦੇ ਸਾਥੀ ਰੋਮਨ ਫੌਜ ਦੇ ਕੁਝ ਸਿਪਾਹੀਆਂ ਨੂੰ ਜਿਉਂਦੇ ਫੜ ਲੈਂਦੇ ਹਨ ਤਾਂ ਸਪਾਰਟਕਸ ਉਹਨਾਂ ਨੂੰ ਆਪਸ ਵਿੱਚ ਲੜਾਉਣ ਦਾ ਪ੍ਰਸਤਾਵ ਰੱਖਦਾ ਹੈ, ਜਿਵੇਂ ਕਿ ਉਹਨਾਂ ਦੇ ਮਾਲਿਕ ਗੁਲਾਮਾਂ ਨੂੰ ਲੜਾਇਆ ਕਰਦੇ ਸਨ ਪਰ ਉਸਦਾ ਇੱਕ ਸਾਥੀ ਇਹ ਕਹਿ ਕੇ ਇਸ ਪ੍ਰਸਤਾਵ ਨੂੰ ਠੁਕਰਾ ਦਿੰਦਾ ਹੈ ਕਿ ਜੇਕਰ ਉਹਨਾਂ ਦੀ ਮਾਨਸਿਕਤਾ ਗੰਧਲੀ ਹੈ ਤਾਂ ਜ਼ਰੂਰੀ ਨਹੀਂ ਕਿ ਅਸੀਂ (ਗੁਲਾਮ) ਵੀ ਇਸੇ ਤਰ੍ਹਾਂ ਕਰੀਏ। ਇਸ ਤਰ੍ਹਾਂ ਨਾਵਲ ਵਿੱਚ ਲੇਖਕ ਨੇ ਸਪਾਰਟਕਸ ਦਾ ਚਰਿੱਤਰ-ਚਿਤਰਣ ਕਰਦੇ ਹੋਏ ਪ੍ਰਚਲਿਤ ਆਦਰਸ਼ਵਾਦੀ ਢੰਗ ਦਾ ਨਿਖੇਧ ਕੀਤਾ ਹੈ। ਇਸੇ ਤਰ੍ਹਾਂ ਗਰਾਕਸ ਦਾ ਸਪਾਰਟਕਸ ਦੀ ਪਤਨੀ ਵਰੀਨੀਆ ਨੂੰ ਕਰਾਸਸ ਦੇ ਚੁੰਗਲ 'ਚੋਂ ਛੁਡਾ ਕੇ ਆਜ਼ਾਦ ਕਰਨਾ ਵੀ ਕੁਝ ਏਹੋ ਜਿਹਾ ਹੀ ਸੰਕੇਤ ਦਿੰਦਾ ਹੈ।

ਇਸ ਲਿਖਤ ਦੀ ਦੂਸਰੀ ਅਤੇ ਸਭ ਤੋਂ ਵੱਡੀ ਵਿਸ਼ੇਸ਼ਤਾ ਹੈ ਇਸਦੀ ਸਾਰਥਿਕਤਾ। ਲਗਭਗ 2080 ਸਾਲ ਪਹਿਲਾਂ ਦੀਆਂ ਇਤਿਹਾਸਿਕ ਘਟਨਾਵਾਂ 'ਤੇ ਪਾਤਰਾਂ ਨੂੰ ਪ੍ਰਤੀਕਾਂ ਵਜੋਂ ਵਰਤਦੇ ਹੋਏ ਇਸ ਅੰਦਾਜ਼ ਨਾਲ਼ ਪੇਸ਼ ਕੀਤਾ ਹੈ ਕਿ ਉਹਨਾਂ ਦੀ ਸਾਰਥਿਕਤਾ ਅਜੋਕੇ ਦੌਰ ਵਿੱਚ ਵੀ ਪੂਰੀ ਤਰ੍ਹਾਂ ਬਰਕਰਾਰ ਰਹਿੰਦੀ ਹੈ। ਉਸ ਦੌਰ ਦੇ ਗੁਲਾਮਾਂ ਅਤੇ ਅੱਜ ਦੇ ਮਜ਼ਦੂਰਾਂ ਵਿੱਚ ਕੋਈ ਬਹੁਤਾ ਫਰਕ ਨਹੀਂ ਹੈ। ਪਾਤਰਾਂ ਦੀ ਚੋਣ ਕਰਨ ਵੇਲੇ ਵੀ ਬਿਲਕੁਲ ਏਹੀ ਤਰੀਕਾ ਅਪਣਾਇਆ ਗਿਆ ਹੈ। ਸਾਰੇ ਪਾਤਰਾਂ ਦੀ ਚੋਣ ਇਸ ਸੁਚੱਜੇ ਢੰਗ ਨਾਲ਼ ਕੀਤੀ ਗਈ ਹੈ ਕਿ ਉਹ ਉਸ ਸਮੇਂ ਤੋਂ ਅੱਜ ਤੱਕ ਦੇ ਹਰ ਦੌਰ ਵਿੱਚ ਲੋਕਾਂ ਦੇ ਕੁਝ ਖਾਸ ਸਮੂਹਾਂ ਦੀ ਪ੍ਰਤੀਨਿਧਤਾ ਕਰਦੇ ਹਨ। ਜਿਵੇਂ ਕਿ ਸਪਾਰਟਕਸ ਅਤੇ ਉਸਦੇ ਸਾਥੀ ਹਰ ਦੌਰ ਵਿੱਚ ਦੱਬੀ ਜਾਂ ਲੁੱਟੀ ਜਾਣ ਵਾਲ਼ੀ ਜਮਾਤ, ਕ੍ਰਿਆਸ਼ੀਲ ਅਤੇ ਧਾਰਾ ਦੇ ਵਿਰੁੱਧ ਵਹਿਣ ਵਾਲੇ ਵਰਗ ਦੀ ਪ੍ਰਤੀਨਿਧਤਾ ਕਰਦੇ ਹਨ ਅਤੇ ਕਰਾਸਸ ਜਿੱਥੇ ਰਾਜ ਦੀ ਤਰਜਮਾਨੀ ਕਰਦਾ ਹੈ ਉੱਥੇ ਗਰਾਕਸ ਇੱਕ ਅਜਿਹੇ ਵਰਗ ਦੀ ਪ੍ਰਤੀਨਿਧਤਾ ਕਰਦਾ ਹੈ ਜੋ ਰਾਜ ਦਾ ਅੰਗ ਹੁੰਦੇ ਹੋਏ ਵੀ ਉਸਦੀ ਵਿਰੋਧੀ ਧਿਰ ਨਾਲ਼ ਜਜ਼ਬਾਤੀ ਸਾਂਝ ਰੱਖਦਾ ਹੈ। ਕਾਇਸ ਨਾਮ ਦੇ ਪਾਤਰ ਦੀ ਚੋਣ ਬਹੁਤ ਹੀ ਖੂਬਸੂਰਤ ਤੇ ਪ੍ਰਤੀਕਾਤਮਕ ਢੰਗ ਨਾਲ਼ ਕੀਤੀ ਗਈ ਹੈ। ਕਾਇਸ ਅਮੀਰ ਖਾਨਦਾਨਾਂ ਦੇ ਵਿਗੜੇ ਹੋਏ ਕਾਕਿਆਂ ਦੀ ਪ੍ਰਤੀਨਿਧਤਾ ਕਰਦਾ ਹੈ ਜੋ ਆਪਣੀ ਸਾਰੀ ਜ਼ਿੰਦਗੀ ਐਸ਼ੋ-ਇਸ਼ਰਤ ਵਿੱਚ ਬਿਤਾਉਣਾ ਚਾਹੁੰਦੇ ਹਨ ਤੇ ਜਿਹਨਾਂ ਦੀ ਰਾਜਨੀਤੀ ਅਤੇ ਜਮਾਤਾਂ ਦੇ ਭੇੜ ਵਿੱਚ ਕੋਈ ਦਿਲਚਸਪੀ ਨਹੀਂ ਹੁੰਦੀ। ਕਾਇਸ ਨੂੰ ਸਮਲਿੰਗੀ ਦੇ ਰੂਪ ਵਿੱਚ ਪੇਸ਼ ਕਰਨਾ ਵੀ ਕੁਝ ਏਹੋ ਜਿਹਾ ਹੀ ਇਸ਼ਾਰਾ ਕਰਦਾ ਹੈ। ਲੇਖਕ ਦੇ ਸ਼ਬਦਾਂ ਵਿੱਚ "ਆਮ ਜ਼ਿੰਦਗੀ ਵਿੱਚ ਵੀ, ਉਸ (ਕਾਇਸ) ਦੇ ਮਨ ਵਿੱਚ ਅਜਿਹੀਆਂ ਗੱਲਾਂ ਘੱਟ ਹੀ ਉਭਰਦੀਆਂ ਜੋ ਕਿਸੇ ਹੋਰ ਨੇ ਉਸ ਨੂੰ ਨਾ ਦੱਸੀਆਂ ਹੁੰਦੀਆਂ ਤੇ ਉਹ ਗੱਲਾਂ ਆਮ ਤੌਰ 'ਤੇ ਖਾਣੇ ਤੇ ਕਾਮ ਸਬੰਧੀ ਹੁੰਦੀਆਂ। ਇਹ ਇਸ ਕਰਕੇ ਨਹੀਂ ਸੀ ਕਿ ਕਾਇਸ ਕਲਪਨਾ ਨਹੀਂ ਸੀ ਕਰ ਸਕਦਾ ਜਾਂ ਉਹ ਬੇਵਕੂਫ ਸੀ, ਸਗੋਂ ਉਸਦੀ ਜ਼ਿੰਦਗੀ ਹੀ ਅਜਿਹੀ ਸੀ ਜਿਸ ਵਿੱਚ ਕਲਪਨਾਵਾਂ ਤੇ ਮੂਲ ਵਿਚਾਰਾਂ ਦੀ ਕੋਈ ਥਾਂ ਨਹੀਂ ਸੀ।"

ਕੁੱਲ ਮਿਲਾ ਕੇ ਨਾਵਲ ਜ਼ਰੂਰ ਹੀ ਪੜ੍ਹਨਯੋਗ ਹੈ। ਹਰ ਇੱਕ ਇਨਸਾਨ ਨੂੰ ਚਾਹੇ ਉਹ ਸਾਹਿਤ ਪ੍ਰੇਮੀ ਨਾ ਵੀ ਹੋਵੇ ਘੱਟੋ-ਘੱਟ ਇੱਕ ਵਾਰ ਜ਼ਰੂਰ ਹੀ ਪੜ੍ਹਨਾ ਚਾਹੀਦਾ ਹਾ। ਸਾਹਿਤਕ ਸੰਸਾਰ ਦੇ ਆਕਾਸ਼ 'ਤੇ ਧਰੂ ਤਾਰੇ ਵਾਂਗ ਚਮਕਦਾ ਹੋਇਆ ਇਹ ਨਾਵਲ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਹਮੇਸ਼ਾ ਰਾਹ ਦਿਖਾਵੇ ਦਾ ਕੰਮ ਕਰਦਾ ਰਹੇਗਾ। ਇਸ ਮਹਾਨ, ਅਦੁੱਤੀ ਰਚਨਾ ਲਈ ਹਾਵਰਡ ਫਾਸਟ, ਉਸਦੀ ਮਿਹਨਤ ਤੇ ਲਗਨ ਅਤੇ ਉਸਦੇ ਪਾਤਰਾਂ ਨੂੰ ਸਲਾਮ ਕਰਨਾ ਬਣਦਾ ਹੈ।

ਲਗਭਗ 56 ਸਾਲਾਂ ਬਾਅਦ ਇਸ ਮਹਾਨ ਲਿਖਤ ਦਾ ਪੰਜਾਬੀ ਵਿੱਚ ਅਨੁਵਾਦ ਹੋਣਾ, ਪੰਜਾਬੀ ਲੇਖਕਾਂ ਤੇ ਪਾਠਕਾਂ ਦੀ 'ਸਾਹਿਤਕ ਸੂਝ-ਬੂਝ' 'ਤੇ ਚੰਗੇਰੇ ਸਾਹਿਤ ਪ੍ਰਤੀ 'ਅਸੀਮ ਮੋਹ' ਦਾ ਜਿਉਂਦਾ ਜਾਗਦਾ ਸਬੂਤ ਹੈ। ਫਿਰ ਵੀ ਦੇਰ ਆਇਦ-ਦਰੁਸਤ ਆਏ ਦੇ ਕਹਿਣ ਮੁਤਾਬਕ ਇਸਦਾ ਸਵਾਗਤ ਕਰਨਾ ਬਣਦਾ ਹੈ ਅਤੇ ਇਸ ਸ਼ਲਾਘਾਯੋਗ ਉੱਦਮ ਲਈ ਸ਼ਹੀਦ ਕਾ. ਬਾਬਾ ਬੂਝਾ ਸਿੰਘ ਯਾਦਗਾਰੀ ਪ੍ਰਕਾਸ਼ਨ, ਅਨੁਵਾਦਕ ਸਤਨਾਮ ਅਤੇ ਉਹਨਾਂ ਦੀ ਪੂਰੀ ਟੀਮ ਵਧਾਈ ਦੀ ਪਾਤਰ ਹੈ।

ਅੰਤਿਕਾ ਵਜੋਂ ਉਹ ਸ਼ਬਦ ਜੋ ਲੇਖਕ ਨੇ ਨਾਵਲ ਨੂੰ ਸਮਰਪਿਤ ਕਰਦਿਆ ਲਿਖੇ। "...ਇਹ ਉਹਨਾਂ ਬਹਾਦਰ ਆਦਮੀਆਂ ਤੇ ਔਰਤਾਂ ਦੀ ਕਹਾਣੀ ਹੈ ਜੋ ਬਹੁਤ ਸਮਾਂ ਪਹਿਲਾਂ ਹੋਏ ਅਤੇ ਜਿਹਨਾਂ ਦੇ ਨਾਂ ਕਦੇ ਵੀ ਭੁਲਾਏ ਨਹੀਂ ਗਏ। ਇਸ ਕਹਾਣੀ ਦੇ ਮੁੱਖ ਪਾਤਰਾਂ ਨੇ ਇਨਸਾਨੀ ਉੱਚਤਾ ਨੂੰ ਪਿਆਰਿਆ

(ਬਾਕੀ ਸਫ਼ਾ 15 'ਤੇ)

੧੨. ਕਿਉਂ ਮਾਓਵਾਦ	੧੦ ਰੁਪਏ
੧੩. ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦਾ ਵਿਚਾਰਧਾਰਕ ਵਿਕਾਸ (ਪ੍ਰੋਫੈਸਰ ਬਿਪਨ ਚੰਦਰਾ)	੧੦ ਰੁਪਏ
੧੪. ਮਜ਼ਦੂਰਾਂ ਦੇ ਖੂਨ ਨਾਲ ਲਿਖੀ ਪੈਰਿਸ ਕਮਿਊਨ ਦੀ ਅਮਰ ਕਹਾਣੀ	੧੦ ਰੁਪਏ
੧੫. ਬੁਝ ਨਹੀਂ ਸਕਦੀ ਅਕਤੂਬਰ ਇਨਕਲਾਬ ਦੀ ਮਸ਼ਾਲ	੧੦ ਰੁਪਏ
੧੬. ਵਿਦਿਆਰਥੀ-ਨੌਜਵਾਨ ਨਵੀਂ ਸ਼ੁਰੂਆਤ ਕਿੱਥੋਂ ਕਰਨ	੧੦ ਰੁਪਏ
੧੭. ਇਨਕਲਾਬ ਦਾ ਸੁਨੇਹਾ (ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੀਆਂ ਚੋਣਵੀਆਂ ਲਿਖਤਾਂ)	੨੦ ਰੁਪਏ
੧੮. ਰਾਜਨੀਤਕ ਅਰਥਸ਼ਾਸਤਰ ਦੇ ਮੂਲ ਸਿਧਾਂਤ (ਦੀ ਸ਼ੰਘਾਈ ਟੈਕਸਟ ਬੁੱਕ ਆਫ ਪੋਲੀਟੀਕਲ ਇਕਾਨਮੀ)	੬੦ ਰੁਪਏ
੧੯. ਇਨਕਲਾਬੀ ਲਹਿਰ ਦਾ ਸਿਧਾਂਤਕ ਵਿਕਾਸ (ਸ਼ਿਵ ਵਰਮਾ)	੧੦ ਰੁਪਏ
੨੦. ਰਿਜ਼ਰਵੇਸ਼ਨ ਪੱਖ, ਵਿਪੱਖ ਅਤੇ ਤੀਸਰਾ ਪੱਖ	੫ ਰੁਪਏ
੨੧. ਸ਼ਹੀਦ ਸੁਖਦੇਵ ਨੌਘਰੇ ਤੋਂ ਫਾਂਸੀ ਤੱਕ	੨੦ ਰੁਪਏ
੨੨. ਭਗਤ ਸਿੰਘ ਨੇ ਕਿਹਾ...	੦੫ ਰੁਪਏ
੨੩. ਸ਼ਹੀਦ ਕਰਤਾਰ ਸਿੰਘ ਸਰਾਭਾ	੦੫ ਰੁਪਏ
੨੪. ਮੈਂ ਨਾਸਤਿਕ ਕਿਉਂ ਹਾਂ? (ਭਗਤ ਸਿੰਘ)	੦੫ ਰੁਪਏ
੨੫. ਮਾਓ ਜ਼ੇ-ਤੁੰਗ ਦੀਆਂ ਫ਼ਲਸਫ਼ਾਨਾ ਲਿਖ਼ਤਾਂ	੨੫ ਰੁਪਏ
੨੬. ਦਹਿਸ਼ਤਗਰਦੀ ਬਾਰੇ ਭਰਮ ਅਤੇ ਯਥਾਰਥ	੧੦ ਰੁਪਏ
੨੭. ਲੈਨਿਨਵਾਦ ਦੀਆਂ ਨੀਹਾਂ (ਸਟਾਲਿਨ)	੨੦ ਰੁਪਏ
੨੮. ਭਾਰਤੀ ਖੇਤੀ ਵਿੱਚ ਪੂੰਜੀਵਾਦੀ ਵਿਕਾਸ	੨੦ ਰੁਪਏ

ਦਸਤਕ ਪ੍ਰਕਾਸ਼ਨ

੧. ਥੀਏਟਰ ਦਾ ਸੰਖੇਪ ਤਰਕਸ਼ਾਸਤਰ (ਬਰਤੋਲਤ ਬ੍ਰੈਖ਼ਤ)	੧੫ ਰੁਪਏ
੨. ਅਈਜ਼ੇਂਸਤਾਈਨ ਦਾ ਫ਼ਿਲਮ ਸਿਧਾਂਤ ਅਤੇ ਰਚਨਾਤਮਕ ਪ੍ਰਯੋਗ	੧੫ ਰੁਪਏ
੩. ਮਜ਼ਦੂਰ ਜਮਾਤੀ ਸੰਗੀਤ ਰਚਨਾਵਾਂ ਦੀਆਂ ਸਮੱਸਿਆਵਾਂ	੧੦ ਰੁਪਏ
੪. ਪਹਿਲਾ ਅਧਿਆਪਕ (ਨਾਵਲ) (ਚੰਗੀਜ਼ ਆਇਤਮਾਤੋਵ)	੨੦ ਰੁਪਏ
੫. ਸ਼ੋਲੋਖੋਵ ਦੀਆਂ ਕਹਾਣੀਆਂ	੩੦ ਰੁਪਏ
੬. ਸ਼ਾਂਤ ਸਰਘੀ ਵੇਲਾ (ਬੋਰਿਸ ਵਾਸੀਲਿਯੇਵ)	੩੦ ਰੁਪਏ

ਕਿਤਾਬਾਂ ਮਨੁੱਖ ਦੁਆਰਾ ਸਿਰਜਿਆ ਸਭ ਤੋਂ ਵੱਡਾ ਚਮਤਕਾਰ ਹੈ—ਮੈਕਸਿਮ ਗੋਰਕੀ

(**ਸਫ਼ਾ 20 ਦਾ ਬਾਕੀ**)

30 ਵਰ੍ਹਿਆਂ ਵਿੱਚ ਤਿੰਨ ਕਰੋੜ ਬੱਚਿਆਂ ਅਤੇ ਇਸਤਰੀਆਂ ਨੂੰ ਯੌਨ ਵਪਾਰ ਵਿੱਚ ਜ਼ਬਰੀ ਧੱਕ ਦਿੱਤਾ। ਇਹ ਗਿਣਤੀ ਉਨ੍ਹਾਂ ਇੱਕ ਕਰੋੜ ਵੀਹ ਲੱਖ ਅਫਰੀਕੀਆਂ ਤੋਂ ਕਿਤੇ ਜ਼ਿਆਦਾ ਹੈ ਜੋ 16ਵੀਂ ਤੋਂ 19ਵੀਂ ਸਦੀ ਵਿੱਚ ਗੁਲਾਮਾਂ ਦੇ ਤੌਰ 'ਤੇ ਵੇਚ ਦਿੱਤੇ ਗਏ ਸਨ। ਇੱਕਲੇ ਭਾਰਤ ਵਿੱਚ ਲੱਗਭੱਗ ਤਿੰਨ ਲੱਖ ਬੱਚਿਆਂ ਨੂੰ ਬਾਲ ਯੌਨ ਕਾਰੋਬਾਰ ਵਿੱਚ ਇਸਤੇਮਾਲ ਕੀਤਾ ਜਾ ਰਿਹਾ ਹੈ। ਇੱਕ ਹੋਰ ਅੰਕੜੇ ਮੁਤਾਬਿਕ ਸੰਸਾਰ ਪੱਧਰ 'ਤੇ ਬੱਚਿਆਂ ਦੀ ਖਰੀਦੋ ਫਰੋਖਤ ਦੀ ਮੰਡੀ 42 ਹਜਾਰ ਕਰੋੜ ਰੁਪਏ ਸਾਲਾਨਾ ਹੈ।

(**ਸਫ਼ਾ 8 ਦਾ ਬਾਕੀ**)

ਰਸਤਿਆਂ ਵੱਲ ਖਿੱਚੇ ਜਾਂਦੇ ਹਨ। ਭਾਰਤ ਵਿੱਚ ਸੱਤਾ ਦੁਆਰਾ ਜ਼ਬਰ ਦਾ ਸ਼ਿਕਾਰ ਕਿਰਤੀ ਲੋਕਾਈ ਅਤੇ ਘੱਟ ਗਿਣਤੀ ਤਬਕਿਆਂ ਵਿੱਚ ਅਸੀਂ ਇਹ ਰੁਝਾਨ ਵੇਖ ਸਕਦੇ ਹਾਂ। ਇੱਕ ਪਾਸੇ ਤਾਂ ਕਿਰਤੀ ਲੋਕਾਂ ਵਿੱਚਲੇ ਕੁਝ ਨੌਜਵਾਨ ਵਿਦਰੋਹੀ ਜਜ਼ਬੇ ਵਜੋਂ ਇਨਕਲਾਬੀ ਦਹਿਸ਼ਤਗਰਦੀ ਦੀ ਧਾਰਾ ਵੱਲ਼ ਖਿੱਚੇ ਜਾਂਦੇ ਹਨ, ਉੱਥੇ ਘੱਟ ਗਿਣਤੀ ਤਬਕੇ ਦੇ ਕੁਝ ਨੌਜਵਾਨ ਧਾਰਮਿਕ ਕੱਟੜਪੰਥ ਵੱਲ਼। ਕਹਿਣ ਦੀ ਲੋੜ ਨਹੀਂ ਹੈ ਕਿ ਧਾਰਮਿਕ ਕੱਟੜਪੰਥੀ ਦਹਿਸ਼ਤਗਰਦੀ ਇੱਕ ਉਲ਼ਟ ਇਨਕਲਾਬੀ ਦਹਿਸ਼ਤਗਰਦੀ ਹੈ ਅਤੇ ਲੋਕਾਂ ਦੀ ਜਮਾਤੀ ਚੇਤਨਾ ਨੂੰ ਖੁੰਢਾ ਕਰਦੇ ਹੋਏ ਉਹਨਾਂ ਨੂੰ ਖੂਹ ਦੇ ਡੱਡੂਪੁਣੇ ਅਤੇ ਮੁੜ-ਸੁਰਜੀਤੀ ਦੇ ਟੋਏ ਵਿੱਚ ਧੱਕ ਦਿੰਦੀ ਹੈ। ਇਨਕਲਾਬੀ ਦਹਿਸ਼ਤਗਰਦ ਜੱਥੇਬੰਦੀਆਂ ਵੀ ਆਪਣੇ ਸਾਰੇ ਨੇਕ ਇਰਾਦਿਆਂ ਦੇ ਬਾਵਜੂਦ ਲੋਕਾਂ ਦੇ ਸੰਘਰਸ਼ਾਂ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ। ਇਤਿਹਾਸ ਲੋਕ ਬਣਾਉਂਦੇ ਹਨ, ਕੁਝ ਕੁ ਬਹਾਦਰ ਲੋਕ ਆਪਣੇ ਹਥਿਆਰਾਂ ਨਾਲ਼ ਇਤਿਹਾਸ ਦੀ ਉਸਾਰੀ ਨਹੀਂ ਕਰ ਸਕਦੇ।

ਇਸ ਕਾਨੂੰਨ ਦੇ ਨਿਸ਼ਾਨੇ 'ਤੇ ਨਕਸਲੀ ਜੱਥੇਬੰਦੀਆਂ ਵੀ ਹਨ। ਪ੍ਰਣਬ ਮੁਖਰਜੀ ਨੇ ਸਾਫ਼ ਕਿਹਾ ਸੀ ਕਿ ਇਸ ਕਾਨੂੰਨ ਦੇ ਦੋ ਟੀਚੇ ਹਨ। ਵਿਦੇਸ਼ੀ ਜ਼ਮੀਨ ਤੋਂ ਚੱਲਣ ਵਾਲ਼ੀ ਇਸਲਾਮੀ ਕੱਟੜਪੰਥੀ ਦਹਿਸ਼ਤਗਰਦੀ ਦਾ ਖ਼ਾਤਮਾ ਅਤੇ ਦੇਸੀ ਜ਼ਮੀਨ ਤੋਂ ਚੱਲਣ ਵਾਲ਼ੀ ਨਕਸਲੀ ਦਹਿਸ਼ਤਗਰਦੀ ਦਾ ਖ਼ਾਤਮਾ। ਪਰ ਇਹ ਵੀ ਸਮਝਣਾ ਜ਼ਰੂਰੀ ਹੈ ਕਿ ਨਕਸਲੀ ਜੱਥੇਬੰਦੀਆਂ ਦੀ ਰੋਕਥਾਮ ਦੇ ਨਾਂ 'ਤੇ ਸਾਰੀਆਂ ਲੋਕ ਪੱਖੀ ਅਤੇ ਇਨਕਲਾਬੀ ਜੱਥੇਬੰਦੀਆਂ ਨੂੰ ਨਿਸ਼ਾਨਾ ਬਣਾਇਆ ਜਾਵੇਗਾ ਜੋ ਲੋਕਾਂ ਨੂੰ ਲਾਮਬੰਦ ਅਤੇ ਜੱਥੇਬੰਦ ਕਰਕੇ ਢਾਂਚੇ ਅਤੇ ਸਮਾਜ ਵਿੱਚ ਬਦਲਾਅ ਦੀ ਸੋਚ ਰੱਖਦੇ ਹਨ। ਪਹਿਲਾਂ ਦੇ ਕਾਨੂੰਨਾਂ ਦੇ ਮਾਮਲੇ ਵਿੱਚ ਵੀ ਇਹ ਗੱਲ ਸਾਬਤ ਹੋਈ ਹੈ ਜਦ ਘੱਟ ਗਿਣਤੀ ਤਬਕਿਆਂ, ਖੱਬੇਪੱਖੀ ਮਾਅਰਕੇਬਾਜਾਂ, ਕੌਮੀ ਅਲਹਿਦਗੀਪਸੰਦਾਂ ਦੇ ਨਾਲ਼ ਹੀ ਸਾਰੀਆਂ ਇਨਕਲਾਬੀ ਜੱਥੇਬੰਦੀਆਂ ਨੂੰ ਨਿਸ਼ਾਨਾ ਬਣਾਇਆ ਗਿਆ।

ਕਿਰਤੀ ਲੋਕ ਅੱਜ ਗਰੀਬੀ, ਬਦਹਾਲੀ ਅਤੇ ਬੇਰੁਜ਼ਗਾਰੀ ਤੋਂ ਤੰਗ ਆ ਕੇ ਸੜਕਾਂ ਉੱਤੇ ਆ ਰਹੇ ਹਨ। ਕਿਸੇ ਇਨਕਲਾਬੀ ਅਗਵਾਈ ਦੀ ਘਾਟ ਵਿੱਚ ਲੋਕ ਚੁੱਪਚਾਪ ਨਹੀਂ ਬੈਠੇ ਹੋਏ ਹਨ। ਲੋਕਾਂ ਦੇ ਗੁੱਸੇ ਦਾ ਲਾਵਾ ਸਮੇਂ-ਸਮੇਂ 'ਤੇ ਫੁੱਟ ਕੇ ਸੜਕਾਂ 'ਤੇ ਆ ਜਾਂਦਾ ਹੈ। ਇਸਨੂੰ ਕੁਚਲ਼ਣਾ ਵੀ ਇਸ ਕਾਨੂੰਨ ਦਾ ਟੀਚਾ ਹੈ। ਭਾਵ, ਇੱਕ ਤੀਰ ਨਾਲ਼ ਕਈ ਸ਼ਿਕਾਰ। ਦਹਿਸ਼ਤਗਰਦੀ ਦੇ ਨਾਂ 'ਤੇ ਢਾਂਚੇ ਦਾ ਵਿਰੋਧ ਕਰਨ ਵਾਲ਼ੀ ਅਤੇ ਇਨਕਲਾਬੀ ਸੰਭਾਵਨਾ ਨਾਲ਼ ਲੈਸ ਹਰ ਤਾਕਤ ਦਾ ਸਫ਼ਾਇਆ-ਇਹੋ ਅਸਲੀ ਨਿਸ਼ਾਨਾ ਹੈ। ਇਹ ਗੱਲ ਸਮਝ ਲੈਣ ਦੀ ਜ਼ਰੂਰਤ ਹੈ ਕਿ ਜਦ ਤੱਕ ਕਿਸੇ ਵੀ ਪ੍ਰਕਾਰ ਦੀ ਦਹਿਸ਼ਤਗਰਦੀ ਦੇ ਮੂਲ ਕਾਰਨਾਂ ਦਾ ਹੱਲ ਨਹੀਂ ਕੀਤਾ ਜਾਂਦਾ ਉੱਦੋਂ ਤੱਕ ਕਿਸੇ ਵੀ ਸਖ਼ਤ ਕਾਨੂੰਨ, ਕਿਸੇ ਵਿਸ਼ੇਸ਼ ਹਥਿਆਰਬੰਦ ਤਾਕਤ, ਫੌਜ ਜਾਂ ਪੁਲਿਸ ਜਾਂ ਕਿਸੇ ਵੀ ਜ਼ਬਰੀ ਕਾਰਵਾਈ ਨਾਲ਼ ਜਾਂ ਉਪਰੋਂ ਕੀਤੇ ਗਏ ਕਿਸੇ ਵੀ ਫੈਸਲੇ ਨਾਲ਼ ਇਸਨੂੰ ਖਤਮ ਨਹੀਂ ਕੀਤਾ ਜਾ ਸਕਦਾ। ਇਤਿਹਾਸ ਗਵਾਹ ਹੈ ਕਿ ਅਜਿਹੇ ਜ਼ਬਰ ਨਾਲ ਦਹਿਸ਼ਤਗਰਦੀ ਹੋਰ ਵਧੀ ਹੀ ਹੈ। ਅੱਜ ਸਾਰੀ ਦੁਨੀਆਂ ਭਰ ਵਿੱਚ ਦਹਿਸ਼ਤਗਰਦੀ ਦਾ ਵਧਣਾ ਇਸੇ ਗੱਲ ਦੀ ਗਵਾਹੀ ਭਰਦਾ ਹੈ। ★ ★ ★



ਪਾਠਕਾਂ ਦੇ ਖ਼ਤ

'ਲਲਕਾਰ' ਵਪਾਰਕ, ਪੱਖਪਾਤੀ ਤੇ ਪੂੰਜੀਵਾਦੀ ਮੈਗਜ਼ੀਨਾਂ ਨਾਲ਼ੋਂ ਭਿੰਨ ਹੈ...

ਸੰਪਾਦਕੀ ਵਿਭਾਗ,
ਲਲਕਾਰ।

ਮੇਰੇ ਵਲੋਂ ਤੁਹਾਡੇ ਇਸ ਮਹਾਨ ਮੈਗਜ਼ੀਨ ਦੇ ਸੰਪਾਦਨ ਲਈ ਬਹੁਤ ਬਹੁਤ ਵਧਾਈਆਂ।

'ਲਲਕਾਰ' ਬਾਕੀ ਸਾਰੇ ਵਪਾਰਕ ਅਤੇ ਪੱਖਪਾਤੀ ਪੂੰਜੀਪਤੀ ਮੈਗਜ਼ੀਨਾਂ ਨਾਲ਼ੋਂ ਬਹੁਤ ਭਿੰਨ ਹੈ। ਜਦੋਂ ਬਾਕੀ ਮੈਗਜ਼ੀਨ ਇਸ਼ਤਿਹਾਰ ਛਾਪਣ ਵਿੱਚ ਮਸ਼ਰੂਫ਼ ਰਹਿੰਦੇ ਹਨ ਤਾਂ 'ਲਲਕਾਰ' ਪਾਸ਼ ਛਾਪਦਾ ਹੈ। ਜਾਪਦਾ ਹੈ ਤੁਸੀਂ ਮਹਾਨ ਸ਼ਹੀਦੇ-ਆਜ਼ਮ ਭਗਤ ਸਿੰਘ ਦੁਆਰਾ ਬਾਲ਼ੀ ਹੱਕ, ਸੱਚ ਅਤੇ ਇਨਸਾਫ਼ ਦੀ ਮਸ਼ਾਲ ਨੂੰ ਅੰਜਾਮ ਤੱਕ ਪਹੁੰਚਾਉਣ ਲਈ ਪ੍ਰਤੀਬੱਧ ਹੋ।

ਕੁਝ ਸ਼ਿਕਾਇਤਾਂ ਵੀ ਹਨ-

1. ਤੁਸੀ ਲਲਾਕਾਰ ਤਿਮਾਹੀ ਛਾਪਦੇ ਹੋ। ਬਹੁਤ-ਬਹੁਤ ਜ਼ਿਆਦਾ ਹੈ ਇਹ ਸਮਾਂ। ਹੋ ਸਕੇ ਤਾਂ ਮਾਸਿਕ ਕਰਨ ਦਾ ਯਤਨ ਕਰੋ। ਘੱਟ ਤੋਂ ਘੱਟ ਤੁਸੀਂ **ਦੋ ਮਹੀਨਿਆਂ** ਬਾਅਦ ਤਾਂ ਛਾਪੋ।
2. ਇਹਨਾਂ ਤਿੰਨ ਮਹੀਨਿਆਂ ਵਿੱਚ ਕਈ ਅਹਿਮ ਦਿਨ ਅਤੇ ਘਟਨਾਵਾਂ ਇੰਜ ਹੀ ਵਿਅਰਥ ਬੀਤ ਜਾਂਦੀਆਂ ਹਨ ਜੇ ਮੈਗਜ਼ੀਨ **ਦੋਮਾਹੀ** ਛਪੇਗਾ ਤਾਂ ਸਭ ਠੀਕ ਹੋ ਜਾਵੇਗਾ।
3. ਸਾਡੇ ਵਰਗੇ ਵਿਦਿਆਰਥੀ-ਨੌਜਵਾਨਾਂ ਲਈ ਸਿਰਫ਼ ਇਹੀ ਮੌਜੂਦਾ ਰਾਜਨੀਤਕ ਅਤੇ ਸਮਾਜਿਕ ਸੱਚ ਨੂੰ ਜਾਨਣ ਦਾ ਸਾਧਨ ਹੈ। ਇਸਨੂੰ ਸਾਡੇ ਸਮਝ ਆਉਣ ਜੋਗੀ ਭਾਸ਼ਾ 'ਚ ਹੀ ਛਾਪਣ ਦਾ ਯਤਨ ਕਰਨਾ।
4. ਤੁਹਾਨੂੰ ਚੰਦੇ ਕਿਵੇਂ ਭੇਜੀਏ, ਵੀ ਨਹੀਂ ਛਾਪਦੇ।

ਸਾਡੀ ਨੌਂਵੀਂ ਜਮਾਤ ਵਿੱਚ ਭਾਵੇਂ ਥੋੜਾ ਸਮਾਜਵਾਦ ਬਾਰੇ ਕੁਝ ਛਪਿਆ ਹੈ ਪਰ ਤੁਸੀਂ ਸਾਫ਼ ਅਤੇ ਵਿਸਥਾਰ 'ਚ 'ਸਮਾਜਵਾਦ ਕੀ ਹੈ' ਸਿਰਲੇਖ ਹੇਠ ਦੱਸੋ ਕਿ ਸਮਾਜਵਾਦ ਕੀ ਹੈ? ਪਰ ਜਿੰਨਾ ਵੀ ਸਮਾਜਵਾਦ ਬਾਰੇ ਲਲਕਾਰ ਤੋਂ ਜਾਣਿਆ ਹੈ, ਮੈਂ ਤੁਹਾਡੇ ਵਿਚਾਰ ਪੜ੍ਹੇ, ਮੈਂ ਤੁਹਾਡੇ ਨਾਲ਼ ਹਰ ਮੋੜ 'ਤੇ ਸਹਿਮਤ ਹਾਂ। ਸਮਾਜਵਾਦ ਹੀ ਮੌਜੂਦਾ ਗਟਰ ਚੋਂ ਸਾਨੂੰ ਕੱਢੇਗਾ। ਮੈਂ ਤਾਅ ਉਮਰ ਲਈ ਸਮਾਜਵਾਦ ਦੀ ਸਥਾਪਨਾ ਅਤੇ ਇਨਕਲਾਬੀ ਸਫ਼ਰ ਦਾ ਯਾਤਰੀ ਬਨਣਾ ਚਾਹੁੰਦਾ ਹਾਂ। ਮੇਰਾ ਮਾਰਗ ਦਰਸ਼ਨ ਕਰੋ। ਮੈਂ 17 ਸਾਲਾਂ ਦਾ ਗਿਆਰਵੀਂ ਜਮਾਤ ਦਾ ਵਿਦਿਆਰਥੀ ਹਾਂ। ਇਨਕਲਾਬ ਹਮੇਸ਼ਾਂ ਜਿੰਦਾਬਾਦ !

ਤੁਹਾਡਾ ਕਿਸ਼ੋਰ ਪਾਠਕ,
ਕੰਵਲ, ਜਿਲ੍ਹਾ- ਫਤਿਹਗੜ੍ਹ ਸਾਹਿਬ

ਹੋਟਲ ਇੰਡਸਟਰੀ ਦਾ ਸੱਚ

ਲਲਕਾਰ ਨੂੰ ਨਿਰੰਤਰ ਪੜ੍ਹਨ ਵਾਲ਼ੇ ਸੂਝਵਾਨ ਤੇ ਸਮਾਜ ਨੂੰ ਬਦਲਣ ਵਿੱਚ ਵਿਸ਼ਵਾਸ ਰੱਖਣ ਵਾਲ਼ੇ ਪਾਠਕੋ, ਮੈਂ ਵੀ ਲਲਕਾਰ ਦਾ ਇੱਕ ਪਾਠਕ ਹਾਂ।

ਲਲਕਾਰ ਮੈਗਜ਼ੀਨ ਜੋ ਕਿ ਸਾਡੇ ਅਜੋਕੇ ਸਮਾਜ ਵਿੱਚ ਚੱਲ ਰਹੀਆਂ ਗਤੀਵਿਧੀਆਂ ਤੇ ਲੋਕ ਵਿਰੋਧੀ ਸਰਮਾਏਦਾਰਾ ਸਿਸਟਮ ਦੀਆਂ ਗਤੀਵਿਧੀਆਂ ਤੇ ਸਾਜਿਸ਼ਾਂ ਨੂੰ ਨਿਰਪੱਖ ਤੇ ਨਿਰਣਾਇਕ ਰੂਪ ਵਿੱਚ ਸਾਡੇ ਸਾਹਮਣੇ ਪੇਸ ਕਰਦਾ ਹੈ ਮੈਂ ਉਸ ਰਾਹੀਂ ਆਪਣੀ ਨਿੱਜੀ ਜ਼ਿੰਦਗੀ ਦੇ ਕੁਝ ਤਜਰਬੇ ਤੇ ਹਕੀਕਤਾਂ ਨੂੰ ਤੁਹਾਡੇ ਨਾਲ਼ ਸਾਂਝਾ ਕਰਨਾ ਚਾਹੁੰਦਾ ਹਾਂ ਤਾਂ ਕਿ ਅਸੀਂ ਸਰਮਾਏਦਾਰਾਂ ਦੇ ਘਿਣਾਉਣੇ ਤੇ ਸਮਾਜ ਵਿਰੋਧੀ ਚਿਹਰੇ ਨੂੰ ਹੋਰ ਵਿਸਥਾਰ ਤੇ ਵਿਆਪਕ ਰੂਪ ਵਿੱਚ ਦੇਖ ਸਕੀਏ।

ਜਿਵੇਂ ਕਿ ਹਰ ਨੌਜਵਾਨ ਦੀ ਇੱਛਾ ਹੁੰਦੀ ਹੈ ਕਿ ਉਹ ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਆਪਣੀ ਨਿੱਜੀ ਜ਼ਿੰਦਗੀ ਵਿੱਚ ਸੈਟ ਹੋ ਜਾਵੇ ਤਾਂ ਕਿ ਇੱਕ ਅਰਾਮਦਾਇਕ ਤੇ ਵਧੀਆ ਜ਼ਿੰਦਗੀ ਬਤੀਤ ਕੀਤੀ ਜਾ ਸਕੇ। ਉਸੇ ਤਰ੍ਹਾਂ ਮੈਂ ਵੀ ਆਪਣਾ ਹੋਟਲ ਮੈਨੇਜਮੈਂਟ ਦਾ ਕੋਰਸ ਪੂਰਾ ਹੋਣ ਤੋਂ ਬਾਅਦ ਨੌਕਰੀ ਦੇ ਤਜ਼ਰਬੇ ਲਈ ਇੱਕ ਹੋਟਲ ਵਿੱਚ ਗਿਆ। ਨਵੇਂ ਸੁਪਨੇ ਤੇ ਨਵੀਂਆਂ ਉਮੀਦਾਂ ਨਾਲ਼ ਬਾਹਰੀ ਤੌਰ 'ਤੇ ਖ਼ੂਬਸੂਰਤ ਤੇ ਲੁਭਾਊ ਦਿਸਣ ਵਾਲ਼ੀ ਹੋਟਲ ਇੰਡਸਟਰੀ ਦੀ ਹਕੀਕਤ ਇਸ ਦੇ ਬਿਲਕੁਲ ਉਲ਼ਟ ਘਿਣਾਉਣੀ ਤੇ ਅਣਮਨੁੱਖੀ ਹੈ।

ਅਸੀਂ ਜਾਣਦੇ ਹਾਂ ਕਿ ਮਜ਼ਦੂਰ ਕਿਸੇ ਵੀ ਇੰਡਸਟਰੀ ਦੀ ਰੀੜ ਦੀ ਹੱਡੀ ਦੀ ਤਰ੍ਹਾਂ ਕੰਮ ਕਰਦੇ ਹਨ। ਆਪਣੀ ਮਿਹਨਤ ਮੁਸ਼ੱਕਤ ਨਾਲ਼ ਸਰਮਾਏਦਾਰਾਨਾ ਸਿਸਟਮ ਲਈ ਨਿੱਤ ਨਵੀਂਆਂ ਤੇ ਅਰਾਮਦਾਇਕ ਸਹੂਲਤਾਂ ਪ੍ਰਦਾਨ ਕਰਦੇ ਹਨ।

ਹੋਟਲ ਇੰਡਸਟਰੀ ਵਿੱਚ ਕੰਮ ਕਰਨ ਵਾਲ਼ੇ ਵਰਕਰਾਂ ਤੋਂ ਅਣਮਨੁੱਖੀ ਤਰੀਕੇ ਨਾਲ਼ ਕੰਮ ਲਿਆ ਜਾਂਦਾ ਹੈ। ਕੰਮ ਕਰਨ ਦੇ ਘੰਟੇ ਭਾਵੇਂ ਕਾਗਜ਼ੀ ਰੂਪ ਵਿੱਚ ਜ਼ਰੂਰ ਦਰਸਾਏ ਜਾਂਦੇ ਹਨ, ਪਰ ਕੰਮ ਲੈਣ ਦੀ ਕੋਈ ਸੀਮਾਂ ਨਹੀਂ ਹੁੰਦੀ। 8 ਘੰਟਿਆਂ ਤੋਂ ਲੈ ਕੇ 14-16 ਘੰਟਿਆਂ ਤੱਕ ਲਗਾਤਾਰ ਕੰਮ ਲਿਆ ਜਾਂਦਾ ਹੈ। ਓਵਰ ਟਾਈਮ ਵੀ ਨਹੀਂ ਦਿੱਤਾ ਜਾਂਦਾ, ਜੇ ਦਿੱਤਾ ਜਾਂਦਾ ਹੈ ਤਾਂ ਬਹੁਤ ਘੱਟ ਤੇ ਟੁੱਟਵੇਂ ਰੂਪ ਵਿੱਚ।

ਸਰਮਾਏਦਾਰਾਨਾ ਸਿਸਟਮ ਦਾ ਇੱਕ ਹੋਰ ਤਰੀਕਾ ਹੈ ਕਿ ਸਰਮਾਏਦਾਰ ਕਦੀ ਵੀ ਆਪਣੇ ਇਲਾਕੇ ਦੇ ਲੋਕਾਂ ਨੂੰ ਨਹੀਂ ਰੱਖਦੇ ਜਾਂ ਬਹੁਤ ਘੱਟ ਰੱਖਦੇ ਹਨ। ਜੇਕਰ ਮਜ਼ਦੂਰ ਹੋਰ ਇਲਾਕੇ ਦੇ ਹੋਣਗੇ ਤਾਂ ਉਨ੍ਹਾਂ ਨੂੰ ਛਾਂਟੀ ਦਾ ਡਰ ਹਮੇਸ਼ਾਂ ਰਹਿੰਦਾ ਹੈ। ਦੂਸਰੇ ਇਲਾਕੇ ਦੇ ਮਜ਼ਦੂਰ ਇਸ ਇਲਾਕੇ ਦੀਆਂ ਭੂਗੋਲਿਕ ਤੇ ਸਮਾਜਿਕ ਸਥਿਤੀਆਂ ਤੋਂ ਅਣਜਾਣ ਹੁੰਦੇ ਹਨ। ਉਹ ਦੂਸਰੇ ਇਲਾਕੇ ਦੇ ਲੋਕਾਂ ਨਾਲ਼ ਪੂਰੀ ਤਰ੍ਹਾਂ ਘੁਲ ਮਿਲ ਨਹੀਂ ਸਕਦੇ ਤੇ ਬੋਲਚਾਲ ਤੋਂ ਡਰਦੇ ਹਨ। ਕਿਸੇ ਤਰ੍ਹਾਂ ਦੀ ਯੂਨੀਅਨ ਜਾਂ ਆਪਣੀਆਂ ਨਿੱਜੀ ਮੰਗਾਂ ਲਈ ਆਵਾਜ਼ ਨਹੀਂ ਉਠਾ ਸਕਦੇ। ਜਿਸ ਦਾ ਫਾਇਦਾ ਸਰਮਾਏਦਾਰੀ ਪੂਰੀ ਤਰ੍ਹਾਂ ਉਠਾਉਂਦੀ ਹੈ।

ਮੈਂ ਦੇਖਿਆ ਕਿ ਮਾਲਕ ਮਜ਼ਦੂਰਾਂ ਵਿੱਚ ਇੱਕ ਦੂਜੇ ਵਰਕਰ ਪ੍ਰਤੀ ਅਵਿਸ਼ਵਾਸ ਤੇ ਮਾਲਕ ਪ੍ਰਤੀ ਵਫ਼ਾਦਾਰੀ ਕਰਨ ਲਈ ਤਰ੍ਹਾਂ-ਤਰ੍ਹਾਂ ਦੇ ਹੱਥਕੰਡੇ ਵਰਤਦੇ ਹਨ, ਉਹ ਵਰਕਰਾਂ ਵਿੱਚ

ਲਾਲਚ ਤੇ ਹੋਰ ਤਰੀਕੇ ਵਰਤ ਕੇ ਫੁੱਟ ਪਾਈ ਰੱਖਦੇ ਹਨ ਤੇ ਉਨ੍ਹਾਂ ਦੀ ਭਾਈਚਾਰਕ ਸਾਂਝ ਨੂੰ ਅਲੱਗ-ਅਲੱਗ ਨੀਤੀਆਂ ਨਾਲ਼ ਤੋੜੀ ਰੱਖਦੇ ਹਨ। ਕੰਮ ਕਰਨ ਵਾਲ਼ੇ ਵਰਕਰਾਂ ਨੂੰ ਸਹੀ ਰੂਪ ਵਿੱਚ ਭੋਜਨ ਨਾ ਦੇਣਾ ਜਾਂ ਘਟੀਆ ਤੇ ਸਸਤਾ ਭੋਜਨ ਦੇਣਾ, ਘਰ ਜਾਣ ਸਮੇਂ 'ਤੇ ਛੁੱਟੀ ਨਾ ਦੇਣਾ, ਜਾਣ ਵੇਲ਼ੇ ਤਨਖ਼ਾਹ ਦਾ ਕੁੱਝ ਹਿੱਸਾ ਕੱਟ ਕੇ ਦੇਣਾ ਤਾਂ ਜੋ ਵਰਕਰ ਚਾਹੁੰਦੇ ਹੋਏ ਵੀ ਮਾਲਕ ਨੂੰ ਛੱਡ ਕੇ ਨਾ ਜਾ ਸਕਣ।

ਵਰਕਰਾਂ ਨੂੰ ਤਰ੍ਹਾਂ-ਤਰ੍ਹਾਂ ਨਾਲ਼ ਜਲੀਲ ਕੀਤਾ ਜਾਂਦਾ ਹੈ, ਜਾਤ ਪਾਤ ਤੇ ਅਣਮਨੁੱਖੀ ਅਸੱਭਿਅਕ ਗੱਲਾਂ ਨਾਲ਼। ਮੇਰੇ ਨਾਲ਼ ਕੰਮ ਕਰਨ ਵਾਲ਼ਾ ਵਰਕਰ ਜੋ ਕਿਸੇ ਹੋਰ ਜਗ੍ਹਾ ਵਧੀਆ ਤੇ ਚੰਗੀ ਨੌਂਕਰੀ ਲਈ ਜਾਣਾ ਚਾਹੁੰਦਾ ਸੀ। ਪਰ ਹੋਟਲ ਮਾਲਕ ਨੇ ਉਸ ਨੂੰ ਨਾ ਜਾਣ ਦਿੱਤਾ। ਜਦੋਂ ਉਹ ਮਜ਼ਬੂਰੀ ਵੱਸ ਚੋਰੀਉਂ ਭੱਜਣ ਲੱਗਾ ਤਾਂ ਮਾਲਕ ਵੱਲੋਂ ਪਾਲ਼ੇ ਹੋਏ ਪਾਲਤੂ ਵਫਾਦਾਰ ਕੁੱਤਿਆਂ ਨੇ ਉਸ ਨੂੰ ਫੜ ਲਿਆ। ਉਸ ਤੋਂ ਬਾਅਦ ਮਾਲਕ ਨੇ ਉਸ ਵਰਕਰ ਨਾਲ਼ ਜੋ ਕੀਤਾ ਉਹ ਕਿਸੇ ਵੀ ਸੱਭਿਅਕ ਮਨੁੱਖ ਨੂੰ ਕਦੇ ਵੀ ਨਾ ਰਾਸ ਆਵੇ।

ਮਾਲਕਾਂ ਨੇ ਉਸ ਦੇ ਪੂਰੇ ਕੱਪੜੇ ਉਤਾਰ ਕੇ ਸਿਰਫ਼ ਇੱਕਲੀ ਨਿੱਕਰ ਵਿੱਚ ਪੂਰੇ ਹੋਟਲ ਵਿੱਚੋਂ ਦੀ ਤੇ ਸਟਾਫ਼ ਦੇ ਸਾਹਮਣੇ ਸਟਾਫ ਰੂਮ ਵਿੱਚ ਜਾਣ ਲਈ ਮਜ਼ਬੂਰ ਕੀਤਾ। ਵਾਰ-ਵਾਰ ਮਿੰਨਤਾਂ ਕਰਨ ਤੇ ਰੋਣ ਦੇ ਬਾਵਜੂਦ ਮਾਲਕ ਤੇ ਕੋਈ ਅਸਰ ਨਾ ਹੋਇਆ। ਉਸ ਵੇਲ਼ੇ ਉਸ ਵਰਕਰ ਦੀ ਮਾਨਸਿਕ ਦਸ਼ਾ ਕੀ ਹੋਵੇਗੀ ਅੰਦਾਜਾ ਵੀ ਨਹੀਂ ਲਗਾਇਆ ਜਾ ਸਕਦਾ। ਜਦ ਸਾਰੇ ਵਰਕਰਾਂ ਨਾਲ਼ ਗੱਲ ਕੀਤੀ ਗਈ ਤਾਂ ਸਭ ਚੁੱਪ ਸਨ, ਉਹਨਾਂ ਦੀ ਘੁਟਣ ਤਾਂ ਮਹਿਸੂਸ ਕੀਤੀ ਜਾ ਸਕਦੀ ਸੀ, ਪਰ ਉਹ ਆਪਣੀ ਨੌਂਕਰੀ ਖੁੱਸ ਜਾਣ ਦੇ ਡਰੋਂ ਕੁਝ ਵੀ ਬੋਲਣ ਤੋਂ ਅਸਮਰੱਥ ਸਨ। ਉਨ੍ਹਾਂ ਦੇ ਇਸੇ ਡਰ ਤੇ ਮਜ਼ਬੂਰੀ ਦਾ ਫਾਇਦਾ ਮਾਲਕ ਪੂਰੀ ਤਰ੍ਹਾਂ ਲੈਂਦੇ ਹਨ।

ਬਾਹਰੀ ਤੌਰ 'ਤੇ ਖ਼ੂਬਸੂਰਤ ਤੇ ਲਭਾਉ ਦਿਖਣ ਵਾਲ਼ੀ ਇਹ ਹੋਟਲ ਇੰਡਸਟਰੀ ਅੰਦਰੂਨੀ ਤੌਰ 'ਤੇ ਕਿੰਨੀ ਗਰਕ ਚੁੱਕੀ ਹੈ ਤੁਸੀਂ ਆਪ ਹੀ ਅੰਦਾਜਾ ਲਾ ਸਕਦੇ ਹੋ।

— ਅਕਾਸ਼ਦੀਪ, ਬਠਿੰਡਾ

ਹਾਲਾਤ ਇਹ ਬੁਰੇ ਬਦਲਣਗੇ...

ਹਾਲਾਤਾਂ ਨੂੰ ਬੁਰਾ ਕਹਿ ਕੇ ਹਾਲਾਤ
ਇਹ ਬੁਰੇ ਬਦਲਣ ਤਾਂ ਨਹੀਂ ਲੱਗੇ,
ਸਿਰਫ਼ ਦੇਖਣ ਨਾਲ਼ ਹਾਲਾਤ
ਇਹ ਬੁਰੇ ਬਦਲਣ ਤਾਂ ਨਹੀਂ ਲੱਗੇ,
ਸਿਰਫ਼ ਸੋਚਣ ਨਾਲ਼ ਹਾਲਾਤ
ਇਹ ਬੁਰੇ ਬਦਲਣ ਤਾਂ ਨਹੀਂ ਲੱਗੇ,
ਪੜ੍ਹ-ਪੜ੍ਹ ਕਿਤਾਬਾਂ ਹਾਲਾਤ
ਇਹ ਬੁਰੇ ਬਦਲਣ ਤਾਂ ਨਹੀਂ ਲੱਗੇ,
ਦੋਸ਼ ਖ਼ੁਦ ਨੂੰ ਜਾਂ ਹੋਰਾਂ ਨੂੰ ਦੇ ਕੇ ਹਾਲਾਤ
ਇਹ ਬੁਰੇ ਬਦਲਣ ਤਾਂ ਨਹੀਂ ਲੱਗੇ,
ਹਲਾਤ ਇਹ ਬੁਰੇ ਬਦਲਣਗੇ
ਸਾਡੇ ਮਰੇ ਜਮੀਰ ਜਾਗਿਆਂ ਤੋਂ,
ਬੁਰੀ ਹਾਲਤ ਨਾਲ਼ ਲੜਿਆਂ ਤੋਂ,
ਸਾਡੇ ਖ਼ੁਦ ਦੇ ਬਦਲਿਆਂ ਤੋਂ,
ਕਿਉਂ ਕਿ ਹਾਲਾਤ ਸਾਡੇ ਨਾਲ਼ ਨੇ ਤੇ
ਅਸੀਂ ਪਲ-ਪਲ ਹਾਲਾਤਾਂ ਨਾਲ਼। –ਪਰਮਿੰਦਰ, ਕੋਹਾੜਾ।

'ਲਲਕਾਰ' ਇੱਕ ਸੁਪਨਾ ਹੈ, ਅਵਾਜ਼ ਹੈ...

ਸਤਿਕਾਰਯੋਗ ਸੰਪਾਦਕ ਜੀ,

ਲਲਕਾਰ ਮੈਗਜ਼ੀਨ ਦਾ ਅੰਕ ਜਨਵਰੀ-ਮਾਰਚ 2009 ਅੰਕ ਪੜ੍ਹਿਆ। ਵੈਸੇ ਮੈਂ ਸੱਤ ਅੰਕ ਪੜ੍ਹ ਚੁੱਕਿਆਂ ਹਾਂ। ਸਾਰੇ ਹੀ ਅੰਕ ਸ਼ਲਾਘਾਯੋਗ ਹਨ।

ਜਿਵੇਂ ਅਸੀਂ ਵੇਖਦੇ ਹਾਂ ਹਰ ਪਾਸੇ ਇਨਸਾਨ ਇਨਸਾਨ ਦੀ ਲੁੱਟ ਕਰਨ ਲੱਗਿਆ ਹੋਇਆ ਹੈ ਤੇ ਲੁੱਟ ਦਾ ਬੋਲਬਾਲਾ ਹੈ। ਗਰੀਬ ਇਨਸਾਨ ਦੀ ਕੋਈ ਸੁਣਦਾ ਨਹੀਂ ਨਾ ਕੋਈ ਜਿੰਦਗੀ ਹੈ। ਭਾਂਵੇਂ ਉਹ ਕਿੰਨੀ ਹੀ ਮਿਹਨਤ ਕਰ ਲਵੇ। ਉਸ ਨੂੰ ਉਸ ਦਾ ਹੱਕ ਨਹੀਂ ਮਿਲਦਾ। 61 ਸਾਲਾਂ ਦੀ ਅਜ਼ਾਦੀ ਗਰੀਬ ਮਜ਼ਦੂਰ ਤੇ ਕਿਸਾਨ ਨੂੰ ਕੋਈ ਸੁੱਖ ਨਹੀਂ ਦੇ ਸਕੀ, ਇਹ ਅਜ਼ਾਦੀ ਕੁਝ ਮੁੱਠੀ ਭਰ ਲੋਕਾਂ ਦੀ ਅਜ਼ਾਦੀ ਹੈ ਜੋ ਗਾਂਧੀ ਚਾਹੁੰਦਾ ਸੀ। ਸਗੋਂ ਕਿਰਤ ਦੀ ਲੁੱਟ ਹੀ ਹੁੰਦੀ ਆਈ ਹੈ।

ਲਲਕਾਰ ਇੱਕ ਅਵਾਜ਼ ਹੈ ਕਿਰਤੀ ਲੋਕਾਂ ਦੀ। ਲਲਕਾਰ ਇੱਕ ਤਾਕਤ ਹੈ ਗਰੀਬ ਲੋਕਾਂ ਦੀ। ਲਲਕਾਰ ਇੱਕ ਸੁਪਨਾ ਹੈ ਨੌਜਵਾਨਾਂ ਦਾ। ਜਿਹੜਾ ਵੀ ਨੌਜਵਾਨ ਲਲਕਾਰ ਪੜਦਾ ਹੈ ਉਸਦਾ ਜਮੀਰ ਜਰੂਰ ਜਾਗਦਾ ਹੈ।

ਅੰਕ ਜਨਵਰੀ-ਮਾਰਚ 09 ਰਾਹੀਂ 'ਸ਼ਹੀਦ ਭਗਤ ਸਿੰਘ ਦੇ ਸ਼ਬਦਾਂ ਵਿੱਚ ਇਨਕਲਾਬ ਦੇ ਅਰਥ' ਲੋਕਾਂ ਤੱਕ ਪਹੁੰਚਾਉਣ ਦਾ ਧੰਨਵਾਦ ਕਰਦਾ ਹਾਂ। 'ਬੰਬ ਦਾ ਫਲਸਫਾ', 'ਹਿੰਦੂਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸਿਏਸ਼ਨ ਦਾ ਮੈਨੀਫੈਸਟੋ' ਤੇ 'ਇਨਕਲਾਬ ਜਿੰਦਾਬਾਦ ਦਾ ਨਾਹਰਾ ਕਿਉਂ' ਦੇ ਇਹ ਅੰਸ਼ਾਂ ਰਾਹੀਂ ਇਹ ਅਰਥ ਚੰਗੀ ਤਰ੍ਹਾਂ ਸਮਝਾਏ ਗਏ ਹਨ।

'ਸੰਸਾਰ ਵਿਆਪੀ ਆਰਥਿਕ ਸੰਕਟ' ਦੇ ਲੇਖ ਵਿੱਚ ਪੜਿਆ ਕਿ ਆਰਥਿਕ ਸੰਕਟ ਤੋਂ ਬਚਣ ਲਈ ਅਮਰੀਕੀ ਰਾਸ਼ਟਰਪਤੀ ਰੂਜਵੇਲਟ ਬ੍ਰਿਟਿਸ਼ ਅਰਥਸ਼ਾਸਤਰੀ ਜਾਨ ਮੈਨਾਰਡ ਕੀਨਸ ਤੋਂ ਮਦਦ ਮੰਗੀ ਸੀ। ਕੀਨਸ ਨੇ 'ਕਲਿਆਣਕਾਰੀ ਰਾਜ' ਦੇ ਸਿਧਾਂਤ ਲਈ ਕੁੱਝ ਨੁਸਖੇ ਅਸਲੀਅਤ ਵਿੱਚ ਸਮਾਜਵਾਦ ਤੋਂ ਉਧਾਰ ਲਏ ਸਨ। ਇਸ ਦੀ ਜਾਣਕਾਰੀ ਲਲਕਾਰ ਮੈਗਜ਼ੀਨ ਤੋਂ ਮਿਲੀ ਕਿ ਪੂੰਜੀਵਾਦ ਜਦੋਂ ਆਪਣੇ ਹੀ ਬਣਦੇ ਸਾਮਰਾਜ ਵਿੱਚ ਫਸ ਜਾਂਦਾ ਹੈ ਤਾਂ ਸਮਾਜਵਾਦ ਦਾ ਚੰਗੀ ਸੋਚ ਦਾ ਸਹਾਰਾ ਲੈਂਦਾ ਹੈ ਪਰ ਚੰਗੀ ਸੋਚ ਨੂੰ ਅਪਨਾਉਣਾ ਨਹੀਂ ਸਾਨੂੰ ਸਮਝ ਲੈਣਾ ਚਾਹੀਦਾ ਹੈ।

ਸੱਤਿਅਮ ਕੰਪਨੀ ਦੇ ਘੋਟਾਲੇ ਦੇ ਲੇਖ ਵਿੱਚ ਲੋਕਤੰਤਰ (ਪੂੰਜੀਵਾਦ) ਦੀ ਪੋਲ ਖੋਹਲੀ ਹੋਈ ਹੈ। ਜਿਵੇਂ ਦੱਸਿਆ ਗਿਆ ਹੈ ਕਿ ਪੂੰਜੀਵਾਦ ਖ਼ੁਦ ਹੀ ਇੱਕ ਵੱਡਾ ਚੋਰ ਡਕੈਤ ਤੋਂ ਬਿਨਾਂ ਕੁਝ ਵੀ ਨਹੀਂ। ਮੁਨਾਫ਼ਾ ਕਮਾਉਣ ਦੀ ਹਵਸ ਵਿੱਚ ਸਾਰੇ ਪੂੰਜੀਪਤੀ ਆਪਣੇ ਹੀ ਬਣਾਏ ਕਾਨੂੰਨਾਂ ਨੂੰ ਤੋੜਦੇ ਹਨ। ਜਿਵੇਂ ਪ੍ਰਸਿੱਧ ਲੇਖਕ ਬਾਲਜਾਕ ਨੇ ਕਿਹਾ ਕਿ 'ਸੰਪਤੀ (ਪੂੰਜ) ਦਾ ਸਾਮਰਾਜ ਅਪਰਾਧ(ਲੁੱਟ) ਦੀ ਬੁਨਿਆਦ ਤੇ ਖੜ੍ਹਾ ਹੁੰਦਾ ਹੈ। ਇਹ ਵੀ ਲੋਕਾਂ

(ਬਾਕੀ ਸਫ਼ਾ 17 'ਤੇ)

ਸਰਗਰਮੀਆਂ

'ਸ਼ਹਾਦਤ ਦਿਵਸ' ਮੌਕੇ ਕਾਨਫਰੰਸ ਅਤੇ ਇਨਕਲਾਬੀ ਸੱਭਿਆਚਾਰਕ ਪ੍ਰੋਗਰਾਮਾਂ ਦਾ ਆਯੋਜਨ

ਲੁਧਿਆਣਾ

22 ਮਾਰਚ ਦੇ ਦਿਨ ਈ.ਡਬਲਿਊ.ਐਸ. ਕਲੋਨੀ 'ਸ਼ਹੀਦੋ ਤੁਹਾਡੇ ਕਾਜ ਅਧੂਰੇ, ਲਾ ਕੇ ਜਿੰਦੜੀਆਂ ਕਰਾਂਗੇ ਪੂਰੇ' 'ਭਗਤ ਸਿੰਘ ਦੀ ਗੱਲ ਸੁਣੋ, ਨਵੀਂ ਕ੍ਰਾਂਤੀ ਦਾ ਰਾਹ ਚੁਣੋ' 'ਇਨਕਲਾਬ ਜਿੰਦਾਬਾਦ' ਦੇ ਨਾਅਰਿਆਂ ਨਾਲ਼ ਗੂੰਜ ਉੱਠੀ। ਮੌਕਾ ਸੀ ਦੇਸ਼ ਦੇ ਮਹਾਨ ਇਨਕਲਾਬੀ ਸ਼ਹੀਦ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਦਾ 79 ਵਾਂ ਸ਼ਹਾਦਤ ਦਿਵਸ। ਇਸ ਮੌਕੇ 'ਤੇ ਨੌਜਵਾਨ ਭਾਰਤ ਸਭਾ ਅਤੇ ਕਾਰਖਾਨਾ ਮਜ਼ਦੂਰ ਯੂਨੀਅਨ ਲੁਧਿਆਣਾ ਵਲੋਂ ਉਹਨਾਂ ਦੀ ਯਾਦ ਵਿੱਚ 'ਸ਼ਹਾਦਤ ਦਿਵਸ ਕਾਨਫਰੰਸ' ਅਤੇ ਇਨਕਲਾਬੀ ਨਾਟਕਾਂ ਅਤੇ ਗੀਤਾਂ ਦੇ ਸੱਭਿਆਚਾਰਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਕਲੋਨੀ ਵਾਸੀਆਂ ਦੇ ਨਾਲ਼ ਹੀ ਲੁਧਿਆਣੇ ਦੇ ਹੋਰਨਾਂ ਇਲਾਕਿਆਂ ਤੋਂ ਵੀ ਨੌਜਵਾਨ ਅਤੇ ਮਜ਼ਦੂਰ ਸ਼ਹਾਦਤ ਦਿਵਸ ਕਾਨਫਰੰਸ ਵਿੱਚ ਹਿੱਸਾ ਲੈਣ ਪਹੁੰਚੇ।

ਪ੍ਰੋਗਰਾਮ ਦੀ ਸ਼ੁਰੂਆਤ ਮਸ਼ਾਲ ਸੱਭਿਆਚਾਰਕ ਮੰਚ ਦੇ ਕਲਾਕਾਰਾਂ ਨੇ ਇਨਕਲਾਬੀ ਗੀਤ ਪੇਸ਼ ਕਰਕੇ ਕੀਤੀ। 'ਮਸ਼ਾਲਾਂ ਬਾਲ਼ ਕੇ ਚੱਲਣਾ, ਜਦੋਂ ਤੱਕ ਰਾਤ ਬਾਕੀ ਹੈ', 'ਜਾਗੋ! ਦੁਖਿਆਰੇ ਇਨਸਾਨੋ, ਤਸਵੀਰ ਬਦਲ ਦੋ ਦੁਨੀਆ ਕੀ', 'ਜਾਰੀ ਹੈ, ਜਾਰੀ ਹੈ, ਅਭੀ ਲੜਾਈ ਜਾਰੀ ਹੈ' ਆਦਿ ਗੀਤਾਂ ਨਾਲ਼ ਕਾਨਫਰੰਸ਼ ਦੀ ਜੋਸ਼ੀਲੀ ਸ਼ੁਰੂਆਤ ਹੋਈ।

ਕਾਰਖਾਨਾ ਮਜ਼ਦੂਰ ਯੂਨੀਅਨ ਦੇ ਕਨਵੀਨਰ ਰਾਜਵਿੰਦਰ ਨੇ ਸੰਬੋਧਨ ਕਰਦਿਆਂ ਕਿਹਾ ਅਸੀਂ ਸ਼ਹੀਦਾਂ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਦਾ ਸ਼ਹਾਦਤ ਦਿਵਸ ਇੱਕ ਅਜਿਹੇ ਸਮੇਂ ਵਿੱਚ ਮਨਾ ਰਹੇ ਹਾਂ ਜਦੋਂ ਦੇਸ਼-ਦੁਨੀਆਂ ਦੇ ਲੋਕ ਬੇਹੱਦ ਭਿਅੰਕਰ ਹਾਲਾਤਾਂ ਦਾ ਸਾਹਮਣਾ ਕਰ ਰਹੇ ਹਨ। ਚਾਰੇ ਪਾਸੇ ਲੁੱਟ-ਖੋਹ ਦਾ ਰਾਜ ਹੈ। ਕਿਰਤੀ ਲੋਕਾਂ ਵਿਚਲਾ ਹਰੇਕ ਤਬਕਾ ਪਿਸ ਰਿਹਾ ਹੈ। ਸਭ ਤੋਂ ਬੁਰੀਆਂ ਹਾਲਤਾਂ ਉਹਨਾਂ ਮਜ਼ਦੂਰਾਂ ਦੀਆਂ ਹਨ ਜੋ ਸਮਾਜ ਦੀ ਹਰ ਸ਼ੈਅ ਦੀ ਸਿਰਜਣਾ ਕਰਦੇ ਹਨ। ਇਨਕਲਾਬੀਆਂ ਦਾ ਸਭ ਤੋਂ ਵੱਡਾ ਸੁਪਨਾ ਇਹਨਾਂ ਕਿਰਤੀਆਂ ਦੀ ਅਜ਼ਾਦੀ ਸੀ। ਉਹਨਾਂ ਕਿਹਾ ਕਿ ਇਨਕਲਾਬੀਆਂ ਦੇ ਸੁਪਨੇ ਅੱਜ ਵੀ ਅਧੂਰੇ ਹਨ ਇਸ ਲਈ ਅੱਜ ਦੇ ਦਿਨ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੂੰ ਸੱਚੀ ਸ਼ਰਧਾਜਲੀ ਇਹੋ ਹੋ ਸਕਦੀ ਹੈ ਕਿ ਉਹਨਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਦਾ ਦ੍ਰਿੜ ਸੰਕਲਪ ਲਈਏ।

ਮਸ਼ਾਲ ਸੱਭਿਆਚਾਰਕ ਮੰਚ ਦੇ ਕਲਾਕਾਰਾਂ ਵਲੋਂ ਦੋ ਨਾਟਕ ਵੀ ਖੇਡੇ ਗਏ। ਪ੍ਰਸਿੱਧ ਨਾਟਕਕਾਰ ਗੁਰਸ਼ਰਨ ਸਿੰਘ ਦੇ ਲਿਖੇ ਅਤੇ ਇਨਕਲਾਬੀਆਂ ਦੇ ਸੁਪਨੇ ਤਾਰ-ਤਾਰ ਹੋਣ ਦੀ ਦਰਦਨਾਕ ਦਾਸਤਾਨ ਬਿਆਨ ਕਰਦੇ ਤੇ ਸਾਰਥਕ ਹੱਲ ਸੁਝਾਉਂਦੇ ਨਾਟਕ 'ਇਨਕਲਾਬ ਜਿੰਦਾਬਾਦ' ਦੀ ਸਫ਼ਲ ਪੇਸ਼ਕਾਰੀ ਕੀਤੀ ਗਈ। ਮਹਿੰਗਾਈ ਦੀ ਮਾਰ ਝੱਲ ਰਹੇ ਗਰੀਬਾਂ ਦੀ ਕਹਾਣੀ ਬਿਆਨ ਕਰਦਾ ਨਾਟਕ 'ਸਮਰਥ ਕੋ ਨਾਹੀਂ ਦੋਸ਼ ਗੋਸਾਈਂ', ਜੋ ਕਿ ਉੱਘੇ ਮਰਹੂਮ ਨਾਟਕਕਾਰ ਸਫ਼ਦਰ ਹਾਸ਼ਮੀ ਦਾ ਲਿਖਿਆ ਹੈ, ਲੋਕਾਂ ਦੁਆਰਾ ਬੇਹੱਦ ਪਸੰਦ ਕੀਤਾ ਗਿਆ। ਦਰਸ਼ਕਾਂ ਨੇ ਜ਼ੋਰਦਾਰ ਤਾੜੀਆਂ ਨਾਲ਼ ਕਲਾਕਾਰਾਂ ਦਾ ਮਾਣ ਵਧਾਇਆ।

ਨੌਜਵਾਨ ਭਾਰਤ ਸਭਾ ਦੀ ਮੈਂਬਰ ਨਮਿਤਾ ਨੇ ਸਟੇਜ ਸੰਚਾਲਨ ਦੀ ਜਿੰਮੇਵਾਰੀ ਬੜੇ ਹੀ ਸੁਚਾਰੂ ਅਤੇ ਪ੍ਰਭਾਵਸ਼ਾਲੀ ਢੰਗ ਨਾਲ਼ ਨਿਭਾਈ। ਜ਼ੋਰਦਾਰ ਇਨਕਲਾਬੀ ਨਾਅਰਿਆਂ ਨਾਲ਼ ਕਾਨਫਰੰਸ ਦਾ ਸਮਾਪਨ ਕੀਤਾ ਗਿਆ।

ਮੰਡੀ ਗੋਬਿੰਦਗੜ੍ਹ

ਸ਼ਹਾਦਤ ਦਿਵਸ ਦੇ ਮੌਕੇ 'ਤੇ 23 ਮਾਰਚ ਨੂੰ ਨੌਜਵਾਨ ਭਾਰਤ ਸਭਾ ਦੀ ਮੰਡੀ ਗੋਬਿੰਦਗੜ੍ਹ ਇਕਾਈ ਵਲੋਂ ਵੀ ਸੰਗਤਪੁਰਾ ਮੁਹੱਲੇ ਵਿੱਚ ਇਨਕਲਾਬੀ ਨਾਟਕਾਂ ਅਤੇ ਗੀਤਾਂ ਦਾ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ ਗਿਆ। ਨੌਭਾਸ ਦੇ ਸੂਬਾ ਕਮੇਟੀ ਮੈਂਬਰ ਗੁਲਸ਼ਨ ਨੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹ ਸੱਭਿਆਚਾਰਕ ਪ੍ਰੋਗਰਾਮ ਮਹਿਜ ਮਨੋਰੰਜਨ ਲਈ ਨਹੀਂ ਕਰਵਾਇਆ ਜਾ ਰਿਹਾ ਸਗੋਂ ਇਸਦਾ ਮਕਸਦ ਤਾਂ ਲੋਕਾਂ ਨੂੰ ਇਨਕਲਾਬੀ ਸਹੀਦਾਂ ਦੇ ਵਿਚਾਰਾਂ ਤੋਂ ਜਾਣੂ ਕਰਵਾਉਣਾ ਹੈ ਤਾਂ ਜੋ ਬੇਹਤਰ ਸਮਾਜ ਦੀ ਉਸਾਰੀ ਲਈ ਉਹਨਾਂ ਤੋਂ ਪ੍ਰੇਰਣਾ ਅਤੇ ਦਿਸ਼ਾ ਹਾਸਿਲ ਕੀਤੀ ਜਾ ਸਕੇ।

ਪ੍ਰੋਗਰਾਮ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਇਨਕਲਾਬੀ ਮੈਗਜ਼ੀਨ 'ਪ੍ਰਤੀਬੱਧ' ਦੇ ਸੰਪਾਦਕ ਸੁਖਵਿੰਦਰ ਨੇ ਸੰਬੋਧਨ ਕਰਦਿਆਂ ਆਖਿਆ ਕਿ ਸ਼ਹੀਦ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੀਆਂ ਅਨੇਕਾਂ ਲਿਖਤਾਂ ਵਿੱਚੋਂ ਇਸ ਗੱਲ ਦੀ ਪੁਸ਼ਟੀ ਹੋ ਜਾਂਦੀ ਹੈ ਕਿ ਉਹਨਾਂ ਦਾ ਸੁਪਨਾ ਇੱਕ ਸਮਾਜਵਾਦੀ ਸਮਾਜ ਦੀ ਸਥਾਪਨਾ ਸੀ ਜਿੱਥੇ ਰਾਜ-ਕਾਜ ਅਤੇ ਉਤਪਾਦਨ ਦੇ ਸਾਧਨਾਂ ਉੱਤੇ ਮਜ਼ਦੂਰ ਜਮਾਤ ਦਾ ਕਬਜ਼ਾ ਹੋਵੇ। ਉਹਨਾਂ ਕਿਹਾ ਕਿ ਇਨਕਲਾਬੀਆਂ ਦੀ ਇਹ ਸਪੱਸ਼ਟ ਧਾਰਨਾ ਸੀ ਕਿ ਮਨੁੱਖ ਦੀ ਸੱਚੀ ਅਜ਼ਾਦੀ ਦਾ ਰਾਹ ਸਮਾਜਵਾਦ ਵਿੱਚੋਂ ਹੋ ਕੇ ਲੰਘਦਾ ਹੈ। ਉਹਨਾਂ ਕਿਹਾ ਕਿ ਨੌਜਵਾਨਾਂ ਅਤੇ ਮਜ਼ਦੂਰਾਂ ਦਾ ਇਹ ਫ਼ਰਜ ਹੈ ਕਿ ਉਹ ਇਨਕਲਾਬੀਆਂ ਦੇ ਵਿਚਾਰਾਂ ਦਾ ਗੰਭੀਰ ਢੰਗ ਨਾਲ਼ ਅਧਿਐਨ ਕਰਨ ਤਾਂ ਜੋ ਅੱਜ ਦੇ ਸਮਾਜ ਵਿੱਚ ਇਨਕਲਾਬੀ ਤਬਦੀਲੀ ਲਿਆਉਣ ਲਈ ਅਸੀਂ ਉਹਨਾਂ ਦੇ ਵਿਚਾਰਾਂ ਤੋਂ ਮਾਰਗ ਦਰਸ਼ਨ ਪ੍ਰਾਪਤ ਕਰ ਸਕੀਏ।

ਮੰਡੀ ਗੋਬਿੰਦਗੜ੍ਹ ਇਕਾਈ ਵੱਲੋਂ ਇਸੇ ਸ਼ਾਮ ਪਿੰਡ ਅਲੌੜ ਵਿਖੇ ਵੀ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ ਗਿਆ। ਦੋਨੋਂ ਪ੍ਰੋਗਰਾਮਾਂ ਵਿੱਚ ਮਸ਼ਾਲ ਸੱਭਿਆਚਾਰਕ ਮੰਚ ਦੁਆਰਾ ਇਨਕਲਾਬੀ ਨਾਟਕ ਅਤੇ ਗੀਤ ਪੇਸ਼ ਕੀਤੇ ਗਏ। ਦੋਨੋਂ ਹੀ ਥਾਵਾਂ 'ਤੇ ਲੋਕਾਂ ਨੇ ਦਰਸ਼ਕਾਂ ਵਜੋਂ ਭਰਵੀਂ ਹਾਜ਼ਰੀ ਲਵਾਈ। ●



ਲੁਧਿਆਣਾ ਵਿਖੇ 'ਸ਼ਹਾਦਤ ਦਿਵਸ ਕਾਨਫਰੰਸ' ਦੀਆਂ ਝਲਕੀਆਂ



ਮੰਡੀ ਗੋਬਿੰਦਗੜ੍ਹ ਵਿਖੇ ਹੋਏ ਇਨਕਲਾਬੀ ਸੱਭਿਆਚਾਰਕ ਪ੍ਰੋਗਰਾਮ ਦੀਆਂ ਝਲਕੀਆਂ

ਉੱਠੋ ! ਜਾਗੋ !! ਅੱਗੇ ਵਧੋ !!!

ਅਜ਼ਾਦੀ ਮੁਨਾਫ਼ਾਖੋਰ ਲੁਟੇਰਿਆਂ ਲਈ ! ਲੋਕਤੰਤਰ ਚੋਰਾਂ–ਮੁਫ਼ਤਖੋਰਾਂ ਲਈ !!

ਇੱਕੋ ਹੀ ਬਦਲ—ਇੱਕੋ ਹੀ ਰਾਹ

ਨਵੇਂ ਇਨਕਲਾਬ ਦੀ ਮਸ਼ਾਲ ਜਗਾਓ !

ਇਨਕਲਾਬੀ ਲੋਕ ਸਵਰਾਜ ਦਾ ਝੰਡਾ ਉੱਚਾ ਲਹਿਰਾਓ !!

15 ਅਗਸਤ, 1947 ਦੀ ਜਿਸ ਅਜਾਦੀ ਨੂੰ ਮਸ਼ਹੂਰ ਸ਼ਾਇਰ ਫੈਜ਼ ਨੇ 'ਦਾਗ-ਦਾਗ ਉਜਾਲਾ' ਕਿਹਾ ਸੀ, ਉਹ ਅੱਧੀ ਸਦੀ ਬੀਤਦੇ-ਬੀਤਦੇ ਭਾਦੋਂ ਦੀ ਮੱਸਿਆ ਦੀ ਕਾਲ਼ੀ ਰਾਤ ਵਿੱਚ ਤਬਦੀਲ ਹੋ ਚੁੱਕੀ ਹੈ। ਦੇਸ ਸੜ ਰਿਹਾ ਹੈ। ਜਾਲਮ ਨੀਰੋ ਦੀਆਂ ਭਾਰਤੀ ਔਲਾਦਾਂ ਬੰਸਰੀ ਵਜਾ ਰਹੀਆਂ ਹਨ।

ਇਤਿਹਾਸ ਦੇ ਇਸ ਮੁਸਕਿਲ ਦੌਰ ਵਿੱਚ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਸਬਦਾਂ ਨੂੰ ਦੁਹਰਾਉਂਦੇ ਹੋਏ ਅਸੀਂ ਇਨਸਾਨੀਅਤ ਦੀ ਰੂਹ ਵਿੱਚ ਹਰਕਤ ਪੈਦਾ ਕਰਨ ਲਈ ਇੱਕ ਵਾਰ ਫਿਰ ਇਨਕਲਾਬ ਦੀ ਸਪਿਰਟ ਨੂੰ ਤਾਜਾ ਕਰਨ ਦਾ ਸੱਦਾ ਦਿੰਦੇ ਹਾਂ। ਅਸੀਂ ਦੇਸੀ-ਵਿਦੇਸੀ ਪੂੰਜੀਪਤੀਆਂ ਦੇ ਜਾਬਰ ਲੁੱਟਤੰਤਰ ਨੂੰ ਤਬਾਹ-ਬਰਬਾਦ ਕਰਕੇ ਹਿੰਦ ਮਹਾਂਸਾਗਰ ਵਿੱਚ ਸੁੱਟ ਦੇਣ ਲਈ ਅਤੇ ਉਤਪਾਦਨ, ਰਾਜਕੀ ਪ੍ਰਬੰਧ ਅਤੇ ਸਮਾਜ ਦੇ ਪੂਰੇ ਢਾਂਚੇ ਉੱਤੇ ਅੱਗੇ ਵੱਧ ਕੇ ਕਬਜਾ ਕਰ ਲੈਣ ਲਈ ਕਿਰਤੀ ਲੋਕਾਂ ਨੂੰ ਆਵਾਜ਼ ਦਿੰਦੇ ਹਾਂ ਅਤੇ ਇਨਕਲਾਬੀ ਲੋਕ ਸਵਰਾਜ ਦਾ ਨਾਅਰਾ ਬੁਲੰਦ ਕਰਦੇ ਹਾਂ।

ਅਸੀਂ ਇਤਿਹਾਸ ਨੂੰ ਘੜਨ ਵਾਲ਼ੇ ਅਤੇ ਆਪਣੇ ਤਾਕਤਵਰ ਹੱਥਾਂ ਨਾਲ਼ ਸਮੇਂ ਦੇ ਪ੍ਰਵਾਹ ਨੂੰ ਮੋੜ ਦੇਣ ਵਾਲ਼ੇ ਕਿਰਤੀ ਲੋਕਾਂ, ਵਿਦਿਆਰਥੀਆਂ, ਨੌਜਵਾਨਾਂ ਦੀ ਅਣਖ ਨੂੰ ਲਲਕਾਰ ਰਹੇ ਹਾਂ ਅਤੇ ਇੱਕ ਨਵੀਂ ਮੁਸਕਿਲ ਅਤੇ ਫੈਸਲਾਕੁੰਨ ਲੜਾਈ ਦੀ ਤਿਆਰੀ ਵਿੱਚ ਸਾਮਲ ਹੋਣ ਲਈ, ਉਹਨਾਂ ਸਾਰੇ ਲੋਕਾਂ ਨੂੰ ਸੱਦਾ ਦੇ ਰਹੇ ਹਾਂ, ਜਿਨ੍ਹਾਂ ਦੀਆਂ ਆਤਮਾਵਾਂ ਜਵਾਨ ਹਨ, ਜੋ ਸੱਚੇ ਅਰਥਾਂ ਵਿੱਚ ਜਿਉਂਦੇ ਹਨ।

ਦੇਸ ਦੇ ਇਤਿਹਾਸ ਦੇ ਅਜਿਹੇ ਮੋੜ ਉੱਤੇ, ਜਦੋਂ ਸਮੇਂ ਦੇ ਗਰਭ ਵਿੱਚ ਮਹੱਤਵਪੂਰਨ ਬਦਲਾਅ ਦੇ ਬੀਜ ਪਲ਼ ਰਹੇ ਹਨ। ਅਸੀਂ ਪੂੰਜੀਵਾਦੀ ਸੰਸਦੀ ਲੋਕਤੰਤਰ ਦੀ ਖਰਚੀਲੀ ਧੋਖਾਧੜੀ ਅਤੇ ਅਖੌਤੀ ਪੰਚਾਇਤੀ ਰਾਜ ਦੇ ਕਪਟੀ ਸੋਸ਼ੇ ਨੂੰ ਸਿਰੇ ਤੋਂ ਖਾਰਿਜ ਕਰਨ ਲਈ ਉਹਨਾਂ ਸਭ ਲੋਕਾਂ ਨੂੰ ਸੱਦਾ ਦਿੰਦੇ ਹਾਂ, ਜੋ ਇਸ ਪ੍ਰਬੰਧ ਦੁਆਰਾ ਠੱਗੇ ਜਾ ਰਹੇ ਹਨ, ਲੁੱਟੇ ਜਾ ਰਹੇ ਹਨ ਅਤੇ ਅਵਾਜ਼ ਉਠਾਉਣ 'ਤੇ ਕੁਚਲੇ ਜਾ ਰਹੇ ਹਨ। ਇਸ ਪ੍ਰਬੰਧ ਵਿੱਚ ਜਿਨ੍ਹਾਂ ਦਾ ਕੋਈ ਭਵਿੱਖ ਨਹੀਂ ਹੈ, ਉਹ ਹੀ ਨਵਾਂ ਪ੍ਰਬੰਧ ਬਣਾਉਣ ਲਈ ਅੱਗੇ ਆਉਣਗੇ। ਉਹਨਾਂ ਨੂੰ ਅੱਗੇ ਆਉਣਾ ਹੀ ਪਵੇਗਾ।

ਇਨਕਲਾਬੀ ਲੋਕ ਸਵਰਾਜ ਮੁਹਿੰਮ ਇਹੋ ਸੰਦੇਸ ਦੇਸ ਦੇ ਕੋਨੇ-ਕੋਨੇ ਤੱਕ ਲੈ ਜਾਣ ਦੇ ਕੰਮ ਵਿੱਚ ਜੁਟੀ ਹੋਈ ਹੈ। ਸਾਮਰਾਜਵਾਦ ਅਤੇ ਪੂੰਜੀਵਾਦ ਦਾ ਇੱਕ-ਇੱਕ ਦਿਨ ਸਾਡੇ ਲਈ ਭਾਰਾ ਹੈ। ਇਸ ਦਾ ਨਾਸ਼ ਸਾਡੀ ਹੋਂਦ ਦੀ ਸ਼ਰਤ ਹੈ। ਇਹਨਾਂ ਵਿਰੁੱਧ ਅਸੀਂ ਇਨਕਲਾਬੀ ਲੋਕ ਸਵਰਾਜ ਦਾ ਨਾਹਰਾ ਬੁਲੰਦ ਕਰਦੇ ਹਾਂ। ਇਨਕਲਾਬੀ ਲੋਕ ਸਵਰਾਜ ਦਾ ਮਤਲਬ ਹੈ, ਉਤਪਾਦਨ, ਰਾਜਭਾਗ ਅਤੇ ਸਮਾਜ ਦੇ ਪੂਰੇ ਪ੍ਰਬੰਧ ਉੱਪਰ ਉਤਪਾਦਨ ਕਰਨ ਵਾਲ਼ੀਆਂ ਜਮਾਤਾਂ ਦਾ ਕੰਟਰੋਲ, ਫੈਸਲੇ ਦੀ ਪੂਰੀ ਤਾਕਤ ਉਹਨਾਂ ਦੇ ਹੱਥਾਂ ਵਿੱਚ ਹੋਵੇ। ਇਸ ਦਾ ਸਾਰ ਤੱਤ ਹੈ—ਸਾਰੀ ਸੱਤ੍ਹਾ ਕਿਰਤੀਆਂ ਨੂੰ ! ਇਸਦਾ ਮਤਲਬ ਹੈ— ਸੰਸਾਰ ਪੂੰਜੀਵਾਦੀ ਪ੍ਰਬੰਧ ਨਾਲ਼ ਘਿਉ-ਖਿਚੜੀ ਦੇਸੀ ਪੂੰਜੀਵਾਦੀ ਢਾਂਚੇ ਨੂੰ ਚਕਨਾਚੂਰ ਕਰਕੇ ਪੂਰੇ ਸਮਾਜ ਦੇ ਆਰਥਿਕ ਅਧਾਰ ਅਤੇ ਉੱਪਰੀ ਢਾਂਚੇ ਦੀ ਨਿਆਂ ਅਤੇ ਸਮਾਨਤਾ ਦੇ ਅਧਾਰ 'ਤੇ ਮੁੜ ਉਸਾਰੀ। . . .

. . . ਸਵਾਲ ਅੱਜ ਵਿਦੇਸ਼ੀ ਗੁਲਾਮੀ ਬਨਾਮ ਸਵਦੇਸ਼ੀ ਦਾ ਨਹੀਂ ਹੈ, ਸਗੋਂ ਸਵਾਲ ਸੰਪੂਰਨ ਪੂੰਜੀਵਾਦੀ ਪ੍ਰਬੰਧ ਨੂੰ ਨਸ਼ਟ ਕਰਨ ਦਾ ਹੈ, ਜੋ ਅਣਇਤਿਹਾਸਕ ਅਤੇ ਮਨੁੱਖ ਧਰੋਹੀ ਹੋ ਚੁੱਕਾ ਹੈ।

ਇੱਕੀਵੀਂ ਸਦੀ ਦੇ ਇਤਿਹਾਸ ਦੇ ਏਜੰਡੇ 'ਤੇ ਇਹੋ ਕੇਂਦਰੀ ਮੁੱਦਾ ਹੈ। ਇਨਕਲਾਬੀ ਲੋਕ ਸਵਰਾਜ ਦਾ ਨਾਅਰਾ ਉਸ ਪੂੰਜੀਵਾਦੀ ਸੱਤ੍ਹਾ ਨੂੰ ਉਖਾੜ ਸੁੱਟਣ ਦੇ ਲਈ ਸੰਘਰਸ਼ ਦਾ ਨਾਅਰਾ ਹੈ, ਜਿਸ ਨੇ ਦੇਸੀ ਪੂੰਜੀਪਤੀਆਂ ਦੀ ਲੁੱਟ ਦੇ ਨਾਲ਼ ਹੀ ਸਾਮਰਾਜੀ ਦੇਸ਼ਾਂ ਅਤੇ ਉਹਨਾਂ ਦੀਆਂ ਬਹੁਕੌਮੀ ਕੰਪਨੀਆਂ ਦੀ ਲੁੱਟ ਲਈ ਦੇਸ ਦੇ ਦਰਵਾਜੇ ਖੋਲ੍ਹ ਦਿੱਤੇ ਹਨ।

ਇਨਕਲਾਬੀ ਲੋਕ ਸਵਰਾਜ ਮੁਹਿੰਮ ਪੂੰਜੀਵਾਦੀ ਲੋਕਤੰਤਰ ਦੇ ਸਾਰੇ ਪਾਖੰਡਾਂ ਅਤੇ ਛਲ-ਕਪਟ ਦਾ ਭਾਂਡਾ ਭੰਨ੍ਹਦੇ ਹੋਏ ਵਰਤਮਾਨ ਸੰਸਦੀ ਪ੍ਰਣਾਲੀ ਨੂੰ ਸਿਰੇ ਤੋਂ ਖਾਰਿਜ ਕਰਦੇ ਹੋਏ ਅਤੇ ਸਰਕਾਰੀ ਪੰਚਾਇਤੀ ਰਾਜ ਦੀ ਅਸਲੀਅਤ ਨੂੰ ਸਮਝਣ ਦਾ ਸੱਦਾ ਦਿੰਦੀ ਹੈ।

ਇਨਕਲਾਬੀ ਲੋਕ ਸਵਰਾਜ ਮੁਹਿੰਮ ਵਿਆਪਕ ਤਬਦੀਲੀ ਅਤੇ ਸੰਘਰਸ਼ ਦੇ ਹਰ ਮੋਰਚੇ 'ਤੇ ਸਰਗਰਮ ਹੋਣ ਦੇ ਨਾਲ਼-ਨਾਲ਼ ਪਿੰਡ-ਪਿੰਡ ਵਿੱਚ, ਸ਼ਹਿਰਾਂ ਦੇ ਮੁਹੱਲਿਆਂ, ਬਸਤੀਆਂ ਵਿੱਚ ਲੋਕਾਂ ਦੀ ਬਦਲਵੀਂ ਸੱਤ੍ਹਾ ਦੇ ਇਨਕਲਾਬੀ ਕੇਂਦਰਾਂ ਦੇ ਰੂਪ ਵਿੱਚ ਲੋਕ ਸਵਰਾਜ ਪੰਚਾਇਤਾਂ ਬਣਾਉਣ ਦਾ ਸੱਦਾ ਦਿੰਦੀ ਹੈ।

ਅਸੀਂ ਜਾਣਦੇ ਹਾਂ, ਸਾਡਾ ਰਾਹ ਲੰਬਾ ਹੈ। ਪਰ ਇਹੋ ਇੱਕੋ ਬਦਲ ਹੈ। ਇਹੋ ਇਤਿਹਾਸ ਦਾ ਰਾਹ ਹੈ। ਇਸ ਲਈ ਸਾਡਾ ਇਹ ਸੰਗਰਾਮੀ ਸੰਕਲਪ ਹੈ ਕਿ ''ਲੋਕ ਸਵਰਾਜ ਸਾਡਾ ਜਨਮ ਸਿੱਧ ਅਧਿਕਾਰ ਹੈ ਅਤੇ ਹਰ ਕੀਮਤ 'ਤੇ ਅਸੀਂ ਉਸ ਨੂੰ ਪ੍ਰਾਪਤ ਕਰ ਕੇ ਰਹਾਂਗੇ।''

ਖ਼ਤਮ ਕਰੋ ਪੂੰਜੀ ਦਾ ਰਾਜ ! ਲੜੋ ਬਣਾਓ ਲੋਕ ਸਵਰਾਜ !!

—ਇਨਕਲਾਬੀ ਲੋਕ ਸਵਰਾਜ ਮੁਹਿੰਮ

ਇਨਕਲਾਬੀ ਲੋਕ ਸਵਰਾਜ ਮੁਹਿੰਮ ਦਾ ਹਿੱਸਾ ਬਣਨ ਲਈ ਸੰਪਰਕ ਕਰੋ—ਨੌਜਵਾਨ ਭਾਰਤ ਸਭਾ। ਫੋਨ-9888696323, 9465867264